17-APRIL-PAGE-1.qxd 4/16/2024 10:09 PM Page 1

ਬੁੱਧਵਾਰ, 17 ਅਪ੍ਰੈਲ, 2024
5 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081 }
ਜਿਲਦ/VOL. : 72
ਅੰਕ/NO. : 317

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 17 APRIL, 2024
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## 29 ਨਕਸਲੀ ਮਾਰੇ

**ਰਾਇਪੁਰ** : ਛੱਤੀਸਗੜ੍ਹ ਦੇ ਬਸਤਰ ਵਿਚ 19 ਅਪ੍ਰੈਲ ਨੂੰ ਲੋਕ ਸਭਾ ਲਈ ਪਹਿਲੇ ਗੇੜ ਦੀ ਪੋਲਿੰਗ ਤੋਂ ਪਹਿਲਾਂ ਮੰਗਲਵਾਰ ਕਾਂਕੇਰ ਜ਼ਿਲ੍ਹੇ ਵਿਚ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ 29 ਨਕਸਲੀ ਮਾਰੇ ਗਏ। ਮਾਰੇ ਜਾਣ ਵਾਲਿਆਂ ਵਿੱਚੋਂ ਸ਼ੰਕਰ ਰਾਓ 'ਤੇ 25 ਲੱਖ ਦਾ ਇਨਾਮ ਸੀ।

## ਅੱਜ ਸਰਕਾਰੀ ਛੁੱਟੀ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ 17 ਅਪ੍ਰੈਲ ਨੂੰ ਰਾਮਨੌਮੀ ਦੀ ਸਰਕਾਰੀ ਛੁੱਟੀ ਐਲਾਨੀ ਹੈ। ਸਾਰੇ ਸਰਕਾਰੀ ਅਦਾਰੇ, ਸਕੂਲ-ਕਾਲਜ ਤੇ ਹੋਰ ਅਦਾਰੇ ਬੰਦ ਰਹਿਣਗੇ। ਇਸ ਦੇ ਨਾਲ ਹੀ 21 ਅਪ੍ਰੈਲ ਨੂੰ ਮਹਾਂਵੀਰ ਜੈਅੰਤੀ ਦੀ ਛੁੱਟੀ ਵੀ ਐਲਾਨੀ ਗਈ ਹੈ।

## ਕਿਸ਼ਤੀ ਉਲਟਣ ਨਾਲ 2 ਬੱਚਿਆਂ ਸਣੇ 6 ਮੌਤਾਂ

**ਸ੍ਰੀਨਗਰ** : ਸ਼ਹਿਰ ਦੇ ਬਾਹਰਵਾਰ ਗੰਦਰਬਲ ਨੌਗਾਮ ਇਲਾਕੇ 'ਚ ਜੇਹਲਮ ਦਰਿਆ 'ਚ ਮੰਗਲਵਾਰ ਕਿਸ਼ਤੀ ਉਲਟਣ ਕਾਰਨ 2 ਬੱਚਿਆਂ ਸਣੇ 6 ਲੋਕਾਂ ਦੀ ਮੌਤ ਹੋ ਗਈ। 6 ਨੂੰ ਬਚਾ ਲਿਆ ਗਿਆ, ਜਦਕਿ 3 ਲਾਪਤਾ ਹਨ। ਡੀ ਸੀ ਨੇ ਦੱਸਿਆ ਕਿ ਕਿਸ਼ਤੀ ਵਿਚ 7 ਸਕੂਲੀ ਬੱਚੇ ਤੇ 8 ਹੋਰ ਲੋਕ ਸਵਾਰ ਸਨ। ਹਾਦਸਾ ਸਵੇਰੇ ਪੌਣੇ 8 ਤੇ 8 ਵਜੇ ਦੇ ਵਿਚਾਲੇ ਹੋਇਆ। ਮੀਂਹ ਕਾਰਨ ਦਰਿਆ ਚੜ੍ਹਿਆ ਹੋਇਆ ਸੀ।

## ਤੇਜ਼ੀ ਨਾਲ ਫੈਲ ਰਿਹਾ ਛਾਤੀ ਦਾ ਕੈਂਸਰ

**ਨਵੀਂ ਦਿੱਲੀ** : ਛਾਤੀ ਦੇ ਕੈਂਸਰ ਨਾਲ ਦੁਨੀਆ 'ਚ 2040 ਤੱਕ ਹਰ ਸਾਲ 10 ਲੱਖ ਔਰਤਾਂ ਦੀ ਮੌਤ ਹੋਣ ਦੀ ਸੰਭਾਵਨਾ ਹੈ। ਲੈਂਸੇਟ ਦੀ ਨਵੀਂ ਰਿਪੋਰਟ 'ਚ ਕਿਹਾ ਗਿਆ ਹੈ ਕਿ 2020 ਦੇ ਅੰਤ ਤੱਕ ਪੰਜ ਸਾਲਾਂ 'ਚ ਲੱਗਭੱਗ 78 ਲੱਖ ਔਰਤਾਂ 'ਚ ਛਾਤੀ ਦੇ ਕੈਂਸਰ ਦਾ ਪਤਾ ਲਗਾਇਆ ਗਿਆ ਅਤੇ ਉਸ ਸਾਲ ਲੱਗਭੱਗ 685,000 ਔਰਤਾਂ ਦੀ ਇਸ ਬਿਮਾਰੀ ਨਾਲ ਮੌਤ ਹੋ ਗਈ। ਰਿਪੋਰਟ ਦਾ ਅੰਦਾਜ਼ਾ ਹੈ ਕਿ ਵਿਸ਼ਵ ਪੱਧਰ 'ਤੇ ਛਾਤੀ ਦੇ ਕੈਂਸਰ ਦੇ ਮਾਮਲੇ 2020 'ਚ 23 ਲੱਖ ਤੋਂ ਵਧ ਕੇ 2040 ਤੱਕ 30 ਲੱਖ ਤੋਂ ਵੱਧ ਹੋ ਜਾਣਗੇ, ਜੋ ਘੱਟ ਅਤੇ ਮੱਧ-ਆਮਦਨੀ ਵਾਲੇ ਦੇਸ਼ਾਂ ਨੂੰ ਪ੍ਰਭਾਵਤ ਕਰਨਗੇ।

## ਸਲਮਾਨ ਦੇ ਘਰ 'ਤੇ ਗੋਲੀਬਾਰੀ, 2 ਫੜੇ

**ਮੁੰਬਈ** : ਸਲਮਾਨ ਖਾਨ ਦੇ ਮੁੰਬਈ ਸਥਿਤ ਘਰ ਦੇ ਬਾਹਰ ਗੋਲੀਬਾਰੀ ਕਰਨ ਵਾਲੇ ਵਿਅਕਤੀ ਸਮੇਤ ਦੋ ਜਣਿਆਂ ਨੂੰ ਗੁਜਰਾਤ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਕੱਛ-ਪੱਛਮੀ ਦੇ ਡੀ ਆਈ ਜੀ ਮਹਿੰਦਰ ਬਗਾੜੀਆ ਨੇ ਦੱਸਿਆ ਕਿ ਬਿਹਾਰ ਦੇ ਰਹਿਣ ਵਾਲੇ ਵਿੱਕੀ ਗੁਪਤਾ (24) ਅਤੇ ਸਾਗਰ ਪਾਲ (21) ਨੂੰ ਸੋਮਵਾਰ ਦੇਰ ਰਾਤ ਕੱਛ ਜ਼ਿਲ੍ਹੇ ਦੇ ਮਾਤਾ ਨੌਂ ਮਧ ਪਿੰਡ ਤੋਂ ਗ੍ਰਿਫਤਾਰ ਕੀਤਾ ਗਿਆ। ਸ਼ੁਰੂਆਤੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਪਾਲ ਅਤੇ ਗੁਪਤਾ ਨੂੰ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਗੈਂਗ ਨੇ ਸਲਮਾਨ ਦੇ ਘਰ 'ਤੇ ਗੋਲੀ ਚਲਾਉਣ ਲਈ ਕਿਹਾ ਸੀ। ਪਾਲ ਨੇ ਗੋਲੀਆਂ ਚਲਾਈਆਂ ਤੇ ਗੁਪਤਾ ਗੈਂਗ ਦੇ ਮੈਂਬਰਾਂ ਦੇ ਸੰਪਰਕ 'ਚ ਸੀ।

## ਇਜ਼ਰਾਈਲ ਦੀ ਈਰਾਨ ਨੂੰ ਧਮਕੀ

**ਯੋਰੋਸ਼ਲਮ** : ਇਜ਼ਰਾਈਲ ਦੇ ਫੌਜ ਮੁਖੀ ਨੇ ਮੰਗਲਵਾਰ ਕਿਹਾ ਕਿ ਉਨ੍ਹਾਂ ਦਾ ਦੇਸ਼ ਪਿਛਲੇ ਹਫਤੇ ਈਰਾਨ ਦੇ ਹਮਲੇ ਦਾ ਜਵਾਬ ਦੇਵੇਗਾ। ਹਾਲਾਂਕਿ ਉਨ੍ਹਾ ਇਹ ਨਹੀਂ ਦੱਸਿਆ ਕਿ ਇਜ਼ਰਾਈਲ ਅਜਿਹਾ ਕਦੋਂ ਅਤੇ ਕਿਵੇਂ ਕਰੇਗਾ। ਇਜ਼ਰਾਈਲ ਨੇ ਦੋ ਹਫਤੇ ਪਹਿਲਾਂ ਸੀਰੀਆ ਦੀ ਰਾਜਧਾਨੀ ਦਮਿਸ਼ਕ 'ਚ ਈਰਾਨੀ ਦੂਤਘਰ ਦੀ ਇਮਾਰਤ 'ਤੇ ਹਮਲਾ ਕੀਤਾ ਸੀ, ਜਿਸ ਦੇ ਜਵਾਬ 'ਚ ਈਰਾਨ ਨੇ ਸ਼ਨਿਚਰਵਾਰ ਨੂੰ ਇਜ਼ਰਾਈਲ 'ਤੇ ਹਮਲਾ ਕੀਤਾ ਸੀ। ਦੋਹਾਂ ਦੇਸ਼ਾਂ ਵਿਚਾਲੇ ਦਹਾਕਿਆਂ ਤੋਂ ਚਲੀ ਆ ਰਹੀ ਦੁਸ਼ਮਣੀ ਦੌਰਾਨ ਪਹਿਲੀ ਵਾਰ ਈਰਾਨ ਨੇ ਇਜ਼ਰਾਈਲ 'ਤੇ ਸਿੱਧਾ ਫੌਜੀ ਹਮਲਾ ਕੀਤਾ। ਈਰਾਨ ਨੇ ਸੈਂਕੜੇ ਡਰੋਨ, ਬੈਲਿਸਟਿਕ ਮਿਜ਼ਾਈਲਾਂ ਅਤੇ ਕਰੂਜ਼ ਮਿਜ਼ਾਈਲਾਂ ਦਾਗੀਆਂ।

## ਰਈਆ 'ਚ ਮਹਿਲਾ 'ਤੇ ਹਮਲਾ

**ਰਈਆ** : ਮੰਗਲਵਾਰ ਸਵੇਰੇ ਇੱਥੇ ਕਰੀਬ 11 ਵਜੇ ਦਾਣਾ ਮੰਡੀ ਵਿਚ ਸਥਿਤ ਸੁਵਿਧਾ ਕੇਂਦਰ ਵਿਚ ਬੱਚਿਆਂ ਦੇ ਸਰਟੀਫਿਕੇਟ ਅਪਲਾਈ ਕਰਨ ਆਈ ਪਿੰਡ ਲਿੱਦੜ ਦੀ ਪ੍ਰਭਜੀਤ ਕੌਰ ਨੂੰ ਨੌਜਵਾਨ ਨੇ ਕਿਰਚ ਮਾਰ ਕੇ ਗੰਭੀਰ ਜ਼ਖਮੀ ਕਰ ਦਿੱਤਾ। ਉਸ ਨੂੰ ਗੁਰੂ ਨਾਨਕ ਹਸਪਤਾਲ ਅੰਮ੍ਰਿਤਸਰ ਲਿਜਾਣਾ ਪਿਆ। ਪ੍ਰਭਜੀਤ ਕੌਰ ਨੇ ਦੱਸਿਆ ਕਿ ਉਸ ਉਪਰ ਹਰਪ੍ਰੀਤ ਸਿੰਘ ਵਾਸੀ ਭੋਰਸੀ ਨੇ ਜਾਨਲੇਵਾ ਹਮਲਾ ਕੀਤਾ ਹੈ। ਉਹ ਉਸ ਦੀ ਦੁਕਾਨ 'ਤੇ ਕੰਮ ਕਰਦੀ ਰਹੀ ਹੈ। ਡੀ ਐੱਸ ਪੀ ਬਾਬਾ ਬਕਾਲਾ ਸੁਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਗੋਲਡੀ ਬਰਾੜ ਦੇ ਨਾਂਅ 'ਤੇ 20 ਲੱਖ ਦੀ ਫਿਰੌਤੀ ਮੰਗਣ ਵਾਲੇ 3 ਕਾਬੂ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਗੈਂਗਸਟਰ ਗੋਲਡੀ ਬਰਾੜ ਦੇ ਨਾਂਅ 'ਤੇ ਵੀਹ ਲੱਖ ਦੀ ਫਿਰੌਤੀ ਮੰਗਣ ਵਾਲੇ ਤਿੰਨ ਮੁਲਜ਼ਮਾਂ ਨੂੰ ਖੇਮਕਰਨ ਪੁਲਸ ਨੇ ਇੱਕ ਖਿਡੌਣਾ ਪਿਸਤੌਲ, ਇੱਕ ਬਿਨਾਂ ਨੰਬਰੀ ਮੋਟਰਸਾਈਕਲ ਤੇ ਚਾਰ ਮੋਬਾਈਲ ਫੋਨਾਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਪੰਕਜ ਬਜਾਜ, ਸ਼ਮਸ਼ੇਰ ਸਿੰਘ ਉਰਫ਼ ਸ਼ੇਰਾ ਤੇ ਗੁਰਪ੍ਰੀਤ ਸਿੰਘ ਉਰਫ਼ ਗੋਪੀ ਸਾਰੇ ਵਾਸੀ ਖੇਮਕਰਨ ਵਜੋਂ ਹੋਈ ਹੈ ਪ੍ਰੈੱਸ ਕਾਨਫਰੰਸ ਦੌਰਾਨ ਐੱਸ ਐੱਸ ਪੀ ਤਰਨ ਤਾਰਨ ਅਸ਼ਵਨੀ ਕਪੂਰ ਨੇ ਦੱਸਿਆ ਕਿ 14 ਅਪ੍ਰੈਲ ਨੂੰ ਖੇਮਕਰਨ ਦੇ ਅਮਿਤ ਕੁਮਾਰ ਨੇ ਪੁਲਸ ਸਟੇਸ਼ਨ ਖੇਮਕਰਨ ਨੂੰ ਦਰਖ਼ਾਸਤ ਰਾਹੀਂ ਸੂਚਿਤ ਕੀਤਾ ਸੀ ਕਿ ਉਸ ਦੇ ਲੜਕੇ ਕੋਲੋਂ ਗੋਲਡੀ ਬਰਾੜ ਨਾਮਕ ਗੈਂਗਸਟਰ ਨੇ ਫੋਨ ਕਰਕੇ 20 ਲੱਖ ਰੁਪਏ ਦੀ ਫਿਰੌਤੀ ਮੰਗੀ ਹੈ। ਖੇਮਕਰਨ ਪੁਲਸ ਤੇ ਸੀ ਆਈ ਏ ਸਟਾਫ ਤਰਨ ਤਾਰਨ ਦੀ ਟੀਮ ਵੱਲੋਂ ਨਾਕਾਬੰਦੀ ਦੌਰਾਨ ਪੰਕਜ ਬਜਾਜ, ਸ਼ੇਰਾ ਤੇ ਗੋਪੀ ਨੂੰ ਇੱਕ ਖਿਡਾਉਣਾ ਪਿਸਤੌਲ, ਇੱਕ ਬਿਨਾਂ ਨੰਬਰੀ ਹੀਰੋ ਡੀਲਕਸ ਮੋਟਰਸਾਈਕਲ ਤੇ ਵਾਰਦਾਤ ਸਮੇਂ ਵਰਤੇ ਗਏ ਚਾਰ ਮੋਬਾਈਲ ਫੋਨਾਂ ਸਮੇਤ ਕਾਬੂ ਕਰ ਲਿਆ ਗਿਆ। ਪੰਕਜ ਬਜਾਜ (20) ਨੇ ਕਰੀਬ 20 ਸਾਲ ਅਮਿਤ ਕੁਮਾਰ ਦੀ ਆੜ੍ਹਤ 'ਤੇ ਬਤੌਰ ਮੁਨੀਮ ਕੰਮ ਕੀਤਾ ਸੀ।

# ਪੰਜਾਬ ਦੀ ਤਸਵੀਰ ਹੋਰ ਸਾਫ਼

## 'ਆਪ' ਨੇ ਰਹਿੰਦੇ ਚਾਰ ਉਮੀਦਵਾਰ ਵੀ ਐਲਾਨੇ

## ਭਾਜਪਾ ਨੇ ਵੀ ਤਿੰਨ ਹੋਰ ਉਮੀਦਵਾਰ ਉਤਾਰੇ


ਕਾਕਾ ਬਰਾੜ


ਸ਼ੈਰੀ ਕਲਸੀ


ਪਵਨ ਟੀਨੂੰ


ਪੱਪੀ ਪਰਾਸ਼ਰ


ਅਨੀਤਾ ਸੋਮਪ੍ਰਕਾਸ਼


ਮਨਜੀਤ ਸਿੰਘ ਮੰਨਾ


ਪਰਮਪਾਲ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਨੇ ਮੰਗਲਵਾਰ ਪੰਜਾਬ 'ਚ ਲੋਕ ਸਭਾ ਚੋਣਾਂ ਲਈ ਤੀਜੀ ਤੇ ਅੰਤਮ ਸੂਚੀ ਜਾਰੀ ਕਰ ਦਿੱਤੀ। ਉਸ ਨੇ ਫਿਰੋਜ਼ਪੁਰ ਤੋਂ ਮੁਕਤਸਰ ਦੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਗੁਰਦਾਸਪੁਰ ਤੋਂ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਉਰਫ ਸ਼ੈਰੀ ਕਲਸੀ, ਜਲੰਧਰ ਤੋਂ ਪਵਨ ਕੁਮਾਰ ਟੀਨੂੰ ਅਤੇ ਲੁਧਿਆਣਾ ਤੋਂ ਲੁਧਿਆਣਾ ਕੇਂਦਰੀ ਦੇ ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੂੰ ਉਮੀਦਵਾਰ ਐਲਾਨਿਆ ਹੈ। ਆਮ ਆਦਮੀ ਪਾਰਟੀ ਨੇ ਹੁਣ ਪੰਜਾਬ ਦੀਆਂ ਸਾਰੀਆਂ 13 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ।

ਭਾਜਪਾ ਨੇ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਮੀਆਂਵਿੰਡ, ਹੁਸ਼ਿਆਰਪੁਰ (ਰਿਜ਼ਰਵ) ਤੋਂ ਅਨੀਤਾ ਸੋਮ ਪ੍ਰਕਾਸ਼ ਅਤੇ ਬਠਿੰਡਾ ਤੋਂ ਪਰਮਪਾਲ ਕੌਰ ਸਿੱਧੂ ਨੂੰ ਚੋਣ ਮੈਦਾਨ 'ਚ ਉਤਾਰਿਆ ਹੈ। ਇਸ ਤਰ੍ਹਾਂ ਭਾਜਪਾ ਦੇ 9 ਉਮੀਦਵਾਰ ਮੈਦਾਨ ਵਿਚ ਆ ਗਏ ਹਨ। ਸੰਗਰੂਰ, ਆਨੰਦਪੁਰ ਸਾਹਿਬ, ਫਿਰੋਜ਼ਪੁਰ ਅਤੇ ਫਤਹਿਗੜ੍ਹ ਸਾਹਿਬ ਦੇ ਉਮੀਦਵਾਰਾਂ ਦਾ ਐਲਾਨ ਬਾਕੀ ਹੈ। ਅਨੀਤਾ ਸੋਮ ਪ੍ਰਕਾਸ਼ (70) ਹੁਸ਼ਿਆਰਪੁਰ ਤੋਂ ਸਿਟਿੰਗ ਸਾਂਸਦ ਤੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ (75) ਦੀ ਪਤਨੀ ਹੈ। ਸੋਮ ਪ੍ਰਕਾਸ਼ ਸਿਹਤ ਠੀਕ ਨਾ ਰਹਿੰਦੀ ਹੋਣ ਕਾਰਨ ਐਤਕੀਂ ਚੋਣ ਮੈਦਾਨ ਤੋਂ ਪਾਸੇ ਹੋ ਗਏ ਹਨ।

ਅਨੀਤਾ ਹੁਸ਼ਿਆਰਪੁਰ ਵਿਚ ਸਮਾਜ ਸੇਵਾ ਦਾ ਕੰਮ ਕਰਦੀ ਹੈ। ਉਹ ਦੋ ਦਹਾਕਿਆਂ ਤੋਂ ਫਗਵਾੜਾ ਵਿਚ ਲੋੜਵੰਦ ਪਰਵਾਰਾਂ ਲਈ ਰਸੋਈ ਵੀ ਚਲਾ ਰਹੀ ਹੈ। ਉਸ ਨੂੰ ਸੋਮ ਪ੍ਰਕਾਸ਼ ਪਿਛਲਾ ਦਿਮਾਗ ਸਮਝਿਆ ਜਾਂਦਾ ਹੈ। ਸੋਮ ਪ੍ਰਕਾਸ਼ ਕਿਸਾਨਾਂ ਤੇ ਕੇਂਦਰ ਸਰਕਾਰ ਵਿਚਾਲੇ ਹੋਣ ਵਾਲੀਆਂ ਮੀਟਿੰਗਾਂ ਵਿਚ ਹਿੱਸਾ ਲੈਂਦੇ ਰਹੇ ਹਨ। ਸੋਮ ਪ੍ਰਕਾਸ਼ ਨੇ 2019 ਦੀਆਂ ਚੋਣਾਂ ਵਿਚ ਕਾਂਗਰਸ ਦੇ ਰਾਜ ਕੁਮਾਰ ਚੱਬੇਵਾਲ ਨੂੰ ਹਰਾਇਆ ਸੀ। ਚੱਬੇਵਾਲ ਐਤਕੀਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਨ।

ਪਰਮਪਾਲ ਕੌਰ 3 ਅਪ੍ਰੈਲ ਨੂੰ ਆਈ ਏ ਐੱਸ ਅਫਸਰ ਵਜੋਂ ਅਸਤੀਫਾ ਦੇ ਕੇ ਚਰਚਾ ਵਿਚ ਆਈ ਸੀ ਅਤੇ 11 ਅਪ੍ਰੈਲ ਨੂੰ ਪਤੀ ਗੁਰਪ੍ਰੀਤ ਸਿੰਘ ਸਿੱਧੂ ਨਾਲ ਭਾਜਪਾ ਵਿਚ ਸ਼ਾਮਲ ਹੋ ਗਈ ਸੀ। ਉਹ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਹੈ। ਬਠਿੰਡਾ ਹਲਕੇ ਵਿਚ 'ਆਪ' ਨੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਤੇ ਕਾਂਗਰਸ ਨੇ ਸਾਬਕਾ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਨੂੰ ਖੜ੍ਹਾ ਕੀਤਾ ਹੈ। ਅਕਾਲੀ ਦਲ ਨੇ ਤਿੰਨ ਵਾਰ ਜਿੱਤਣ ਵਾਲੀ ਹਰਸਿਮਰਤ ਕੌਰ ਬਾਦਲ ਦਾ ਨਾਂਅ ਅਜੇ ਐਲਾਨਿਆ ਨਹੀਂ। ਮਨਜੀਤ ਸਿੰਘ ਮੰਨਾ (47) ਅਕਾਲੀ ਦਲ ਵੱਲੋਂ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ। 2021 ਵਿਚ ਭਾਜਪਾ ਵਿਚ ਸ਼ਾਮਲ ਹੋ ਕੇ ਲੜੇ ਸੀ, ਪਰ ਕਾਮਯਾਬ ਨਹੀਂ ਹੋਏ। ਖਡੂਰ ਸਾਹਿਬ ਤੋਂ ਆਪ ਉਮੀਦਵਾਰ ਸੂਬਾਈ ਮੰਤਰੀ ਲਾਲਜੀਤ ਸਿੰਘ ਭੁੱਲਰ ਹਨ। ਕਾਂਗਰਸ ਦੇ ਜਸਬੀਰ ਸਿੰਘ ਡਿੰਪਾ ਵਰਤਮਾਨ ਸਾਂਸਦ ਹਨ, ਪਰ ਅਜੇ ਤੱਕ ਕਾਂਗਰਸ ਨੇ ਇੱਥੋਂ ਉਮੀਦਵਾਰ ਨਹੀਂ ਐਲਾਨਿਆ।

## ਸੁਪਰੀਮ ਕੋਰਟ ਬਾਬਾ ਰਾਮਦੇਵ ਤੋਂ ਸ਼ੀਰਸ਼ ਆਸਣ ਕਰਾਉਣ ਦੇ ਰੌਂਅ 'ਚ



**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮੰਗਲਵਾਰ ਯੋਗ ਗੁਰੂ ਰਾਮਦੇਵ, ਉਨ੍ਹਾ ਦੇ ਸਹਿਯੋਗੀ ਬਾਲਕ੍ਰਿਸ਼ਨ ਅਤੇ ਪਤੰਜਲੀ ਆਯੁਰਵੇਦ ਨੂੰ ਭਰਮਾਊ ਇਸ਼ਤਿਹਾਰਬਾਜ਼ੀ ਮਾਮਲੇ 'ਚ ਜਨਤਕ ਮੁਆਫੀ ਮੰਗਣ ਲਈ ਹਫਤੇ ਦਾ ਸਮਾਂ ਦਿੱਤਾ, ਪਰ ਕਿਹਾ ਕਿ ਇਸ ਪੜਾਅ 'ਤੇ ਉਨ੍ਹਾਂ ਨੂੰ ਰਾਹਤ ਨਹੀਂ ਦਿੱਤੀ ਜਾਵੇਗੀ।

ਸੁਣਵਾਈ ਦੌਰਾਨ ਰਾਮਦੇਵ ਅਤੇ ਬਾਲਕ੍ਰਿਸ਼ਨ ਦੋਵੇਂ ਹਾਜ਼ਰ ਸਨ ਅਤੇ ਉਨ੍ਹਾਂ ਨਿੱਜੀ ਤੌਰ 'ਤੇ ਸੁਪਰੀਮ ਕੋਰਟ ਤੋਂ ਬਿਨਾਂ ਸ਼ਰਤ ਮੁਆਫੀ ਮੰਗੀ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੁਦੀਨ ਅਮਾਨਉੱਲ੍ਹਾ ਦੀ ਬੈਂਚ ਨੇ ਉਨ੍ਹਾਂ ਦੀ ਮੁਆਫੀ ਦਾ ਨੋਟਿਸ ਲਿਆ, ਪਰ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਕਿ ਇਸ ਪੜਾਅ 'ਤੇ ਉਨ੍ਹਾਂ ਨੂੰ ਰਾਹਤ ਦੇਣ ਦਾ ਫੈਸਲਾ ਨਹੀਂ ਕੀਤਾ ਗਿਆ।

ਰਾਮਦੇਵ ਦੇ ਵਕੀਲ ਮੁਕੁਲ ਰੋਹਤਗੀ ਨੇ ਕਿਹਾ—ਅਸੀਂ ਕੋਰਟ ਤੋਂ ਇਕ ਵਾਰ ਫਿਰ ਬਿਨਾਂ ਸ਼ਰਤ ਮੁਆਫੀ ਮੰਗਦੇ ਹਾਂ। ਸਾਨੂੰ ਪਛਤਾਵਾ ਹੈ। ਅਸੀਂ ਲੋਕਾਂ ਦੇ ਵਿਚ ਮੁਆਫੀ ਮੰਗਣ ਲਈ ਤਿਆਰ ਹਾਂ।

ਕੋਰਟ ਨੇ ਕਿਹਾ—ਅਸੀਂ ਬਾਬਾ ਰਾਮਦੇਵ ਨੂੰ ਸੁਣਨਾ ਚਾਹੁੰਦੇ ਹਾਂ।

ਜਸਟਿਸ ਕੋਹਲੀ ਨੇ ਕਿਹਾ—ਤੁਸੀਂ (ਰਾਮਦੇਵ) ਯੋਗ ਲਈ ਬਹੁਤ ਕੁਝ ਕੀਤਾ ਹੈ। ਤੁਹਾਡਾ ਸਨਮਾਨ ਹੈ, ਪਰ ਤੁਸੀਂ ਐਲੋਪੈਥੀ ਨੂੰ ਗਲਤ ਕਿਉਂ ਦੱਸ ਰਹੇ ਹੋ?

ਰਾਮਦੇਵ ਨੇ ਕਿਹਾ—ਕਿਸੇ ਨੂੰ ਵੀ ਗਲਤ ਦੱਸਣ ਦਾ ਸਾਡਾ ਕੋਈ ਇਰਾਦਾ ਨਹੀਂ ਸੀ। ਆਯੁਰਵੇਦ ਨੂੰ ਖੋਜ ਅਧਾਰਤ ਸਬੂਤਾਂ ਨਾਲ ਅੱਗੇ ਲਿਆਉਣ ਦੇ ਪਤੰਜਲੀ ਨੇ ਜਤਨ ਕੀਤੇ ਹਨ। ਅੱਗੇ ਤੋਂ ਇਸ ਪ੍ਰਤੀ ਜਾਗਰੂਕ ਰਹਾਂਗਾ। ਕੰਮ ਦੇ ਉਤਸ਼ਾਹ ਵਿਚ ਅਜਿਹਾ ਹੋ ਗਿਆ। ਅੱਗੇ ਤੋਂ ਨਹੀਂ ਕਰਾਂਗਾ।

ਇਸ 'ਤੇ ਕੋਰਟ ਨੇ ਕਿਹਾ—ਤੁਸੀਂ ਏਨੇ ਮਾਸੂਮ ਨਹੀਂ ਹੋ। ਇੰਜ ਲੱਗ ਨਹੀਂ ਰਿਹਾ ਕਿ ਕੋਈ ਹਿਰਦੇ ਪਰਿਵਰਤਨ ਹੋਇਆ ਹੈ। ਅਜੇ ਵੀ ਤੁਸੀਂ ਆਪਣੀ ਗੱਲ 'ਤੇ ਅੜੇ ਹੋਏ ਹੋ। ਤੁਹਾਨੂੰ 7 ਦਿਨ ਦਾ ਸਮਾਂ ਦਿੰਦੇ ਹਾਂ। ਇਸ ਮਾਮਲੇ ਨੂੰ 23 ਅਪ੍ਰੈਲ ਨੂੰ ਦੇਖਾਂਗੇ।

ਪਤੰਜਲੀ ਨੇ 2 ਤੇ 9 ਅਪ੍ਰੈਲ ਨੂੰ ਵੀ ਮੁਆਫੀ ਮੰਗੀ ਸੀ, ਪਰ ਕੋਰਟ ਨੇ ਖਾਨਾਪੂਰਤੀ ਕਹਿ ਕੇ ਰੱਦ ਕਰ ਦਿੱਤੀ ਸੀ।

ਸੁਪਰੀਮ ਕੋਰਟ ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ 17 ਅਗਸਤ 2022 ਨੂੰ ਦਾਇਰ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪਤੰਜਲੀ ਨੇ ਕੋਰੋਨਾ ਦੌਰਾਨ ਕੋਵਿਡ ਵੈਕਸੀਨ ਤੇ ਐਲੋਪੈਥੀ ਦੇ ਖਿਲਾਫ ਪ੍ਰਚਾਰ ਕੀਤਾ ਅਤੇ ਖੁਦ ਦੀਆਂ ਆਯੁਰਵੈਦਿਕ ਦਵਾਈਆਂ ਨਾਲ ਕੁਝ ਬਿਮਾਰੀਆਂ ਦੇ ਇਲਾਜ ਦਾ ਝੂਠਾ ਦਾਅਵਾ ਕੀਤਾ।

## ਯੂ ਪੀ ਐੱਸ ਸੀ ਪ੍ਰੀਖਿਆ 'ਚ ਆਦਿਤਯ ਅੱਵਲ



**ਨਵੀਂ ਦਿੱਲੀ** : ਲਖਨਊ ਦੇ ਆਦਿਤਯ ਸ੍ਰੀਵਾਸਤਵ ਨੇ ਯੂਨੀਅਨ ਪਬਲਿਕ ਸਰਵਸਿਜ਼ ਕਮਿਸ਼ਨ (ਯੂ ਪੀ ਐੱਸ ਸੀ) ਦੀ ਸਿਵਲ ਸਰਵਿਸਿਜ਼ ਪ੍ਰੀਖਿਆ 2023 'ਚ ਪਹਿਲਾ ਸਥਾਨ ਹਾਸਲ ਕੀਤਾ ਹੈ, ਜਦ ਕਿ ਅਨਿਮੇਸ਼ ਪ੍ਰਧਾਨ ਅਤੇ ਡੋਨੁਰੂ ਅਨੰਨਿਆ ਰੈੱਡੀ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਯੂ ਪੀ ਐੱਸ ਸੀ ਮੁਤਾਬਕ 1016 ਉਮੀਦਵਾਰ ਆਈ ਏ ਐੱਸ, ਆਈ ਪੀ ਐੱਸ ਤੇ ਆਈ ਐੱਫ ਐੱਸ ਲਈ ਚੁਣੇ ਗਏ ਹਨ। 180 ਆਈ ਏ ਐੱਸ ਤੇ 200 ਆਈ ਪੀ ਐੱਸ ਅਫਸਰ ਬਣਨਗੇ। ਇਸ ਸਾਲ ਟਾਪ 5 ਰੈਂਕ ਵਿਚ ਆਉਣ ਵਾਲੇ 3 ● ਬਾਕੀ ਸਫ਼ਾ 2 'ਤੇ

## ਪ੍ਰਮਾਣੂ ਹਥਿਆਰਾਂ ਬਾਰੇ ਮੋਦੀ ਦਾ ਬਿਆਨ ਗਲਤ : ਆਈ ਡੀ ਪੀ ਡੀ

**ਲੁਧਿਆਣਾ (ਐੱਮ ਐੱਸ ਭਾਟੀਆ)**-ਪਰਮਾਣੂ ਹਥਿਆਰ ਯੁੱਧ ਦੀ ਰੋਕਥਾਮ ਅਤੇ ਸੁਰੱਖਿਆ ਵਜੋਂ ਕੰਮ ਨਹੀਂ ਕਰਦੇ; ਇਸ ਦੀ ਬਜਾਏ ਉਨ੍ਹਾਂ ਦੀ ਮੌਜੂਦਗੀ ਦੇ ਨਾਲ ਪ੍ਰਮਾਣੂ ਯੁੱਧ ਹੋਣ ਦਾ ਖਤਰਾ ਲਗਾਤਾਰ ਬਣਿਆ ਰਹਿੰਦਾ ਹੈ।ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈੱਲਪਮੈਂਟ (ਆਈ ਡੀ ਪੀ ਡੀ) ਨੇ ਮੀਡੀਆ ਵਿੱਚ ਪ੍ਰਕਾਸ਼ਿਤ ਖ਼ਬਰਾਂ ਵਿੱਚ ਪ੍ਰਧਾਨ ਮੰਤਰੀ ਵੱਲੋਂ ਹੋਸ਼ੰਗਾਬਾਦ ਸੰਸਦੀ ਹਲਕੇ ਦੇ ਪਿਪਰੀਆ ਵਿੱਚ ਇੱਕ ਰੈਲੀ ਦੌਰਾਨ ਦਿੱਤੇ ਗਏ ਬਿਆਨ ਕਿ 'ਪਰਮਾਣੂ ਨਿਸ਼ਸਤਰੀਕਰਨ ਦੀ ਗੱਲ ਕਰਨ ਵਾਲੇ ਦੇਸ਼ ਦੀ ਰੱਖਿਆ ਨਹੀਂ ਕਰ ਸਕਦੇ' 'ਤੇ ਪ੍ਰਤੀਕਿਰਿਆ ਦਿੰਦੇ ਹੋਏ ਇਹ ਗੱਲ ਕਹੀ ਕਿ ਇਹ ਪੂਰੀ ਤਰ੍ਹਾਂ ਨਾਲ ਗਲਤ ਬਿਆਨ ਹੈ ਅਤੇ ਤੱਥਾਂ ● ਬਾਕੀ ਸਫ਼ਾ 2 'ਤੇ

## ਭਾਰਤੀ ਵਿਦਿਆਰਥੀਆਂ ਦੀਆਂ ਮੌਤਾਂ ਨਫਰਤੀ ਅਪਰਾਧ ਦਾ ਨਤੀਜਾ ਨਹੀਂ!

**ਵਾਸ਼ਿੰਗਟਨ** : ਅਮਰੀਕਾ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਨੂੰ ਵਧੀਆ ਮਾਹੌਲ ਪ੍ਰਦਾਨ ਕਰਨ ਲਈ ਲਗਾਤਾਰ ਯਤਨ ਕਰ ਰਿਹਾ ਹੈ, ਪਰ ਇਸ ਸਾਲ ਹੁਣ ਤੱਕ ਭਾਰਤੀ ਮੂਲ ਦੇ 11 ਵਿਦਿਆਰਥੀਆਂ ਦੀ ਮੌਤ ਹੋ ਚੁੱਕੀ ਹੈ। ਹਮਲਿਆਂ ਦੀਆਂ ਘਟਨਾਵਾਂ ਨੇ ਭਾਰਤੀ ਭਾਈਚਾਰੇ ਅਤੇ ਭਾਰਤ 'ਚ ਰਹਿ ਰਹੇ ਵਿਦਿਆਰਥੀਆਂ ਦੇ ਪਰਵਾਰਾਂ ਦੀ ਚਿੰਤਾ ਵਧਾ ਦਿੱਤੀ ਹੈ। ਵਰਜੀਨੀਆ ਦੀ ਜਾਰਜ ਮੇਸਨ ਯੂਨੀਵਰਸਿਟੀ ਦੇ ਸਕੂਲ ਆਫ ਕੰਪਿਊਟਿੰਗ ਦੇ ਡਵੀਜ਼ਨਲ ਡੀਨ ਗੁਰਦੀਪ ਸਿੰਘ ਨੇ ਕਿਹਾ—ਇਹ ਮੰਦਭਾਗਾ ਹੈ ਕਿ ਇਸ ਸਾਲ ਅਜਿਹੀਆਂ ਘਟਨਾਵਾਂ ਵਾਪਰੀਆਂ। ਇਸ ਲਈ ਮਾਪਿਆਂ ਦਾ ਚਿੰਤਤ ਹੋਣਾ ਸੁਭਾਵਕ ਹੈ ਪਰ ਮੈਨੂੰ ਇਹ ਨਫਰਤੀ ਅਪਰਾਧ ਨਹੀਂ ਲੱਗਦੇ। ਇਸ ਲਈ ਭਾਰਤੀ ਵਿਦਿਆਰਥੀਆਂ ਨੂੰ ਹੋਰ ਵੱਧ ਚੌਕਸ ਹੋਣ ਦੀ ਲੋੜ ਹੈ।

## ਅੱਜ-ਨਾਮਾ

ਕਾਤਲ ਹਮਲਾ ਸਲਮਾਨ 'ਤੇ ਬੜਾ ਕਰਦੇ,
ਸਾਰੇ ਜਾਂਦੇ ਨੇ ਬਾਅਦ ਵਿੱਚ ਫੜੇ ਮੀਆਂ।
ਸੀ ਸੀ ਟੀ ਵੀ ਤੋਂ ਲਿੰਕ ਸਭ ਜੁੜੀ ਜਾਂਦੇ,
ਦੋਸ਼ੀ ਕਿੱਧਰ ਦੀ ਗੱਡੀ ਸਨ ਚੜ੍ਹੇ ਮੀਆਂ।
ਖੁਰਾ ਲੱਭ ਜਾਏ ਤਾਂ ਪੁਲਸ ਪਹੁੰਚ ਜਾਂਦੀ,
ਥੋੜ੍ਹੇ ਦਿਨਾਂ ਵਿੱਚ ਹੁੰਦੇ ਫਿਰ ਅੜੇ ਮੀਆਂ।
ਉਸੇ ਜੇਲ੍ਹ ਅੰਦਰ ਉਹ ਹਨ ਪਹੁੰਚ ਜਾਂਦੇ,
ਪਹਿਲੇ ਯਾਰ ਹੁੰਦੇ ਈ ਜਿੱਥੇ ਤੜੇ ਮੀਆਂ।
ਫਿਰ ਵੀ ਖੇਡ ਨਹੀਂ ਜਾਪਦੀ ਟਿਕਣ ਵਾਲੀ,
ਛੋਕਰੇ ਨਵੇਂ ਕੁਝ ਚੁੱਕਣ ਹਥਿਆਰ ਮੀਆਂ।
ਮਿਲ ਜਾਣ ਨਵੇਂ ਰੰਗਰੂਟ ਅਪਰਾਧੀਆਂ ਨੂੰ,
ਦਿੱਸਦਾ ਸਿਰਾ ਕੋਈ ਆਰ ਨਾ ਪਾਰ ਮੀਆਂ।

-ਤੀਸ ਮਾਰ ਖਾਂ

## ਫਲਸਤੀਨ ਦੇ ਹੱਕ 'ਚ ਅਮਰੀਕਾ 'ਚ ਜ਼ਬਰਦਸਤ ਐਕਸ਼ਨ

**ਸ਼ਿਕਾਗੋ** : ਫਲਸਤੀਨੀ ਸਮਰਥਕ ਪ੍ਰਦਰਸ਼ਨਕਾਰੀਆਂ ਨੇ ਅਮਰੀਕਾ ਦੇ ਇਲੀਨੋਇਸ, ਕੈਲੀਫੋਰਨੀਆ, ਨਿਊਯਾਰਕ ਅਤੇ ਪੈਸੀਫਿਕ ਨਾਰਥਵੈਸਟ ਵਿਚ ਸੜਕਾਂ ਨੂੰ ਬੰਦ ਕਰ ਦਿੱਤਾ, ਜਿਸ ਨਾਲ ਪ੍ਰਮੁੱਖ ਹਵਾਈ ਅੱਡਿਆਂ, ਗੋਲਡਨ ਗੇਟ, ਬਰੁਕਲਿਨ ਪੁਲ ਅਤੇ ਭੀੜ-ਭੜੱਕੇ ਵਾਲਾ ਵੈਸਟ ਕੋਸਟ ਕੌਮੀ ਮਾਰਗ ਅਸਥਾਈ ਤੌਰ 'ਤੇ ਬੰਦ ਹੋ ਗਏ। ਸ਼ਿਕਾਗੋ 'ਚ ਸਵੇਰੇ 7 ਵਜੇ ਪ੍ਰਦਰਸ਼ਨਕਾਰੀਆਂ ਨੇ ਓ'ਹਾਰੇ ਕੌਮਾਂਤਰੀ ਹਵਾਈ ਅੱਡੇ ਵੱਲ ਜਾਣ ਵਾਲੇ ਹਾਈਵੇਅ ਨੂੰ ਬੰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਫਲਸਤੀਨ ਨੂੰ ਆਜ਼ਾਦ ਕਰਵਾਉਣ ਲਈ ਆਰਥਕ ਨਾਕਾਬੰਦੀ ਦਾ ਹਿੱਸਾ ਸੀ। ਉਨ੍ਹਾਂ ਸਾਨ ਫਰਾਂਸਿਸਕੋ ਖੇਤਰ 'ਚ ਗੋਲਡਨ ਗੇਟ ਬ੍ਰਿਜ ਉੱਤੇ ਸਾਰੇ ਵਾਹਨਾਂ ਅਤੇ ਪੈਦਲ ਚੱਲਣ ਵਾਲਿਆਂ ਨੂੰ ਰੋਕ ਦਿੱਤਾ, ਜਿਸ ਨਾਲ ਕਈ ਘੰਟਿਆਂ ਤੱਕ ਆਵਾਜਾਈ 'ਚ ਵਿਘਨ ਪਿਆ।



## ਸਪਰਿੰਗ ਡਿਊ ਸਕੂਲ 'ਚ ਨਵੇਂ ਬੱਚਿਆਂ ਦੀ ਆਮਦ 'ਤੇ ਵੈੱਲਕਮ ਪਾਰਟੀ



**ਜਗਰਾਉਂ (ਅਮਿਤ ਖੰਨਾ)**-ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਵਿਖੇ ਵਾਇਸ ਪ੍ਰਿੰਸੀਪਲ ਰਮਨਜੋਤ ਕੁਮਾਰ ਦੀ ਅਗਵਾਈ ਹੇਠ ਸਕੂਲ ਵਿੱਚ ਨਵੇਂ ਬੱਚਿਆਂ ਦੀ ਆਮਦ 'ਤੇ ਉਨ੍ਹਾਂ ਨੂੰ ਜੀ ਆਇਆਂ ਆਖਦਿਆਂ ਵੈੱਲਕਮ ਪਾਰਟੀ ਦਾ ਆਯੋਜਨ ਕੀਤਾ ਗਿਆ। ਪਾਰਟੀ ਦੌਰਾਨ ਸਕੂਲ ਦੇ ਨਰਸਰੀ ਵਿੰਗ ਦੇ ਨਵੇਂ ਬੱਚੇ ਸਕੂਲ ਵਿੱਚ ਨਵੇਂ ਰੰਗ ਬਿਰੰਗੀਆਂ ਪੁਸ਼ਾਕਾਂ ਵਿੱਚ ਪਹੁੰਚੇ। ਕੇਕ ਕੱਟਣ ਦੀ ਰਸਮ ਨੰਨ੍ਹੇ-ਮੁੰਨੇ ਬੱਚਿਆਂ ਨਾਲ ਸਕੂਲ ਅਧਿਆਪਕ ਮੈਡਮ ਵੰਦਨਾ, ਪ੍ਰਭਦੀਪ ਕੌਰ, ਹਰਪ੍ਰੀਤ ਕੌਰ, ਇੰਦਰਪਾਲ ਕੌਰ, ਜਸਵੀਰ ਕੌਰ ਤੇ ਮੈਡਮ ਬਲਜੀਤ ਕੌਰ ਨੇ ਨਿਭਾਈ। ਬੱਚਿਆਂ ਨੇ ਸਵਾਦਿਸ਼ਟ ਕੇਕ ਦਾ ਆਨੰਦ ਮਾਣਿਆ ਤੇ ਸੰਗੀਤ ਦੀਆਂ ਧੁਨਾਂ ਉੱਪਰ ਡਾਂਸ ਵੀ ਕੀਤਾ। ਪ੍ਰਿੰਸੀਪਲ ਨਵਨੀਤ ਚੌਹਾਨ ਨੇ ਨਵੇਂ ਬੱਚਿਆਂ ਦੀ ਸਕੂਲ ਵਿੱਚ ਆਮਦ 'ਤੇ ਜੀ ਆਇਆਂ ਆਖਦਿਆਂ ਕਿਹਾ ਕਿ ਇਨ੍ਹਾਂ ਨੰਨ੍ਹੇ ਮੁੰਨੇ ਬੱਚਿਆਂ ਦਾ ਸਿੱਖਿਆ ਦੇ ਖੇਤਰ ਵਿੱਚ ਰੱਖਿਆ ਪਹਿਲਾ ਕਦਮ ਇਨ੍ਹਾਂ ਨੂੰ ਖੁਸ਼ਹਾਲ ਜੀਵਨ ਵਿੱਚ ਲੈ ਕੇ ਜਾਵੇਗਾ ਤੇ ਇਹ ਵਧੀਆ ਸਿੱਖਿਆ ਦੇ ਨਾਲ ਗੁਣਾਂਤਮਕ ਸਿੱਖਿਆ ਵੀ ਗ੍ਰਹਿਣ ਕਰਨਗੇ। ਇਸ ਸਮੇਂ ਸਮੂਹ ਅਧਿਆਪਕ ਤੇ ਮੈਨੇਜਮੈਂਟ ਵੱਲੋਂ ਚੇਅਰਮੈਨ ਬਲਦੇਵ ਬਾਵਾ, ਪ੍ਰਧਾਨ ਮਨਜੀਤ ਕੁਮਾਰ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਤੇ ਮੈਨੇਜਰ ਮਨਦੀਪ ਚੌਹਾਨ ਆਦਿ ਹਾਜ਼ਰ ਸਨ।

## ਪ੍ਰਾਇਮਰੀ ਸਕੂਲ ਰੱਤਾ ਖੇੜਾ ਦੇ ਹੋਣਹਾਰ ਬੱਚਿਆਂ ਨੂੰ ਕੀਤਾ ਸਨਮਾਨਤ



**ਜਲਾਲਾਬਾਦ (ਜੀਤ ਕੁਮਾਰ)**- ਸੰਵਿਧਾਨ ਦੇ ਨਿਰਮਾਤਾ ਤੇ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਦੇ ਉਦੇਸ਼ਾਂ ਦੀ ਪੂਰਤੀ ਲਈ ਐੱਸ.ਸੀ./ਐੱਸ.ਟੀ./ਓ.ਬੀ.ਸੀ. ਮਹਾਂ ਸੰਘਰਸ਼ ਕਮੇਟੀ ਜਲਾਲਾਬਾਦ ਵੱਲੋਂ ਚਲਾਏ ਜਾ ਰਹੇ ਪ੍ਰੋਜੈਕਟ ਏਕ ਕਦਮ ਸਕੂਲ ਤਹਿਤ ਸੋਮਵਾਰ ਨੂੰ ਪਿੰਡ ਸਰਕਾਰੀ ਪ੍ਰਾਇਮਰੀ ਸਕੂਲ ਰੱਤਾ ਖੇੜਾ ਵਿੱਚ ਬੱਚਿਆਂ ਨੂੰ ਸਟੇਸ਼ਨਰੀ ਦਾ ਸਾਮਾਨ ਵੰਡਿਆ ਗਿਆ ਤੇ ਸਕੂਲ ਦੇ ਪਹਿਲੀ ਜਮਾਤ ਤੋਂ ਪੰਜਵੀਂ ਜਮਾਤ ਤੱਕ ਸਿੱਖਿਆ ਤੇ ਖੇਡਾਂ ਵਿੱਚ ਅੱਵਲ ਰਹਿਣ ਵਾਲੇ ਪਹਿਲੀ ਤੋਂ 5ਵੀਂ ਜਮਾਤ ਤੱਕ ਦੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਜ਼ਿੰਮੇਵਾਰੀ ਨਾਲ ਸੇਵਾਵਾਂ ਨਿਭਾਅ ਕੇ ਬੱਚਿਆਂ ਨੂੰ ਸਿੱਖਿਅਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਗੁਰੂ ਦੇ ਰੂਪ ਵਿੱਚ ਮੰਨੇ ਜਾਂਦੇ ਅਧਿਆਪਕਾਂ ਨੂੰ ਵੀ ਵਿਸ਼ੇਸ਼ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਹ ਪ੍ਰੋਗਰਾਮ ਸੰਘਰਸ਼ ਕਮੇਟੀ ਦੇ ਪ੍ਰਧਾਨ ਰੋਹਿਤ ਗੁਗਲਾਣੀ ਦੀ ਪ੍ਰਧਾਨਗੀ ਹੇਠ ਸੰਪੰਨ ਹੋਇਆ ਤੇ ਇਸ ਮੌਕੇ ਸੀ. ਵਾਈਸ ਪ੍ਰਧਾਨ ਡਾ. ਕੇਵ ਸਿੰਘ ਨੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਨ ਵਾਲੇ ਬੱਚਿਆਂ ਨੂੰ ਸਟੇਸ਼ਨਰੀ ਵੰਡੀ। ਇਸ ਮੌਕੇ ਸਲਾਹਕਾਰ ਦੇਸ ਰਾਜ ਗੁਗਲਾਣੀਆ, ਰਾਜ ਕਪੂਰ, ਖਜ਼ਾਨਚੀ ਗੁਰਮੇਜ਼ ਲਾਲ, ਮਾਸਟਰ ਨਿਰਵੈਰ ਸਿੰਘ, ਡਾ. ਜਗਸੀਰ ਸਿੰਘ, ਪ੍ਰੈੱਸ ਸਕੱਤਰ ਸਤਨਾਮ ਸਿੰਘ ਫਲੀਆਂਵਾਲਾ ਨੇ ਬੱਚਿਆਂ ਨੂੰ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੰਘਰਸ਼ ਕਮੇਟੀ ਵੱਲੋਂ ਮੁੱਖ ਅਧਿਆਪਕ ਸਮਸ਼ੇਰ ਸਿੰਘ, ਮੈਡਮ ਵੀਰਪਾਲ ਕੌਰ, ਮੈਡਮ ਮਨਦੀਪ ਕੌਰ, ਗੁਰਦੇਵ ਸਿੰਘ ਸਤਨਾਮ ਸਿੰਘ ਆਦਿ ਦਾ ਸਨਮਾਨ ਕੀਤਾ ਗਿਆ।

## ਐੱਸ ਆਰ ਐੱਸ ਵਿੱਦਿਆਪੀਠ 'ਚ ਮਨਾਇਆ ਵਿਸਾਖੀ ਦਾ ਤਿਉਹਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿੱਚ ਕਿੰਡਰਗਾਰਟਨ ਦੇ ਛੋਟੇ-ਛੋਟੇ ਬੱਚਿਆਂ ਵੱਲੋਂ ਵਿਸਾਖੀ ਦਾ ਤਿਉਹਾਰ ਬਹੁਤ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਕਿੰਡਰਗਾਰਟਨ ਵਿੰਗ ਦੀ ਐਕਟੀਵਿਟੀ ਇੰਚਾਰਜ ਸ਼ਰੂਤੀ ਮਿੱਤਲ ਨੇ ਵਿਸਾਖੀ ਦੇ ਤਿਉਹਾਰ ਲਈ ਕੁਝ ਗਤੀਵਿਧੀਆਂ ਦਾ ਆਯੋਜਨ ਕਰਵਾਇਆ।ਸਾਰੇ ਬੱਚੇ ਪੰਜਾਬੀ ਪਹਿਰਾਵੇ ਵਿੱਚ ਆਏ।ਛੋਟੇ-ਛੋਟੇ ਬੱਚੇ ਪਹਿਰਾਵੇ ਵਿੱਚ ਬਹੁਤ ਹੀ ਸੁੰਦਰ ਲੱਗ ਰਹੇ ਸਨ।ਛੋਟੇ-ਛੋਟੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਨਰਸਰੀ ਤੇ ਕੇ ਜੀ ਵਨ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਗੀਤ 'ਤੇ ਡਾਂਸ ਪੇਸ਼ ਕੀਤਾ ਗਿਆ।ਕੇ ਜੀ ਟੂ ਦੇ ਬੱਚਿਆਂ ਵੱਲੋਂ ਗਿੱਧਾ ਤੇ ਭੰਗੜਾ ਪੇਸ਼ ਕਰ ਕੇ ਸਭ ਨੂੰ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ ਗਏ।ਸਾਰੇ ਬੱਚਿਆਂ ਨੇ ਇਸ ਪ੍ਰੋਗਰਾਮ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਮਿਸ ਮਿਲੀ ਚੰਸ, ਚੇਅਰਮੈਨ ਅਮਿਤ ਸਿੰਗਲਾ ਤੇ ਸੈਕਟਰੀ ਲਲਿਤ ਸਿੰਗਲਾ ਵੱਲੋਂ ਸਾਰੇ ਬੱਚਿਆਂ ਨੂੰ ਵਿਸਾਖੀ ਦੇ ਤਿਉਹਾਰ ਦੀ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਅਜਿਹੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਗਿਆ।

## ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਵਸ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਲੱਖੋਵਾਲ ਕਲਾਂ ਵਿਖੇ ਡਾ. ਭੀਮ ਰਾਓ ਅੰਬੇਡਕਰ ਸੇਵਾ ਸੁਸਾਇਟੀ ਵੱਲੋਂ ਬਾਬਾ ਸਾਹਿਬ ਜੀ ਦਾ ਜਨਮ ਦਿਵਸ ਮਨਾਇਆ ਗਿਆ ਤੇ ਉਨ੍ਹਾਂ ਦੇ ਚਿੱਤਰ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਪਿੰਡ ਦੇ ਪਤਵੰਤੇ ਸੱਜਣਾਂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ। ਇਸ ਮੌਕੇ ਸਰਪੰਚ ਅਨੀਤ ਰਾਣੀ, ਸੁਸ਼ੀਲ ਭਾਰਤੀ, ਚਰਨਜੀਤ ਸਿੰਘ, ਅਮਰ ਚੰਦ, ਧਰਮਪਾਲ, ਸੁਲੱਖਣ ਸਿੰਘ, ਮਾ. ਛਿੰਦਰਪਾਲ, ਰਣਜੀਤ ਜੀਤੀ, ਜਸਵਿੰਦਰਪਾਲ, ਦੇਵ ਰਾਜ, ਸਤਪਾਲ, ਜਸਵਿੰਦਰ ਸੋਨੂੰ, ਅਵਤਾਰ ਸਿੰਘ, ਸਤੀਸ਼ ਕੁਮਾਰ, ਹਰਦੀਪ ਦੀਪੀ, ਦਰਬਾਰਾ ਸਿੰਘ, ਨਿਰਮਲ ਭੰਗੂ, ਰਵੀ ਭੰਗੂ, ਸੋਨੂੰ ਭੰਗੂ, ਪਰਮਜੀਤ ਬੈਂਗੜ ਮੌਜੂਦ ਸਨ।

## ਜ਼ਿਲ੍ਹਾ ਪੱਧਰੀ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਕਰਵਾਈ



**ਭੀਖੀ (ਧਰਮਵੀਰ ਸ਼ਰਮਾ)**-ਜ਼ਿਲ੍ਹਾ ਕਿੱਕ ਬਾਕਸਿੰਗ ਐਸੋਸੀਏਸ਼ਨ ਵੱਲੋਂ ਚੌਥੀ ਜ਼ਿਲ੍ਹਾ ਪੱਧਰੀ ਕਿੱਕ ਬਾਕਸਿੰਗ ਚੈਂਪੀਅਨਸ਼ਿਪ-2024 ਬਾਬਾ ਫ਼ਰੀਦ ਅਕੈਡਮੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਉੱਭਾ ਵਿਖੇ ਕਰਵਾਈ ਗਈ।ਇਸ ਚੈਂਪੀਅਨਸ਼ਿਪ ਵਿੱਚ ਪੰਜ ਬਲਾਕ ਬੁਢਲਾਡਾ, ਬਰੇਟਾ, ਸਰਦੂਲਗੜ੍ਹ, ਭੀਖੀ, ਮਾਨਸਾ ਦੇ ਲਗਭਗ 140 ਵਿਦਿਆਰਥੀਆਂ ਨੇ ਭਾਗ ਲਿਆ।ਇਸ ਚੈਂਪੀਅਨਸ਼ਿਪ ਦੇ ਮੁੱਖ ਮਹਿਮਾਨ ਡੀ ਐੱਸ ਓ ਮਾਨਸਾ ਨਵਜੋਤ ਧਾਲੀਵਾਲ ਤੇ ਮੈਡਮ ਵੀਰਪਾਲ ਕੌਰ ਚੇਅਰਮੈਨ ਮੈਡੀਕਲ ਕਾਲਜ ਝੁਨੀਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਖੇਡ ਨੂੰ ਖੇਡ ਭਾਵਨਾ ਨਾਲ ਖੇਡਣ ਲਈ ਖਿਡਾਰੀਆਂ ਨੂੰ ਪ੍ਰੇਰਿਤ ਕੀਤਾ।ਇਸ ਚੈਂਪੀਅਨਸ਼ਿਪ ਵਿੱਚ ਬਰੇਟਾ ਪਹਿਲੇ, ਭੀਖੀ ਦੂਜੇ ਤੇ ਬੁਢਲਾਡਾ ਤੀਜੇ ਸਥਾਨ 'ਤੇ ਰਹੇ।ਐਸੋਸੀਏਸ਼ਨ ਦੇ ਫਾਊਂਡਰ ਜਗਤਾਰ ਸਿੰਘ ਤੇ ਚੇਅਰਮੈਨ ਮਨਪ੍ਰੀਤ ਸਿੰਘ, ਪ੍ਰਧਾਨ ਡਾ. ਮਨਿੰਦਰਜੀਤ ਸਿੰਘ, ਵਾਈਸ ਪ੍ਰਧਾਨ ਡਾ. ਗੁਰਪ੍ਰੀਤ ਸਿੰਘ, ਡਾ. ਮਨਪ੍ਰੀਤ ਸਿੰਘ, ਜਨਰਲ ਸਕੱਤਰ ਸੋਮਨਾਥ, ਵਾਈਸ ਸਕੱਤਰ ਤੇਜਿੰਦਰਪਾਲ, ਅਮਰ ਸਿੰਘ ਨੂਰੀ, ਤਕਨੀਕੀ ਡਾਇਰੈਕਟਰ ਅਮਨਦੀਪ ਸਿੰਘ, ਮੈਂਬਰ ਰਵੀ, ਕਮਲ, ਜਗਦੀਪ ਸਿੰਘ, ਮਾਲਵਿੰਦਰ ਸਿੰਘ, ਜਸਵਿੰਦਰ ਸਿੰਘ ਹਾਜ਼ਰ ਸਨ।ਪ੍ਰਬੰਧਕਾਂ ਨੇ ਖਿਡਾਰੀਆ ਤੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ।

## ਅੰਤਰਰਾਜੀ ਹੱਦਾਂ 'ਤੇ ਕੀਤੀ ਨਾਕਾਬੰਦੀ ਦਾ ਅਧਿਕਾਰੀਆਂ ਵੱਲੋਂ ਜਾਇਜ਼ਾ



**ਮੂਨਕ (ਰਾਜਪਾਲ ਸਿੰਗਲਾ)**-ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਵੱਲੋਂ ਸੰਗਰੂਰ ਜ਼ਿਲ੍ਹੇ ਦੇ ਲਹਿਰਾ, ਮੂਨਕ ਤੇ ਖਨੌਰੀ ਖੇਤਰਾਂ ਦੀਆਂ ਗੁਆਂਢੀ ਸੂਬੇ ਨਾਲ ਲੱਗਦੀਆਂ ਅੰਤਰ-ਰਾਜੀ ਹੱਦਾਂ ਉੱਤੇ ਚੌਕਸੀ ਵਧਾਉਣ ਦੇ ਦਿੱਤੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਸ਼ਾਸਨ ਤੇ ਪੁਲਸ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਲਗਾਤਾਰ ਅਚਨਚੇਤ ਦੌਰਾ ਕਰਕੇ ਜਾਇਜ਼ਾ ਲਿਆ ਜਾ ਰਿਹਾ ਹੈ।ਇਸੇ ਕੜੀ ਤਹਿਤ ਸਹਾਇਕ ਰਿਟਰਨਿੰਗ ਅਫਸਰ ਸੂਬਾ ਸਿੰਘ, ਡੀ ਐੱਸ ਪੀ ਮੂਨਕ ਪਰਮਿੰਦਰ ਸਿੰਘ ਤੇ ਡੀ ਐੱਸ ਪੀ ਲਹਿਰਾ ਦੀਪਕ ਰਾਏ ਦੀ ਅਗਵਾਈ ਹੇਠ ਪ੍ਰਸ਼ਾਸਨ ਤੇ ਪੁਲਸ ਦੇ ਵੱਖ-ਵੱਖ ਅਧਿਕਾਰੀਆਂ ਨੇ ਮੂਨਕ, ਰਾਮਪੁਰਾ ਗੁੱਜਰਾਂ, ਕੜੈਲ, ਚੋਟੀਆਂ, ਖਨੌਰੀ ਸਮੇਤ ਹੋਰ ਵੱਖ-ਵੱਖ ਥਾਵਾਂ 'ਤੇ ਕੀਤੀ ਗਈ ਨਾਕਾਬੰਦੀ ਦਾ ਵਿਸ਼ੇਸ਼ ਨਰੀਖਣ ਕੀਤਾ।ਸਹਾਇਕ ਰਿਟਰਨਿੰਗ ਅਫਸਰ ਸੂਬਾ ਸਿੰਘ ਨੇ ਦੱਸਿਆ ਕਿ ਇਸ ਇਲਾਕੇ ਵਿੱਚ ਜਿਹੜੇ ਪਿੰਡ ਅੰਤਰ-ਰਾਜੀ ਹੱਦ ਦੇ ਨਾਲ ਨਾਲ ਵਸੇ ਹੋਏ ਹਨ, ਉੱਥੇ ਪ੍ਰਸ਼ਾਸਨ, ਪੁਲਸ, ਐਕਸਾਈਜ਼, ਸਿਹਤ, ਮਾਲ ਵਿਭਾਗ ਉੱਤੇ ਅਧਾਰਤ ਵੱਖ-ਵੱਖ ਟੀਮਾਂ 24 ਘੰਟੇ ਗਸ਼ਤ ਤੇ ਨਿਗਰਾਨੀ ਲਈ ਕਾਰਜਸ਼ੀਲ ਹਨ। ਸੁਰੱਖਿਆ ਵਿਵਸਥਾ ਨੂੰ ਸੁਚਾਰੂ ਰੱਖਣ ਲਈ ਫਲਾਇੰਗ ਸਕੁਏਡ ਟੀਮਾਂ ਤੇ ਜੀਪੀਐੱਸ ਸੁਵਿਧਾ ਵਾਲੀਆਂ ਵਿਸ਼ੇਸ਼ ਗੱਡੀਆਂ ਸਬ ਡਵੀਜ਼ਨਾਂ ਵਿੱਚ 24 ਘੰਟੇ ਗਸ਼ਤ ਕਰ ਰਹੀਆਂ ਹਨ।

# ਕਾਮਰੇਡ ਅਰਸ਼ੀ ਦੇ ਜੀਜਾ ਗੁਰਬਚਨ ਸਿੰਘ ਦੇ ਦਿਹਾਂਤ 'ਤੇ ਵੱਖ-ਵੱਖ ਆਗੂਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ

### ਅੰਤਮ ਅਰਦਾਸ ਤੇ ਭੋਗ 21 ਨੂੰ

**ਬੁਢਲਾਡਾ/ਮਾਨਸਾ (ਅਸ਼ੋਕ ਲਾਕੜਾ/ਆਤਮਾ ਸਿੰਘ ਪਮਾਰ)**



ਸੀ ਪੀ ਆਈ ਦੇ ਨੈਸ਼ਨਲ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਤੇ ਸਮੁੱਚੇ ਪਰਵਾਰ ਨੂੰ ਉਸ ਸਮੇਂ ਨਾ ਪੂਰਾ ਹੋਣ ਵਾਲ਼ਾ ਘਾਟਾ ਪਿਆ, ਜਦੋਂ ਕਾਮਰੇਡ ਅਰਸ਼ੀ ਦੇ ਜੀਜਾ ਜੀ ਗੁਰਬਚਨ ਸਿੰਘ (79) ਬਾਲਿਆਂਵਾਲੀ ਦਾ ਪਿਛਲੇ ਦਿਨੀਂ ਸੰਖੇਪ ਬਿਮਾਰੀ ਕਾਰਨ ਦਿਹਾਂਤ ਹੋ ਗਿਆ।ਇਸ ਮੌਕੇ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ, ਜ਼ਿਲ੍ਹਾ ਸਕੱਤਰ ਕ੍ਰਿਸ਼ਨ ਸਿੰਘ ਚੌਹਾਨ, ਏਟਕ ਦੇ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਜ਼ਿਲ੍ਹਾ ਸਹਾਇਕ ਸਕੱਤਰ ਸੀਤਾ ਰਾਮ ਗੋਬਿੰਦਪੁਰਾ, ਦਲਜੀਤ ਸਿੰਘ ਮਾਨਸ਼ਾਹੀਆ, ਰੂਪ ਸਿੰਘ ਢਿੱਲੋਂ ਸਕੱਤਰ ਮਾਨਸਾ, ਵੇਦ ਪ੍ਰਕਾਸ਼ ਸਕੱਤਰ ਬੁਢਲਾਡਾ, ਇਸਤਰੀ ਸਭਾ ਦੇ ਅਰਵਿੰਦਰ ਕੌਰ, ਮਨਜੀਤ ਕੌਰ ਗਾਮੀਵਾਲਾ, ਚਰਨਜੀਤ ਕੌਰ, ਨੌਜਵਾਨ ਸਭਾ ਦੇ ਰਜਿੰਦਰ ਹੀਰੇਵਾਲਾ, ਹਰਪ੍ਰੀਤ ਸਿੰਘ, ਕਿਸਾਨ ਸਭਾ ਦੇ ਮਲਕੀਤ ਸਿੰਘ ਮੰਦਰਾਂ, ਜਗਰਾਜ ਸਿੰਘ ਹੀਰਕੇ, ਮੁਲਾਜ਼ਮ ਆਗੂ ਕਰਨੈਲ ਭੀਖੀ, ਸਾਧੂ ਸਿੰਘ ਰਾਮਾਨੰਦੀ, ਖੇਤ ਮਜ਼ਦੂਰ ਆਗੂਆਂ ਕੇਵਲ ਸਮਾਓ, ਕਪੂਰ ਸਿੰਘ ਕੋਟ ਲੱਲੂ ਆਦਿ ਆਗੂਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਪ੍ਰਧਾਨ ਧੰਨਾ ਮੱਲ ਗੋਇਲ, ਸੰਵਿਧਾਨ ਬਚਾਓ ਮੰਚ ਦੇ ਐਡਵੋਕੇਟ ਗੁਰਲਾਭ ਮਾਹਲ, ਆੜ੍ਹਤੀਆ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਮੁਨੀਸ਼ ਕੁਮਾਰ ਬੱਬੀ ਦਾਨੇਵਾਲੀਆ, ਕਰਿਆਨਾ ਐਸੋਸੀਏਸ਼ਨ ਦੇ ਸੁਰੇਸ਼ ਕੁਮਾਰ ਨੰਦਗੜ੍ਹੀਆ, ਸਾਬਕਾ ਪ੍ਰਧਾਨ ਨਗਰ ਕੌਂਸਲ ਮਨਦੀਪ ਸਿੰਘ ਗੋਰਾ ਸਮੇਤ ਵੱਖ-ਵੱਖ ਆਗੂਆਂ ਨੇ ਵੀ ਗਹਿਰੇ ਦੁੱਖ਼ ਦਾ ਪ੍ਰਗਟਾਵਾ ਕੀਤਾ।

ਸੀ ਪੀ ਆਈ ਆਗੂ ਕ੍ਰਿਸ਼ਨ ਚੌਹਾਨ ਨੇ ਦੱਸਿਆ ਕਿ ਗੁਰਬਚਨ ਸਿੰਘ ਦੀ ਅੰਤਮ ਅਰਦਾਸ ਤੇ ਭੋਗ ਉਹਨਾ ਦੇ ਜੱਦੀ ਪਿੰਡ ਬਾਲਿਆਂਵਾਲੀ ਵਿਖ਼ੇ 21 ਅਪ੍ਰੈਲ ਨੂੰ ਬਾਅਦ ਦੁਪਹਿਰ ਗੁਰਦੁਆਰਾ ਸ੍ਰੀ ਸੁੱਖ ਸਾਗਰ ਸਾਹਿਬ ਵਿਖੇ ਪਵੇਗਾ।

# ਰਾਮਗੜ੍ਹੀਆ ਵੈੱਲਫੇਅਰ ਕੌਂਸਲ ਦੀ ਮੀਟਿੰਗ ਹੋਈ

**ਜਗਰਾਉਂ (ਅਮਿਤ ਖੰਨਾ)**-ਰਾਮਗੜ੍ਹੀਆ ਵੈਲਫੇਅਰ ਕੌਂਸਲ ਦੀ ਮੀਟਿੰਗ ਗੁਰਦੁਆਰਾ ਵਿਸ਼ਕਰਮਾ ਮੰਦਿਰ ਦੇ ਮੀਟਿੰਗ ਹਾਲ ਵਿੱਚ ਰੱਖੀ ਗਈ, ਜਿਸ ਵਿੱਚ ਕੈਬਿਨੇਟ ਮੰਤਰੀ ਸਰਦਾਰ ਲਾਲਜੀਤ ਸਿੰਘ ਭੁੱਲਰ ਵੱਲੋਂ ਵਰਤੀ ਗਈ ਭੱਦੀ ਸ਼ਬਦਾਵਲੀ, ਜੋ ਚੋਣ ਪ੍ਰਚਾਰ ਕਰਦੇ ਹੋਏ ਉਹਨਾਂ ਨੇ ਰਾਮਗੜ੍ਹੀਆ ਬਰਾਦਰੀ ਜੋ ਸਤਿਕਾਰਤ ਕੌਮ ਨੂੰ ਗੁੱਲੀਘੜ ਸੰਬੋਧਤ ਕੀਤਾ ਗਿਆ। ਉਹ ਇੱਥੇ ਹੀ ਨਹੀਂ ਰੁਕੇ ਹੋਰ ਵੀ ਓਬੀਸੀ ਜਮਾਤਾਂ ਜਿਵੇਂ ਕਿ ਸੁਨਿਆਰਾ ਭਾਈਚਾਰਾ ਤੇ ਦਰਜੀ ਭਾਈਚਾਰੇ ਨੂੰ ਵੀ ਨਹੀਂ ਬਖਸ਼ਿਆ ਗਿਆ, ਜਿਸ ਦਾ ਕੀ ਸਮੁੱਚੇ ਭਾਈਚਾਰੇ ਵੱਲੋਂ ਕਰੜਾ ਵਿਰੋਧ ਕੀਤਾ ਗਿਆ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਗਈ। ਇਸ ਬੇਲਗਾਮ ਚੋਣ ਲੜ ਰਹੇ ਮੰਤਰੀ ਲਾਲਜੀਤ ਸਿੰਘ ਭੁੱਲਰ ਖਿਲਾਫ ਤੁਰੰਤ ਐਕਸ਼ਨ ਲਿਆ ਜਾਵੇ ਅਤੇ ਲੁੜੀਂਦੀ ਕਾਰਵਾਈ ਨਾ ਹੋਣ ਤੇ ਸੰਘਰਸ਼ ਤਿੱਖਾ ਕੀਤਾ ਜਾਵੇਗਾ।



# ਉਮੇਸ਼ ਮਕਵਾਨਾ ਦੇ ਹੱਕ 'ਚ ਮਾਨ ਵੱਲੋਂ ਰੋਡ ਸ਼ੋਅ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਗੁਜਰਾਤ ਦੇ ਦੋ ਰੋਜ਼ਾ ਚੋਣ ਦੌਰੇ ਦੌਰਾਨ ਮੰਗਲਵਾਰ ਭਾਵਨਗਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਉਮੇਸ਼ ਮਕਵਾਨਾ ਦੇ ਹੱਕ ਵਿੱਚ ਰੋਡ ਸ਼ੋਅ ਦੌਰਾਨ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਆਮ ਆਦਮੀ ਪਾਰਟੀ ਨੂੰ ਜਿਤਾਉਣ ਦੀ ਅਪੀਲ ਕੀਤੀ।ਮਾਨ ਨੇ ਕਿਹਾ ਕਿ ਗੁਜਰਾਤ ਦੇ ਲੋਕਾਂ ਦਾ ਮੂਡ ਦੇਖ ਕੇ ਮੈਨੂੰ ਲੱਗਦਾ ਹੈ ਕਿ ਅੱਜ ਤੋਂ ਗੁਜਰਾਤ ਵਿੱਚ ਕ੍ਰਾਂਤੀ ਸ਼ੁਰੂ ਹੋ ਜਾਵੇਗੀ। ਇਸ ਚੋਣ 'ਚ ਗੁਜਰਾਤ ਵਿੱਚ ਇੱਕ ਨਵੀਂ ਕਹਾਣੀ ਲਿਖੀ ਜਾਵੇਗੀ। ਉਨ੍ਹਾ ਕਿਹਾ ਕਿ ਇਹ ਲੜਾਈ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਲਈ ਹੈ। ਅਸੀਂ ਇਸ ਨੂੰ ਹਰ ਕੀਮ ' ਤੇ ਜਿੱਤਣਾ ਹੈ।ਜੇਲ੍ਹ 'ਚ ਬੰਦ 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨਾਲ ਮੁਲਾਕਾਤ ਦੀ ਕਹਾਣੀ ਸੁਣਾਉਂਦੇ ਹੋਏ ਭਗਵੰਤ ਮਾਨ ਕਾਫ਼ੀ ਭਾਵੁਕ ਹੋ ਗਏ। ਉਨ੍ਹਾ ਕਿਹਾ ਕਿ ਅਰਵਿੰਦ ਕੇਜਰੀਵਾਲ ਨਾਲ ਜੇਲ੍ਹ 'ਚ ਅੱਤਵਾਦੀ ਵਰਗਾ ਸਲੂਕ ਕੀਤਾ ਜਾ ਰਿਹਾ ਹੈ। ਉਹ



ਮੁਲਾਕਾਤ ਵੀ ਇਸ ਤਰ੍ਹਾਂ ਕਰਵਾ ਰਹੇ ਹਨ, ਜਿਵੇਂ ਉਹ ਕੋਈ ਵੱਡਾ ਅੱਤਵਾਦੀ ਹੋਵੇ। ਉਨ੍ਹਾ ਲੋਕਾਂ ਨੂੰ ਕਿਹਾ ਕਿ ਸਾਡੇ ਇਹ ਹੰਝੂ ਵਿਅਰਥ ਨਹੀਂ ਜਾਣਗੇ।

ਦੇਸ਼ ਦੀ ਜਨਤਾ ਭਾਜਪਾ ਦੇ ਅੱਤਿਆਚਾਰਾਂ ਦਾ ਜਵਾਬ ਵੋਟ ਰਾਹੀਂ ਦੇਵੇਗੀ ਅਤੇ ਉਸ ਨੂੰ ਹਰਾ ਕੇ ਸੱਤਾ ਤੋਂ ਲਾਂਭੇ ਕਰੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਜਪਾ ਦੀ ਤਾਨਾਸ਼ਾਹੀ ਦਾ ਜਵਾਬ ਦੇਣ ਲਈ ਕੇਜਰੀਵਾਲ ਬਣਨ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਮਾਨਸਾ ਦੀ ਮੀਟਿੰਗ

**ਮਾਨਸਾ (ਆਤਮਾ ਸਿੰਘ ਪਮਾਰ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਮਾਨਸਾ ਦੀ ਵਿਸ਼ੇਸ਼ ਮੀਟਿੰਗ ਸਥਾਨਕ ਅਮਰ ਰਿਜ਼ੋਰਟ ਪ੍ਰਧਾਨ ਪ੍ਰੇਮ ਗਰਗ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਜ਼ਿਲ੍ਹਾ ਸਕੱਤਰ ਸਿਮਰਜੀਤ ਸਿੰਘ ਗਾਗੋਵਾਲ, ਪ੍ਰੈੱਸ ਸਕੱਤਰ ਮੈਂਗਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਜਥੇਬੰਦੀ ਵਿੱਚੋਂ ਵਿੱਛੜੇ ਸਾਥੀਆਂ ਤੇ ਪਰਿਵਾਰਕ ਮੈਂਬਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਜਥੇਬੰਦਕ ਤੌਰ 'ਤੇ ਚੇਤਨ ਕਰਦਿਆਂ ਆਗੂਆਂ ਨੇ ਜਥੇਬੰਦੀ ਦੀਆਂ ਮੀਟਿੰਗਾਂ ਵਿੱਚ ਹਾਜ਼ਰੀ ਯਕੀਨੀ ਬਣਾਉਣ, ਉਲੀਕੇ ਜਥੇਬੰਦਕ ਕਾਰਜਾਂ, ਮੈਂਬਰਸ਼ਿਪ ਵਧਾਉਣ ਤੇ ਜਥੇਬੰਦੀ ਦੀ ਬਿਹਤਰੀ ਲਈ ਤਨਦੇਹੀ ਅਤੇ ਸਹਿਣਸ਼ੀਲਤਾ ਨਾਲ ਕਾਰਜ ਕਰਦਿਆਂ, ਸਾਫ ਸੁਥਰੀ ਪ੍ਰੈਕਟਿਸ ਦੇ ਨਾਲ ਨਾਲ ਨਸ਼ਿਆਂ ਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਕੁਰੀਤੀਆਂ ਖ਼ਿਲਾਫ਼ ਜਨ ਜਾਗ੍ਰਤੀ ਵਰਗੇ ਕਾਰਜ ਕਰਨ ਨੂੰ ਤਰਜੀਹ ਦੇਣ ਦਾ ਸੱਦਾ ਦਿੱਤਾ। ਵਿਸਾਖੀ ਦੇ ਤਿਉਹਾਰ ਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਦੀਆਂ ਵਧਾਈਆਂ ਵੀ ਦਿੱਤੀਆਂ ਗਈਆਂ।ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਬਲਾਕ ਪ੍ਰਧਾਨ ਪ੍ਰੇਮ ਗਰਗ ਨੇ ਆਪਣੇ ਸੰਬੋਧਨ ਦੌਰਾਨ ਚੋਣਾਂ ਸਮੇਂ ਵੋਟਾਂ ਮੰਗਣ ਆਉਣ ਵਾਲੀਆਂ ਰਾਜਨੀਤਕ ਪਾਰਟੀਆਂ ਤੇ ਸਰਕਾਰ ਦੇ ਨੁਮਾਇੰਦਿਆਂ ਨੂੰ ਜਾਬਤੇ ਵਿੱਚ ਰਹਿ ਕੇ ਲੋਕਾਂ ਨਾਲ ਕੀਤੇ ਵਾਅਦੇ ਸਿਹਤ, ਸਿੱਖਿਆ, ਰੁਜ਼ਗਾਰ ਤੇ ਜਥੇਬੰਦੀ ਦੀਆਂ ਮੰਗਾਂ ਪ੍ਰਤੀ ਸਵਾਲ ਪੁੱਛਣ ਲਈ ਕਿਹਾ।ਵਿਧਾਨ ਸਭਾ ਦੇ ਸੈਸ਼ਨਾਂ ਵਿੱਚ ਬੇਸ਼ੱਕ ਮਾਨਯੋਗ ਚਾਰ ਵਿਧਾਇਕਾਂ ਵੱਲੋਂ ਜਥੇਬੰਦੀ ਦੀਆਂ ਮੰਗਾਂ ਨਾਲ ਸਹਿਮਤੀ ਜਤਾਉਂਦਿਆਂ ਟ੍ਰੇਨਿੰਗ ਦੇ ਕੇ ਕਾਨੂੰਨੀ ਮਾਨਤਾ ਦੇਣ ਦੀ ਸਰਕਾਰ ਨੂੰ ਸਿਫਾਰਸ਼ ਵੀ ਕੀਤੀ ਗਈ, ਪ੍ਰੰਤੂ ਸਰਕਾਰ ਵੱਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਸੂਬਾ ਅਜਲਾਸ ਬਾਰੇ ਜਾਣਕਾਰੀ ਦਿੰਦਿਆਂ ਗੀਵਿਊ ਰਿਪੋਰਟ ਦਾ ਖਰੜਾ ਵੀ ਸਾਂਝਾ ਕੀਤਾ ਤੇ ਜਲਦੀ ਆਪਣੇ ਸੁਝਾਅ ਦੇਣ ਲਈ ਕਿਹਾ।ਆਗੂਆਂ ਨੇ ਸਪੱਸ਼ਟ ਕੀਤਾ ਕਿ ਜਥੇਬੰਦੀ ਦਾ ਕਿਸੇ ਵੀ ਰਾਜਨੀਤਕ ਦਲ ਨਾਲ ਕੋਈ ਸਬੰਧ ਨਹੀਂ।ਅਜੋਕੇ ਸਮੇਂ ਭਰਾਤਰੀ ਜਥੇਬੰਦੀਆਂ ਨਾਲ ਸਾਂਝ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।ਕੈਸ਼ੀਅਰ ਲਾਭ ਸਿੰਘ ਵੱਲੋਂ ਪਿਛਲੇ ਲੇਖੇ ਜੋਖੇ ਦੀ ਰਿਪੋਰਟ ਵੀ ਪੇਸ਼ ਕੀਤੀ ਗਈ ਤੇ ਸਹਾਇਕ ਕੈਸ਼ੀਅਰ ਦੇ ਤੌਰ 'ਤੇ ਸੁਖਪ੍ਰੀਤ ਸਿੰਘ ਦੀ ਚੋਣ ਕੀਤੀ ਗਈ।ਇਸ ਸਮੇਂ ਬਲਾਕ ਸਕੱਤਰ ਜਗਸੀਰ ਸਿੰਘ ਭੈਣੀ ਬਾਘਾ, ਕਰਮਜੀਤ ਸਿੰਘ, ਚਿਮਨ ਲਾਲ, ਮਨੋਜ ਖਿਆਲਾ, ਸੁਖਦਰਸ਼ਨ ਖਾਰਾ, ਮੱਖਣ ਸਿੰਘ ਖੋਖਰ, ਜਗਰੂਪ ਸਿੰਘ, ਸੁਧੀਰ ਚਿਲਾਣਾ, ਗੁਰਪ੍ਰੀਤ ਕੋਟ, ਸਤੀਸ਼ ਮਿੱਢਾ ਆਦਿ ਨੇ ਵੀ ਵਿਚਾਰ ਸਾਂਝੇ ਕੀਤੇ।



## ਬਠਿੰਡਾ ਤੋਂ ਪਰਮਪਾਲ ਕੌਰ ਇੱਕ ਮਜਬੂਤ ਉਮੀਦਵਾਰ : ਗਗਨਦੀਪ ਸ਼ਰਮਾ

ਬਰੇਟਾ (ਰੀਤਵਾਲ) ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਚੋਣਾਂ ਲਈ ਹਲਕਾ ਬਠਿੰਡਾ ਤੋਂ ਐਲਾਨੇ ਉਮੀਦਵਾਰ ਪਰਮਪਾਲ ਕੌਰ ਮਲੂਕਾ (ਸਾਬਕਾ ਆਈ.ਏ.ਐਸ) ਦਾ ਸਵਾਗਤ ਕਰਦੇ ਹੋਏ ਭਾਜਪਾ ਦੇ ਮੰਡਲ ਬਰੇਟਾ ਦੇ ਪ੍ਰਧਾਨ ਗਗਨਦੀਪ ਸ਼ਰਮਾ ਕਿਹਾ ਕਿ ਪਰਮਪਾਲ ਕੌਰ ਇੱਕ ਮਜ਼ਬੂਤ ਉਮੀਦਵਾਰ ਹਨ, ਜਿਨ੍ਹਾਂ ਕੋਲ ਪ੍ਰਸ਼ਾਨਿਕ ਕੰਮਾਂ ਦਾ ਇੱਕ ਲੰਮਾ ਤਜਰਬਾ ਹੈ। ਉਨ੍ਹਾਂ ਕਿਹਾ ਕਿ ਪਰਮਪਾਲ ਕੌਰ ਮਲੂਕਾ ਇੱਕ ਪੜ੍ਹੇ-ਲਿਖੇ, ਇਮਾਨਦਾਰ ਤੇ ਸੁਲਝੇ ਹੋਏ ਉਮੀਦਵਾਰ ਹਨ। ਉਨ੍ਹਾਂ ਕਿਹਾ ਕਿ ਉਹ ਆਪਣੇ ਉਮੀਦਵਾਰ ਦੀ ਜਿੱਤ ਲਈ ਦਿਨ-ਰਾਤ ਇੱਕ ਕਰ ਦੇਣਗੇ। ਉਨ੍ਹਾਂ ਆਮ ਆਦਮੀ ਪਾਰਟੀ ਦੀ ਅਲੋਚਨਾ ਕਰਦਿਆਂ ਕਿਹਾ ਕਿ ਇਨ੍ਹਾਂ ਵੱਲੋਂ ਇਨ੍ਹਾਂ ਲੋਕ ਸਭਾ ਵਿੱਚ ਕਿਸੇ ਵੀ ਔਰਤ ਨੂੰ ਟਿਕਟ ਨਹੀ ਦਿੱਤੀ ਗਈ, ਜੋ ਬਹੁਤ ਹੀ ਮੰਦਭਾਗਾ ਹੈ ਤੇ ਔਰਤਾਂ ਦਾ ਅਪਮਾਨ ਹੈ।

## ਸੁਖਬੀਰ ਬਾਦਲ ਨੇ ਭਰੋਸੇਯੋਗਤਾ ਖਤਮ ਕਰ ਲਈ : ਬਰਸਟ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਆਮ ਆਦਮੀ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਅਤੇ ਚੇਅਰਮੈਨ ਪੰਜਾਬ ਮੰਡੀ ਬੋਰਡ ਹਰਚੰਦ ਸਿੰਘ ਬਰਸਟ ਨੇ ਮੰਗਲਵਾਰ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸੱਤਾ ਦੌਰਾਨ ਆਪਣੇ ਨਿੱਜੀ ਕਾਰੋਬਾਰ ਨੂੰ ਵਧਾਉਣ ਲਈ ਸੱਤਾ ਦੀ ਦੁਰਵਰਤੋਂ ਕਰਦੇ ਰਹੇ ਹਨ ਅਤੇ ਹੰਕਾਰ ਵਿੱਚ ਆ ਕੇ ਪੰਜਾਬ ਵਿੱਚ ਨੌਜਵਾਨਾਂ ਦਾ ਘਾਣ ਕਰਨ ਵਾਲੇ ਸੁਮੇਧ ਸਿੰਘ ਸੈਣੀ ਵਰਗਿਆਂ ਨੂੰ ਪੰਜਾਬ ਪੁਲਸ ਦਾ ਮੁਖੀ ਬਣਾ ਆਪਣੇ ਨਾਲ ਰੱਖ ਕੇ ਸੰਗਤਾਂ 'ਤੇ ਦਬਾਅ ਪਾਉਂਦੇ ਰਹੇ ਹਨ। ਪੰਜਾਬ ਦੇ ਲੋਕਾਂ ਨੂੰ ਬਿਜਲੀ ਦੀ ਸਹੂਲਤ ਦੇਣ ਦੇ ਨਾਂਅ 'ਤੇ ਆਮ ਲੋਕਾਂ ਨੂੰ ਬਿਜਲੀ ਚੋਰ ਬਣਨ ਲਈ ਸਿੱਧੀਆਂ ਕੁੰਡੀਆਂ ਪਾਉਣ ਦੇ ਭਾਸ਼ਨ ਦਿੰਦੇ ਰਹੇ ਹਨ। ਇਸੇ ਲਈ ਅੱਜ ਇਨ੍ਹਾਂ ਦਾ ਵਕਾਰ ਬਿਲਕੁਲ ਖਤਮ ਹੋ ਗਿਆ ਹੈ।

ਟਜਿੱਥੇ ਪੰਜਾਬ ਦੀ ਜਨਤਾ ਦਾ ਵਿਸ਼ਵਾਸ ਸੁਖਬੀਰ ਸਿੰਘ ਬਾਦਲ ਨੇ ਗਵਾ ਲਿਆ ਸੀ, ਹੁਣ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨਾਲ ਕੀਤੇ ਵਿਵਹਾਰ ਤੋਂ ਬਾਅਦ ਸਮੁੱਚੀ ਅਕਾਲੀ ਲੀਡਰਸ਼ਿਪ ਦਾ ਵਿਸ਼ਵਾਸ ਵੀ ਖਤਮ ਹੋ ਗਿਆ, ਜਿਸ ਦੇ ਨਤੀਜੇ ਭੁਗਤਣ ਲਈ ਸੁਖਬੀਰ ਬਾਦਲ ਤਿਆਰ ਰਹਿਣ।

# ਕਿਸਾਨ ਅੰਦੋਲਨ ਤੇ ਭਾਜਪਾ ਦਾ ਵਿਰੋਧ ਜਾਰੀ ਰੱਖਾਂਗੇ : ਆਗੂ

### ਕਿਸਾਨ ਮੋਰਚਾ ਸ਼ੰਭੂ 63ਵੇਂ ਦਿਨ 'ਚ ਦਾਖਲ



**ਕੋਟ ਈਸੇ ਖਾਂ (ਅਰੋੜਾ)**-ਕਿਸਾਨ ਮਜ਼ਦੂਰ ਮੋਰਚੇ ਦੇ ਆਗੂ ਬਲਵੰਤ ਸਿੰਘ ਬਹਿਰਾਮਕੇ ਸੂਬਾ ਪ੍ਰਧਾਨ ਬੀਕੇਯੂ ਬਹਿਰਾਮਕੇ, ਸੀਨੀਅਰ ਮੀਤ ਪ੍ਰਧਾਨ ਬਚਨ ਸਿੰਘ ਭੁੱਲਰ, ਮੀਤ ਪ੍ਰਧਾਨ ਚਮਕੌਰ ਸਿੰਘ ਉਸਮਾਨਵਾਲਾ ਨੇ ਇੱਕ ਸਾਂਝੇ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਪਿਛਲੇ ਦਿਨੀਂ ਕੇ ਐੱਮ ਐੱਮ ਤੇ ਐੱਸ ਕੇ ਐੱਮ ਗੈਰ-ਰਾਜਨੀਤਕ ਦੇ ਦੋਨਾਂ ਫੋਰਮਾਂ ਵੱਲੋਂ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਸੀ ਕਿ ਪੂਰੇ ਦੇਸ਼ ਵਿੱਚ ਚੋਣਾਂ ਦੌਰਾਨ ਬੀਜੇਪੀ ਦਾ ਜ਼ਬਰਦਸਤ ਵਿਰੋਧ ਕੀਤਾ ਜਾਵੇਗਾ, ਉਸੇ ਲੜੀ ਤਹਿਤ ਅੱਜ ਉਸੇ ਤਰ੍ਹਾਂ ਪੂਰੇ ਦੇਸ਼ ਤੇ ਪੰਜਾਬ ਅੰਦਰ ਵੀ ਵੱਡੇ ਪੱਧਰ 'ਤੇ ਕਿਸਾਨਾਂ ਤੇ ਕਿਸਾਨ ਜਥੇਬੰਦੀਆਂ ਵੱਲੋਂ ਬੀਜੇਪੀ ਦਾ ਵਿਰੋਧ ਜਾਰੀ ਹੈ ਤੇ ਜਾਰੀ ਰੱਖਾਂਗੇ।ਉਨ੍ਹਾਂ ਕਿਹਾ ਕਿ 13 ਫਰਵਰੀ ਤੋਂ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਵੱਡੀ ਗਿਣਤੀ ਵਿੱਚ ਕਿਸਾਨ ਟ੍ਰੈਕਟਰ ਟਰਾਲੀਆਂ ਸਮੇਤ ਸ਼ਾਂਤਮਈ ਢੰਗ ਨਾਲ ਅੰਦੋਲਨ ਨੂੰ ਚਲਾਇਆ ਜਾ ਰਿਹਾ ਹੈ।ਕਿਸਾਨਾਂ 'ਤੇ ਜਬਰ ਕਰਨ ਵਾਲੀ ਭਾਜਪਾ ਸਰਕਾਰ ਦੇ ਐੱਮ ਪੀ ਪਿੰਡਾਂ ਵਿੱਚ ਕਿਹੜੇ ਮੂੰਹ ਨਾਲ ਵੋਟਾਂ ਮੰਗ ਰਹੇ ਹਨ।ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਕਿਸਾਨ ਅੰਦੋਲਨ ਦੌਰਾਨ, ਜੋ ਵਾਅਦੇ ਬਕਾਇਆ ਮੰਗਾਂ ਦੇ ਸਾਡੇ ਨਾਲ ਕੀਤੇ ਸੀ, ਅੱਜ ਦੇਸ਼ ਦਾ ਅੰਨਦਾਤਾ ਤੇ ਮਜ਼ਦੂਰ ਉਹ ਮੰਗਾਂ ਨੂੰ ਮਨਵਾਉਣ ਲਈ ਬਾਰਡਰਾਂ 'ਤੇ ਬੈਠਾ ਹੈ।ਉਨ੍ਹਾਂ ਕਿਹਾ ਕਿ ਪਿਛਲੇ ਦਸ ਸਾਲਾਂ ਤੋਂ ਇਸ ਭਾਜਪਾ ਸਰਕਾਰ ਨੇ ਨੋਟਬੰਦੀ, ਜੀ ਐੱਸ ਟੀ ਤੇ ਬੇਹਤਾਸ਼ਾ ਮਹਿੰਗਾਈ ਵਿੱਚ ਵਾਧਾ ਕੀਤਾ, ਉਥੇ ਡੀਜ਼ਲ, ਪੈਟਰੋਲ ਦੀਆਂ ਕੀਮਤਾਂ 'ਚ ਲਗਾਤਾਰ ਵਾਧਾ ਕੀਤਾ ਗਿਆ।ਜੁਮਲੇਬਾਜ਼ੀ ਕਰਕੇ ਬਣਾਈ ਸਰਕਾਰ ਦੀ ਮਨਿਆਦ ਬਹੁਤ ਘੱਟ ਹੁੰਦੀ ਹੈ, ਹੁਣ ਪੂਰੇ ਦੇਸ਼ ਅੰਦਰ ਬੀਜੇਪੀ ਨੂੰ ਕੋਈ ਮੂੰਹ ਨਹੀਂ ਲਾ ਰਿਹਾ।ਉਨ੍ਹਾਂ ਕਿਸਾਨਾਂ, ਮਜ਼ਦੂਰਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਪੂਰੇ ਦੇਸ਼ ਅੰਦਰ ਬੀਜੇਪੀ ਦੇ ਵਿਰੁੱਧ ਸਘੰਰਸ਼ ਹੋਰ ਤਿੱਖਾ ਕਰਕੇ ਵਿਰੋਧ ਜਾਰੀ ਰੱਖਿਆ ਜਾਵੇ।

# ਟੈਕਨੀਕਲ ਐਂਡ ਮਕੈਨੀਕਲ ਇੰਪ. ਯੂਨੀਅਨ ਦੀ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**- ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ (ਪੰਜਾਬ) ਬ੍ਰਾਂਚ ਮਾਨਸਾ ਦੀ ਇੱਕ ਅਹਿਮ ਮੀਟਿੰਗ ਪ੍ਰਧਾਨ ਜਗਦੇਵ ਸਿੰਘ ਘੁਰਕਣੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੂਬਾ ਪ੍ਰੈੱਸ ਸਕੱਤਰ ਬਾਬੂ ਸਿੰਘ ਫਤਿਹਪੁਰ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਜਥੇਬੰਦੀ ਦੇ ਲਗਾਤਾਰ 30 ਸਾਲ ਤੋਂ ਸਰਬਸੰਮਤੀ ਨਾਲ ਚੁਣੇ ਜਾਂਦੇ ਬ੍ਰਾਂਚ ਪ੍ਰਧਾਨ, ਡੀ. ਐੱਮ. ਐੱਫ. ਦੇ ਜ਼ਿਲ੍ਹਾ ਪ੍ਰਧਾਨ ਤੇ ਸਟੇਟ ਦੇ ਵਿੱਤ ਸਕੱਤਰ ਸਾਥੀ ਜਗਦੇਵ ਸਿੰਘ ਘੁਰਕਣੀ 39 ਸਾਲ ਸੇਵਾ ਪੂਰੀ ਕਰਦੇ ਹੋਏ 30 ਅਪ੍ਰੈਲ 2024 ਨੂੰ ਸੇਵਾ ਮੁਕਤ ਹੋ ਰਹੇ ਹਨ। ਉਨ੍ਹਾਂ ਦੇ ਵਿਦਾਇਗੀ ਸਮਾਰੋਹ ਸਬੰਧੀ ਵਿਚਾਰ ਚਰਚਾ ਕਰਦੇ ਹੋਏ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਹਿਕਮੇ ਵਿੱਚ ਫੀਲਡ ਕਰਮਚਾਰੀਆਂ ਦੇ ਸੇਵਾ ਮੁਕਤ ਹੋਣ ਕਾਰਨ ਵਾਟਰ ਸਪਲਾਈ ਦੀਆਂ ਅਸਾਮੀਆ ਖ਼ਾਲੀ ਹੋ ਰਹੀਆਂ ਹਨ, ਜਿਨ੍ਹਾਂ ਨਹਿਰੀ ਵਾਟਰ ਵਰਕਸ ਸਕੀਮਾਂ ਉੱਪਰ 7-8 ਕਰਮਚਾਰੀ ਕੰਮ ਕਰਦੇ ਸਨ, ਉਨ੍ਹਾਂ ਉੱਪਰ ਇੱਕ-ਇੱਕ ਕਰਮਚਾਰੀ ਹੀ ਕੰਮ ਕਰ ਰਿਹਾ ਹੈ, ਜਿਸ ਕਾਰਨ ਪਿੰਡਾਂ ਦੀਆਂ ਜਲ ਸਪਲਾਈਆਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ।ਪੰਜਾਬ ਸਰਕਾਰ ਵੱਲੋਂ ਜਲ ਘਰਾਂ 'ਤੇ ਰੈਗੂਲਰ ਸਟਾਫ ਭਰਤੀ ਨਾ ਕਰਨਾ, ਠੇਕਾ ਅਧਾਰਤ ਕਾਮਿਆਂ ਨੂੰ ਪੱਕਾ ਨਾ ਕਰਨਾ, ਜਲ ਘਰਾਂ ਦਾ ਪੰਚਾਇਤੀਕਰਨ ਤੇ ਨਿੱਜੀਕਰਨ ਕਰਨ ਦੀਆਂ ਚਾਲਾਂ ਸਬੰਧੀ ਚਿੰਤਾ ਪ੍ਰਗਟਾਉਂਦਿਆਂ ਮੁਲਾਜ਼ਮ ਮਾਰੂ ਨੀਤੀਆਂ ਦੀ ਪੁਰਜ਼ੋਰ ਨਿਖੇਧੀ ਕੀਤੀ।ਜਲ ਘਰਾਂ ਉੱਪਰ ਸਟਾਫ ਦੀ ਘਾਟ ਕਾਰਨ ਫੀਲਡ ਮੁਲਾਜ਼ਮਾਂ ਤੇ ਉਚ ਅਧਿਕਾਰੀਆਂ ਨੂੰ ਆ ਰਹੀਆਂ ਪਾਣੀ ਸਪਲਾਈ ਸਬੰਧੀ ਮੁਸ਼ਕਲਾਂ ਬਾਰੇ ਅਹਿਮ ਵਿਚਾਰਾਂ ਕੀਤੀਆਂ।ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਰੈਗੂਲਰ ਭਰਤੀ ਕਰਕੇ ਜਲ ਸਪਲਾਈ ਉੱਪਰ ਸਟਾਫ ਦੀ ਘਾਟ ਪੂਰੀ ਕੀਤੀ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਡੀ ਏ ਜਾਰੀ ਕੀਤਾ ਜਾਵੇ, ਰਹਿੰਦਾ ਡੀ ਏ ਦਾ ਬਕਾਇਆ ਦਿੱਤਾ ਜਾਵੇ।ਮੀਟਿੰਗ ਵਿੱਚ ਜਨਰਲ ਸਕੱਤਰ ਬੋਘ ਸਿੰਘ ਫਫੜੇ, ਡਿਪਟੀ ਸਕੱਤਰ ਭੂਸ਼ਨ ਕੁਮਾਰ ਕੋਟੜਾ, ਚੀਫ਼ ਆਰਗੇਨਾਇਜ਼ਰ ਸੀਤਲ ਸਿੰਘ ਉੱਡਤ, ਵਿੱਤ ਸਕੱਤਰ ਜਸਵੀਰ ਸਿੰਘ ਰਾਜੂ ਘੁਰਕਣੀ, ਮੁੱਖ ਸਲਾਹਕਾਰ ਰਮੇਸ਼ਵਰ ਝੰਡਾ ਖੁਰਦ, ਸੀਨੀਅਰ ਮੀਤ ਪ੍ਰਧਾਨ ਇੰਦਰਜੀਤ ਗੋਗੀ ਸਰਦੂਲਗੜ੍ਹ, ਮੀਤ ਪ੍ਰਧਾਨ ਗੁਰਜੰਟ ਸਿੰਘ ਖਾਲਸਾ ਕੋਰ ਵਾਲਾ, ਕ੍ਰਿਸ਼ਨਜੀਤ ਰੋੜਕੀ, ਦਰਬਾਰਾ ਸਿੰਘ ਉੱਡਤ, ਪ੍ਰਚਾਰ ਸਕੱਤਰ ਦੀਪਕ ਕੁਮਾਰ ਸਰਦੂਲਗੜ੍ਹ, ਗੁਰਜੰਟ ਸਿੰਘ ਝੇਰਿਆਂਵਾਲੀ ਆਦਿ ਹਾਜ਼ਰ ਸਨ।

## ਈ.ਟੀ.ਟੀ. ਅਧਿਆਪਕ ਯੂਨੀਅਨ ਦਾ ਵਫ਼ਦ ਵਿਧਾਇਕ ਦਿਆਲਪੁਰਾ ਨੂੰ ਮਿਲਿਆ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੂੰ ਈ.ਟੀ.ਟੀ. 2364 ਬੇਰੁਜ਼ਗਾਰ ਅਧਿਆਪਕ ਯੂਨੀਅਨ ਪੰਜਾਬ ਦਾ ਇੱਕ ਵਫ਼ਦ ਮਿਲਿਆ। ਉਨ੍ਹਾਂ ਵਿਧਾਇਕ ਦਿਆਲਪੁਰਾ ਨੂੰ ਇੱਕ ਮੰਗ ਪੱਤਰ ਦਿੱਤਾ ਤੇ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਮਾਨਯੋਗ ਸੁਪਰੀਮ ਕੋਰਟ ਵੱਲੋਂ ਜਾਰੀ ਆਰਡਰਾਂ ਤੋਂ ਜਾਣੂ ਕਰਵਾਇਆ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜਸਵਿੰਦਰ ਸਿੰਘ ਮਾਛੀਵਾੜਾ, ਗੁਰਮੀਤ ਕੌਰ ਮਾਛੀਵਾੜਾ, ਵਰਿੰਦਰ ਸਿੰਘ ਸਰਹਿੰਦ, ਗੁਰਪ੍ਰੀਤ ਸਿੰਘ ਖਮਾਣੋ, ਸੁੱਖਾ ਰਾਮ ਢਿੱਲਵਾਂ, ਜਗਤਾਰ ਸਿੰਘ ਭੁੱਟਾ ਨੇ ਕਿਹਾ ਕਿ ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਸਬੰਧੀ 8 ਅਪ੍ਰੈਲ ਮਾਨਯੋਗ ਸੁਪਰੀਮ ਕੋਰਟ ਦੇ ਆਰਡਰ ਆਏ ਹਨ, ਜਿਸ ਵਿੱਚ ਬੀ. ਐਡ ਨੂੰ ਬਾਹਰ ਕੱਢਣ ਦੇ ਹੁਕਮ ਜਾਰੀ ਕੀਤੇ ਹਨ।

ਉਨ੍ਹਾਂ ਵਿਧਾਇਕ ਦਿਆਲਪੁਰਾ ਦੇ ਧਿਆਨ ਵਿੱਚ ਲਿਆਂਦਾ ਕਿ ਹੁਣ 2364 ਯੂਨੀਅਨ ਦੀ ਭਰਤੀ 'ਤੇ ਕੋਈ ਵੀ ਮਸਲਾ ਪੈਂਡਿੰਗ ਨਹੀਂ ਤੇ ਇਸ ਲਈ ਨਿਰੋਲ 2364 ਈਟੀਟੀ ਸਾਥੀਆਂ ਨੂੰ ਜਲਦ ਤੋਂ ਜਲਦ ਨਿਯੁਕਤੀ ਪੱਤਰ ਜਾਰੀ ਕੀਤੇ ਜਾਣ। ਵਿਧਾਇਕ ਦਿਆਲਪੁਰਾ ਨੇ ਯੂਨੀਅਨ ਦੇ ਆਗੂਆਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਤੇ ਜਲਦ ਹੱਲ ਕਰਵਾਉਣ ਦਾ ਭਰੋਸਾ ਦਿੱਤਾ।

## ...ਸ.ਫਾ 1 ਦੇ ਬਾਕੀ

### ਯੂ ਪੀ ਐੱਸ ਸੀ ...

ਪਹਿਲਾਂ ਹੀ ਆਈ ਪੀ ਐੱਸ ਅਫਸਰ ਹਨ। ਰੈਂਕ 1 ਹਾਸਲ ਕਰਨ ਵਾਲੇ ਆਦਿਤਯ, ਰੈਂਕ 4 ਹਾਸਲ ਕਰਨ ਵਾਲੇ ਸਿਧਾਰਥ ਰਾਮ ਕੁਮਾਰ ਤੇ ਰੈਂਕ 5 ਹਾਸਲ ਕਰਨ ਵਾਲੇ ਰੂਹਾਨੀ ਹੈਦਰਾਬਾਦ ਵਿਚ ਨੈਸ਼ਨਲ ਪੁਲਸ ਅਕੈਡਮੀ ਵਿਚ ਆਈ ਪੀ ਐੱਸ ਦੀ ਟਰੇਨਿੰਗ ਕਰ ਰਹੇ ਹਨ। ਪਿਛਲੇ 11 ਸਾਲਾਂ ਵਿਚ ਪਹਿਲੀ ਵਾਰ ਹੋਇਆ ਹੈ ਕਿ ਸਰਵਿਸ ਵਿਚ ਰਹਿੰਦਿਆਂ ਕਿਸੇ ਆਈ ਪੀ ਐੱਸ ਅਫਸਰ ਨੇ ਪ੍ਰੀਖਿਆ ਵਿਚ ਰੈਂਕ 1 ਹਾਸਲ ਕੀਤਾ ਹੈ। ਇਸ ਤੋਂ ਪਹਿਲਾਂ 2013 ਵਿਚ ਆਈ ਪੀ ਐੱਸ ਗੌਰਵ ਅੱਗਰਵਾਲ ਨੇ ਹਾਸਲ ਕੀਤਾ ਸੀ।

### ਪ੍ਰਮਾਣੂ ਹਥਿਆਰਾਂ ਬਾਰੇ...

ਤੋਂ ਪਰੇ ਹੈ।ਅਜੋਕੇ ਸਮੇਂ ਪੂਰੀ ਦੁਨੀਆ ਯੂਕਰੇਨ ਅਤੇ ਮੱਧ ਪੂਰਬ ਵਿਚ ਚੱਲ ਰਹੇ ਯੁੱਧਾਂ ਦੇ ਨਤੀਜੇ ਵਜੋਂ ਪ੍ਰਮਾਣੂ ਖਤਰੇ ਨੂੰ ਲੈ ਕੇ ਚਿੰਤਤ ਹੈ। ਆਈ ਡੀ ਪੀ ਡੀ ਦੇ ਸਰਪਰਸਤ ਡਾਕਟਰ ਐੱਸ ਐੱਸ ਸੂਦਨ, ਪ੍ਰਧਾਨ ਡਾ. ਅਰੁਣ ਮਿੱਤਰਾ ਅਤੇ ਜਨਰਲ ਸਕੱਤਰ ਡਾ. ਸ਼ਕੀਲ ਉਰ ਰਹਿਮਾਨ ਨੇ ਕਿਹਾ ਕਿ ਪ੍ਰਮਾਣੂ ਹਥਿਆਰਾਂ ਨੂੰ ਖਤਮ ਕਰਨਾ ਹੀ ਦੁਨੀਆ ਨੂੰ ਤਬਾਹੀ ਤੋਂ ਬਚਾਉਣ ਦਾ ਇਕੋ ਇਕ ਹੱਲ ਹੈ ਹੈ।ਸੰਯੁਕਤ ਰਾਸ਼ਟਰ ਪਹਿਲਾਂ ਹੀ ਪ੍ਰਮਾਣੂ ਹਥਿਆਰਾਂ ਦੀ ਰੋਕਥਾਮ (ਟੀ ਪੀ ਐੱਨ ਡਬਲਯੂ) 'ਤੇ ਇੱਕ ਸੰਧੀ ਪਾਸ ਕਰ ਚੁੱਕਾ ਹੈ।ਇਸ ਸੰਧੀ ਨੂੰ 70 ਦੇਸ਼ਾਂ ਨੇ ਪਹਿਲਾਂ ਹੀ ਮਨਜ਼ੂਰੀ ਦੇ ਦਿੱਤੀ ਹੈ।ਪਰਮਾਣੂ ਬਿਆਨਬਾਜ਼ੀ ਦੀ ਗੱਲ ਕਰਨ ਦੀ ਬਜਾਏ ਭਾਰਤ ਨੂੰ ਪ੍ਰਮਾਣੂ ਨਿਸ਼ਸਤਰੀਕਰਨ ਲਈ ਰਚਨਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ।ਇਹ ਸਭ ਜਾਣਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਪ੍ਰਮਾਣੂ ਹਥਿਆਰਾਂ ਵਾਲੇ ਦੇਸ਼ ਹੋਣ ਦੇ ਬਾਵਜੂਦ, ਕਾਰਗਿਲ ਯੁੱਧ ਹੋਇਆ ਸੀ। ਕਿਸੇ ਦੇਸ਼ ਦੀ ਸੁਰੱਖਿਆ ਯੁੱਧ ਭੜਕਾਉਣ ਦੀ ਬਜਾਏ ਨਾਗਰਿਕਾਂ ਨੂੰ ਨੌਕਰੀਆਂ, ਰੋਜ਼ੀ-ਰੋਟੀ ਦੇ ਸਾਧਨ, ਸਿਹਤ ਅਤੇ ਸਿੱਖਿਆ ਪ੍ਰਦਾਨ ਕਰਨ ਵਿੱਚ ਹੁੰਦੀ ਹੈ।


**COURT NOTICE**

(U/o 5 Rule 20 CPC)
In the Court of Ms. Babaljit Kaur
Civil Judge (Junior Division)-16, Jalandhar
CNR No. PBJL02-006042-2023
Next Date :- 02-07-2024
Suraj Parkash
Vs.
Shikha
Suit for grant of decree of permanant Injunction as prayed for
Publication Issued To:
Shikha W/o Sumit Sahni C/o Rishi Kapoor, 739, Tagore Nagar, Hoshiarpur.
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 02.07.2024 at 10:00 A.M.
For details logon to https://highcourtchd.gov.in/?trs=district_notice&district=Jalandhar
Civil Judge (Junior Division) 16 Jalandhar
Dated this day of 15-04-2024

**COURT NOTICE**

(U/o 5 Rule 20 CPC)
In the Court of
Ms. Ramandeep Kaur
Civil Judge (Junior Division)-9, Jalandhar
CNR No. PBJL02-002225-2023
Next Date :- 16-05-2024
CS37/15/2023
Sandhu Glass Pvt. Ltd.
Vs.
Surya Glass House
Suit for grant of decree for recovery of Rs.---- alongwith interest as prayed for
Publication Issued to :
Surya Glass House through its Authorized representative, 2. Vinod Kumar, Prop/Partner M/s Surya Glass House. Both at Karoran Road, Near Gurudwara Sahib Naya Gaon, SAS Nagar, 160103
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 16.05.2024 at 10:00 A.M.
For details logon to https://highcourtchd.gov.in/?trs=district_notice&district= Jalandhar
Civil Judge (Junior Division)-9, Jalandhar
Dated this day of 15-04-2024

**COURT NOTICE**

(Under Guardian and Ward Act)
In the Court of
MS. Ruchi Swapan Sharma
Additional Civil Judge Senior Division-2, Patiala
CNR No. PBPT02-000541-2024
Next Date : 07-05-2024
Suman W/o Late Rajnish Kumar S/o Atma Ram resident of H. No. 1370, Street No. 13, Guru Nanak Nagar Patiala Mother and natural guardian of minor Viraj Mahey S/o Late Rajnish Kumar resident of H. No. 1370 Street No. 13 Guru Nanak Nagar Patiala and also resident of 30 Freshbrook Avenue Truganina 3029, Melbourne VIC Australia
VS
General Public
Petition U/S 8 of the hindu Minority and Guardianship Act for grant of permission to Sell 1/4 Share of the minor Viraj Mahay
Notice to :
General Public
In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 07.05.2024 at 10:00 A.M.
For details logon to https://highcourtchd.gov.in/?trs=district_notice&district= Patiala
Additional Civil Judge Senior Division-2, Patiala
Dated this day of 15-04-2024

**COURT NOTICE**

In the Court of
Sh. Tarunpreet Singh
Judicial Magistrate-1st Class, Ludhiana
Coma/3506/2020
CNR No. PBLD03-013849-2020
Next Date : 16-05-2024
M/S HDFC Bank Limited
Vs
Narinder Singh Ghatorey
Publication Issued to :
Narinder Singh Ghatorey (82881432) R/o House No. 11638 Street No. 2 S.A.S. Nagar Millerganj ludhiana, 0,0, Ludhiana Punjab-141003.
In above titled case, the accused could not be served. It is ordered that accused should appear in person or through counsel on 16.05.2024 at 10:00 A.M.
For details logon to https://highcourtchd.gov.in/?trs=district_notice&district=Ludhiana
Judicial Magistrate-1st Class, Ludhiana
Dated, this day of 08.04.2024

**COURT NOTICE**

In the Court of
Sh. Tarunpreet Singh
Judicial Magistrate-1st Class, Ludhiana
Coma/4440/2020
CNR No. PBLD03-015894-2020
Next Date : 22-05-2024
State Bank of India
Vs
Monika
Publication Issued to :
Smt. Monika W/o Sh. Ashok Kumar R/o B-34, 5177, ST. No. 3, Anand Nagar Ludhiana.
In above titled case, the accused could not be served. It is ordered that accused should appear in person or through counsel on 22.05.2024 at 10:00 A.M.
For details logon to https://highcourtchd.gov.in/?trs=district_notice&district=Ludhiana
Judicial Magistrate-1st Class, Ludhiana
Dated, this day of 08.04.2024

**COURT NOTICE**

In the Court of
Sh. Tarunpreet Singh
Judicial Magistrate-1st Class, Ludhiana
Coma/43997/2022
CNR No. PBLD03-065815-2022
Next Date : 20-05-2024
Gurwinder Singh
Vs
Manpreet Arora
Publication Issued to :
Sh. Manpreet Arora S/o Sh. Satish Kumar Arora, R/o House No. 1361, Street No. 13, Tagore Nagar, Near Shehnai Palace, Jalandhar, 2nd Address : Sh. Manpreet Arora S/o Sh. Satish Kumar Arora, R/o 17425, Sherman Way, Apt 148, Van Nuys, CA-91406, Phone +1(909)243-6825
In above titled case, the accused could not be served. It is ordered that accused should appear in person or through counsel on 20.05.2024 at 10:00 A.M.
For details logon to https://highcourtchd.gov.in/?trs=district_notice&district= Ludhiana
Judicial Magistrate-1st Class, Ludhiana
Dated, this day of 08.04.2024

**COURT NOTICE**

(U/o 5 Rule 20 CPC)
In the Court of
MS. Neeraj Goyal
Civil Judge Junior Division-9, Patiala
CNR No. PBPT02-003199-2022
Next Date : 21-05-2024
Neena (W/o Rajiv Kumar, R/o H/ No. 63, Baba Jiwan Singh Nagar, Passi Road)
Vs.
Rajni (W/o Mohit Inder, R/o SST Nagar, Patiala)
Publication Issued to : Rajni :- Mohit Inder, SST Nagar, Patiala
In above titled case, the defendant(s)/ respondent (s) could not be served. It is ordered that defendant(s)/ respondent (s) should appear in person or through counsel on 21.05.2024 at 10:00 A.M.
For details logon to https://highcourtchd.gov.in/?trs=district_notice&district= Patiala
Civil Judge Junior Division-9, Patiala
Dated this day of 15-04-2024

**COURT NOTICE**

(U/o 5 Rule 20 CPC)
In the Court of Ms. Geeta Rani
Civil Judge (Junior Division), Kharar
CNR No. PBSAA0-001607-2022
Next Date :- 15-05-2024
Pranav Kapoor
Vs.
Municipal Council Office, Kharar
Publication Issued to :
3. Rajinder Singh ASI
Flat No. 35,Ground Floor, Block-1 near Gate No. 3, Shivjot Enclave,opposite Court complex, Teh. Kharar, Distt. SAS Nagar Mohali.
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 15.05.2024 at 10:00 A.M.
For details logon to https://highcourtchd.gov.in/?trs=district_notice&district= SAS Nagar
Civil Judge (Junior Division), Kharar
Dated this day of 08-04-2024

**COURT NOTICE**

(U/o 5 Rule 20 CPC)
In the Court of Mrs. Manzra Dutta
Civil Judge (Junior Division), Kharar
CNR No. PBSAA0-000109-2024
Next Date :- 15-05-2024
Paramjit Kumar
Vs.
Kanta Devi
Publication Issued to :
Def No. 1. Kanta Devi Wd/o Surinder Kumar
Def No. 2. Charan Dass S/o Surinder Kumar, Both R/o House No. 819, Ram Bagh Road, Sector 9, Kharar, Distt. Mohali.
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 15.05.2024 at 10:00 A.M.
For details logon to https://highcourtchd.gov.in/?trs=district_notice&district= SAS Nagar
Civil Judge (Junior Division), Kharar
Dated this day of 27-03-2024


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

17-April-PAGE-3.qxd 4/16/2024 10:25 PM Page 1



# ਮੀਂਹ-ਹਨੇਰੀ ਨਾਲ ਝੰਬੀ ਕਣਕ ਤੇ ਸਰ੍ਹੋਂ ਦੀ ਫਸਲ ਦਾ ਭਾਰੀ ਨੁਕਸਾਨ ਹੋਣ ਦਾ ਅਨੁਮਾਨ



**ਗੁਰਦਾਸਪੁਰ (ਜਨਕ ਮਹਾਜਨ)**-ਪਿਛਲੇ ਦੋ ਦਿਨਾਂ ਤੋਂ ਮੀਂਹ ਪੈਣ ਅਤੇ ਤੇਜ਼ ਹਨੇਰੀ ਚੱਲਣ ਕਾਰਨ ਕਿਸਾਨਾਂ ਦੀ ਪੱਕਣ ਲਈ ਤਿਆਰ ਕਣਕ ਤੇ ਸਰ੍ਹੋਂ ਦੀ ਫ਼ਸਲ ਖੇਤਾਂ ਵਿਚ ਵਿਛ ਗਈ ਹੈ ਅਤੇ ਇਸ ਨਾਲ ਦੋਵਾਂ ਫ਼ਸਲਾਂ ਦਾ ਭਾਰੀ ਨੁਕਸਾਨ ਹੋਣ ਕਰਕੇ ਕਣਕ ਦਾ ਝਾੜ ਵੀ ਘਟੇਗਾ ਜਿਸ ਨਾਲ ਕਿਸਾਨਾਂ ਦਾ ਆਰਥਿਕ ਤੌਰ 'ਤੇ ਨੁਕਸਾਨ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ। ਕਿਸਾਨ ਆਗੂ ਦਿਲਬਾਗ ਸਿੰਘ ਸੈਣੀ ਨੌਸ਼ਹਿਰਾ ਅਤੇ ਮਾਸਟਰ ਸੋਹਣ ਸਿੰਘ ਸੈਣੀ ਨੇ ਸਾਂਝੇ ਤੌਰ 'ਤੇ ਗੱਲਬਾਤ ਕਰਦਿਆਂ ਦੱਸਿਆ ਕਿ ਇਸ ਵਾਰ ਕਣਕ ਤੇ ਸਰ੍ਹੋਂ ਦੀ ਫ਼ਸਲ ਕਾਫ਼ੀ ਭਰਪੂਰ ਹੋ ਰਹੀ ਸੀ ਪਰ ਹੁਣ ਤੇਜ਼ ਹਨੇਰੀ ਅਤੇ ਵਰਖਾ ਕਾਰਨ ਸਰ੍ਹੋਂ ਅਤੇ ਕਣਕ ਦੀ ਫ਼ਸਲ ਨੂੰ ਲੰਮੇ ਪਾ ਦਿੱਤਾ ਹੈ। ਇਸ ਤਰ੍ਹਾਂ ਡਿਗੀ ਫਸਲ ਦੇ ਦਾਣੇ ਕਾਲੇ ਹੋਣ ਨਾਲ ਕਣਕ ਖਰਾਬ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਜਦ ਕਣਕ ਦੀ ਫ਼ਸਲ ਕਾਫ਼ੀ ਭਰਪੂਰ ਹੁੰਦੀ ਹੈ ਤਾਂ ਕਿਸੇ ਨਾ ਕਿਸੇ ਕੁਦਰਤੀ ਕਰੋਪੀ ਕਾਰਨ ਨੁਕਸਾਨ ਹੋ ਜਾਂਦਾ ਹੈ। ਕਿਸਾਨਾਂ ਨੇ ਕਿਹਾ ਇਸ ਨੁਕਸਾਨ ਨਾਲ ਉਨ੍ਹਾਂ ਦਾ ਆਪਣਾ ਖਰਚਾ ਚਲਾਉਣਾ ਜਿੱਥੇ ਔਖਾ ਹੋ ਜਾਂਦਾ ਹੈ ਉੱਥੇ ਹੀ ਬੈਂਕ ਨੂੰ ਦੇਣ ਵਾਲੀ ਕਰਜ਼ੇ ਦੀ ਕਿਸ਼ਤ ਵੀ ਅਦਾ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹਰ ਸਾਲ ਕਿਹਾ ਜਾਂਦਾ ਹੈ ਕਿ ਕਿਸਾਨਾਂ ਦੀ ਕਣਕ ਦੇ ਫ਼ਸਲ ਲਈ ਬੀਮੇ ਹੋਣਗੇ ਅਤੇ ਕਣਕ ਖਰਾਬ ਹੋਣ 'ਤੇ ਗਿਰਦਾਵਰੀ ਉਪਰੰਤ ਕਿਸਾਨਾਂ ਨੂੰ ਬਣਦਾ ਮੁਆਵਜ਼ਾ ਦਿੱਤਾ ਜਾਵੇਗਾ ਪਰ ਅਜਿਹਾ ਕਦੇ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਬੇਟ ਇਲਾਕਾ ਪਹਿਲਾਂ ਹੀ ਸੇਮ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਅਤੇ ਹੁਣ ਇਸ ਬਾਰਿਸ਼ ਨਾਲ ਸੇਮ ਵਾਲੀ ਜ਼ਮੀਨ ਵਿਚ ਖੜ੍ਹੀ ਕਮਾਦ ਦੀ ਫ਼ਸਲ ਨੂੰ ਵੀ ਖੇਤਾਂ ਵਿੱਚੋਂ ਬਾਹਰ ਕੱਢਣਾ ਮੁਸ਼ਕਿਲ ਹੋ ਜਾਵੇਗਾ। ਕਿਸਾਨਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਬੇਟ ਇਲਾਕੇ ਅੰਦਰ ਕਣਕ, ਸਰ੍ਹੋਂ, ਕਮਾਦ ਦੀ ਫ਼ਸਲ ਪ੍ਰਭਾਵਿਤ ਹੋਣ 'ਤੇ ਕਿਸਾਨਾਂ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ।

# ਵੇਈਂਪੂਈਂ 'ਚ ਕਣਕ ਦੇ ਪ੍ਰਦਰਸ਼ਨੀ ਪਲਾਟ 'ਤੇ ਕਿਸਾਨ ਖੇਤ ਦਿਵਸ ਮਨਾਇਆ



**ਖਡੂਰ ਸਾਹਿਬ (ਸਰਬਜੀਤ ਸਿੰਘ ਸੰਧੂ)**-ਪਿੰਡ ਵੇਈਂਪੂਈਂ ਜ਼ਿਲ੍ਹਾ ਤਰਨ ਤਾਰਨ ਵਿਖੇ ਮਾਨ. ਜੀ. ਆਰ. ਸੈਨ, ਲੁਧਿਆਣਾ ਅਤੇ ਟੀ. ਐੱਨ. ਸੀ. ਵੱਲੋਂ ਚਲਾਏ ਜਾ ਰਹੇ ਪਰਾਨਾ ਪ੍ਰੋਜੈਕਟ ਅਧੀਨ ਆਰ. ਜੀ. ਆਰ. ਸੈੱਲ ਦੇ ਐਗਰੀਕਲਚਰ ਡਾਇਰੈਕਟਰ ਬਲਜਿੰਦਰ ਸਿੰਘ ਸੈਣੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਕਿਸਾਨ ਗੁਰਵਿੰਦਰ ਸਿੰਘ ਨੰਬਰਦਾਰ ਦੇ ਕਣਕ ਦੇ ਪ੍ਰਦਰਸ਼ਨੀ ਪਲਾਟ 'ਤੇ ਕਿਸਾਨ ਖੇਤ ਦਿਵਸ ਦਾ ਆਯੋਜਨ ਕੀਤਾ ਗਿਆ।ਇਸ ਖੇਤ ਦਿਵਸ ਵਿੱਚ ਵੱਡੀ ਗਿਣਤੀ 'ਚ ਕਿਸਾਨਾਂ ਨੇ ਭਾਗ ਲਿਆ।ਇਸ ਖੇਤ ਦਿਵਸ ਵਿਚ ਏਰੀਆ ਮੈਨੇਜਰ ਬਲਜਿੰਦਰ ਸਿੰਘ, ਜ਼ਿਲ੍ਹਾ ਸਹਾਇਕ ਅਫ਼ਸਰ ਜੋਧਬੀਰ ਸਿੰਘ ਅਤੇ ਫੀਲਡ ਅਸਿਸਟੈਂਟ ਦਵਿੰਦਰ ਸਿੰਘ ਲਹਿਰੀ ਨੇ ਕਣਕ ਦੇ ਪ੍ਰਦਰਸ਼ਨੀ ਪਲਾਟ ਵਿਚ ਪਰਾਲੀ ਦੇ ਪ੍ਰਬੰਧਨ ਲਈ ਜੋ ਵੱਖ-ਵੱਖ ਮਸ਼ੀਨਾਂ ਵਰਤੀਆਂ ਗਈਆਂ ਸਨ, ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਆਏ ਨਤੀਜਿਆਂ 'ਤੇ ਚਾਨਣਾ ਪਾਇਆ ਗਿਆ ਅਤੇ ਨਾਲ ਹੀ ਆਏ ਹੋਏ ਕਿਸਾਨਾਂ ਨੂੰ ਪ੍ਰਦਰਸ਼ਨੀ ਪਲਾਟ ਦਾ ਦੌਰਾ ਵੀ ਕਰਵਾਇਆ ਗਿਆ।ਕਿਸਾਨਾਂ ਨੂੰ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਮਿੱਟੀ ਵਿੱਚ ਮਿਲਾਉਣ ਦੀ ਅਪੀਲ ਕੀਤੀ ਗਈ।ਇਸ ਮੌਕੇ ਉਪਰੰਤ ਝੋਨੇ ਅਤੇ ਬਾਸਮਤੀ ਦੀਆਂ ਘੱਟ ਸਮਾਂ ਲੈਣ ਵਾਲੀਆਂ ਕਿਸਮਾਂ ਅਤੇ ਝੋਨੇ ਦੀ ਸਿੱਧੀ ਬਿਜਾਈ ਬਾਰੇ ਕਿਸਾਨਾਂ ਨੂੰ ਅਪੀਲ ਕੀਤੀ ਗਈ।ਕਿਸਾਨਾਂ ਨੂੰ ਮਿੱਟੀ ਪਰਖ ਬਾਰੇ ਜਾਗਰੂਕ ਕੀਤਾ ਗਿਆ ਅਤੇ ਕਿਸਾਨਾਂ ਨੂੰ ਬੀਜ ਸੋਧ ਦੀ ਜਾਣਕਾਰੀ ਦਿੱਤੀ ਗਈ। ਕਿਸਾਨਾਂ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਿਆ।ਇਸ ਦੌਰਾਨ ਖੇਤੀ ਦੂਤ ਦਲਬੀਰ ਸਿੰਘ, ਜਗਰੂਪ ਸਿੰਘ, ਗੁਰਦੀਪ ਸਿੰਘ ਸਰਾਂ, ਕਿਰਨਬੀਰ ਸਿੰਘ ਵੀ ਹਾਜ਼ਰ ਰਹੇ।

# ਪੰਜਾਬ 'ਚ ਸਿਆਸਤ ਦੀ ਸਥਿਤੀ ਆਇਆ ਰਾਮ ਗਿਆ ਰਾਮ ਵਾਲੀ ਬਣੀ : ਵਡਾਲਾ



**ਆਦਮਪੁਰ (ਪਰਮਜੀਤ ਸਿੰਘ)**-ਸ਼੍ਰੋਮਣੀ ਅਕਾਲੀ ਦਲ ਸਿਧਾਂਤ ਅਤੇ ਪੰਥਕ ਪਾਰਟੀ ਹੈ ਨਿੱਜੀ ਹਿੱਤਾਂ ਨੂੰ ਮੁਹਰੇ ਰੱਖ ਪਾਰਟੀਆਂ ਬਦਲਣ ਵਾਲੇ ਕਿਸੇ ਦੇ ਨਹੀਂ ਹੋ ਸਕਦੇ ਪਾਰਟੀ ਪੂਰੀ ਤਾਕਤ ਨਾਲ ਲੋਕ ਸਭਾ ਚੋਣਾਂ ਵਿੱਚ ਉੱਤਰਨ ਨੂੰ ਤਿਆਰ ਹੈ ਤੇ ਆਇਆ ਰਾਮ ਗਿਆ ਰਾਮ ਵਰਗੀਆਂ ਨੂੰ ਇਸਦੇ ਨਤੀਜੇ ਆਪ ਭੁਗਤਣੇ ਪੈਣਗੇ ਅਤੇ ਜਨਤਾ ਇਸ ਵਾਰ ਦਲ ਬਦਲੂਆਂ ਨੂੰ ਮੂੰਹ ਨਹੀਂ ਲਵੇਗੀ ਤੇ ਨਤੀਜੇ ਦੱਸਣਗੇ ਕਿ ਪੰਜਾਬ ਦੀ ਜਨਤਾ ਇੱਕ ਵਾਰ ਫਿਰ ਅਕਾਲੀ ਦਲ ਨੂੰ ਫਤਵਾ ਦੇਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਕਾਲੀ ਦਲ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਅਤੇ ਸਾਬਕਾ ਵਿਧਾਇਕ ਗੁਰਪ੍ਰਤਾਪ ਵਡਾਲਾ ਨੇ ਆਦਮਪੁਰ ਵਿਖੇ ਸਰਕਲ ਜਥੇਦਾਰ ਅਤੇ ਅਹੁਦੇਦਾਰਾਂ ਦੀ ਵਰਕਰ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਹੇ। ਉਨ੍ਹਾਂ ਕਿਹਾ ਕਿ ਪਾਰਟੀ ਛੱਡ ਕੇ ਝਾੜੂ ਦਾ ਪੱਲਾ ਫੜਨ ਵਾਲੇ ਪਵਨ ਕੁਮਾਰ ਟੀਨੂੰ ਨੂੰ ਪਾਰਟੀ ਨੇ ਪੂਰਾ ਮਾਣ ਸਤਿਕਾਰ ਦਿੱਤਾ ਸੀ। ਦੋ ਵਾਰ ਵਿਧਾਇਕ, ਮੁੱਖ ਪਾਰਲੀਮਾਨੀ ਸਕੱਤਰ ਅਤੇ ਐਸ.ਸੀ.ਕਮਿਸ਼ਨ ਦੇ ਚੇਅਰਮੈਨ ਅਤੇ ਪਾਰਟੀ ਦੀ ਕੋਰ ਕਮੇਟੀ ਦਾ ਮੈਂਬਰ ਬਣਾਇਆ ਪਰ ਟੀਨੂੰ ਨੇ ਨਿੱਜੀ ਹਿੱਤਾਂ ਨੂੰ ਮੁੱਖ ਰੱਖਦਿਆਂ ਉਸ ਪਾਰਟੀ ਦਾ ਪੱਲਾ ਫੜ ਲਿਆ ਜਿਸ ਨੂੰ ਕੁਝ ਦਿਨ ਪਹਿਲਾਂ ਹੀ ਨਿਕੰਮੀ ਅਤੇ ਪੰਜਾਬ ਵਿਰੋਧੀ ਹੋਣ ਦੀਆਂ ਮੀਡੀਆ ਵਿੱਚ ਆਉਂਦੇ ਸਨ ਅਤੇ ਹੁਣ ਉਨ੍ਹਾਂ ਦੇ ਗੁਣਗਾਨ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅੱਜ ਦੇ ਅਹੁਦੇਦਾਰਾਂ ਦੇ ਇੱਕਠ ਨੇ ਦੱਸ ਦਿੱਤਾ ਹੈ ਕਿ ਪਾਰਟੀ ਅੱਜ ਵੀ ਮਜ਼ਬੂਤ ਹੈ ਤੇ ਆਉਂਦੀਆਂ ਚੋਣਾਂ ਵਿੱਚ ਵੀ ਪਾਰਟੀ ਉਮੀਦਵਾਰ ਨੂੰ ਵੱਡੀ ਲੀਡ ਦਿਵਾਉਣਗੇ। ਇਸ ਮੌਕੇ ਸਾਬਕਾ ਵਿਧਾਇਕ ਬਲਦੇਵ ਸਿੰਘ ਖਹਿਰਾ ਨੇ ਕਿਹਾ ਕਿ ਪਾਰਟੀ ਵੱਲੋਂ ਮਾਣ ਸਤਿਕਾਰ ਦੇਣ ਤੋਂ ਬਾਅਦ ਪਾਰਟੀ ਨਾਲ ਇਸ ਤਰਾਂ ਦਾ ਵਤੀਰਾ ਸਹੀ ਕਾਰਵਾਈ ਨਹੀਂ ਹੈ। ਇਸ ਮੌਕੇ ਅਕਾਲੀ ਦਲ ਦੇ ਸੀਨੀਅਰ ਆਗੂ ਗੁਰਦਿਆਲ ਸਿੰਘ ਨਿੱਝਰ, ਹਰਨਾਮ ਸਿੰਘ ਅਲਾਵਲਪੁਰ, ਮਲਕੀਤ ਸਿੰਘ ਦੌਲਤਪੁਰ, ਮੇਜਰ ਸਿੰਘ ਹਰੀਪੁਰ, ਸਤਪਾਲ ਸਿੰਘ ਜੱਜਲ, ਸੁਖਵਿੰਦਰ ਸਿੰਘ ਖਾਲਸਾ, ਧਰਮਪਾਲ ਲੇਸੜੀਵਾਲ, ਹਰਮੇਲ ਸਿੰਘ ਮੰਜ਼ੀ ਨੰਗਲ ਨੇ ਵੀ ਵਿਚਾਰ ਰੱਖੇ। ਇਸ ਮੌਕੇ ਕੁਲਵਿੰਦਰ ਸਿੰਘ ਟੌਨੀ, ਅਵਤਾਰ ਸਿੰਘ, ਰਘਵੀਰ ਸਿੰਘ, ਯੂਥ ਅਕਾਲੀ ਦਲ ਜ਼ਿਲ੍ਹਾ ਜਲੰਧਰ ਦਿਹਾਤੀ ਦੇ ਪ੍ਰਧਾਨ ਸਨੀ ਢਿੱਲੋਂ, ਲਖਵੀਰ ਸਿੰਘ ਹਜਾਰਾ, ਜਗਦੇਵ ਸਿੰਘ ਨਿੱਝਰ, ਵਿਜੇ ਕੁਮਾਰ, ਰਣਜੀਤ ਸਿੰਘ ਢੰਡੋਰ, ਹਰਜਿੰਦਰ ਸਿੰਘ, ਦਲਵੀਰ ਸਿੰਘ ਖੋਜਕੀਪੁਰ, ਦਲਜੀਤ ਸਿੰਘ ਭੱਟੀ, ਰਣਜੀਤ ਸਿੰਘ, ਅਮਰਜੀਤ ਸਿੰਘ ਅਰਜਨਵਾਲ ਅਤੇ ਹੋਰ ਹਾਜ਼ਰ ਸਨ।

# ਬਿਜਲੀ ਕਾਮਿਆਂ ਨੇ ਕਾਲ਼ਾ ਦਿਵਸ ਮਨਾਇਆ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਟੈਕਨੀਕਲ ਸਰਵਿਸਿਜ਼ ਯੂਨੀਅਨ ਰਜਿ. ਸਬ ਡਵੀਜ਼ਨ ਕਾਦੀਆਂ ਦੇ ਪ੍ਰਧਾਨ ਸੁਖਦੇਵ ਸਿੰਘ ਸੇਖਵਾਂ ਦੀ ਪ੍ਰਧਾਨਗੀ ਹੇਠ ਸਬ ਡਵੀਜ਼ਨ



ਕਾਦੀਆਂ ਵਿਖੇ ਬਿਜਲੀ ਕਾਮਿਆਂ ਵੱਲੋਂ ਕਾਲੇ ਬਿੱਲੇ ਲਾ ਕੇ ਅਤੇ ਕਾਲੇ ਝੰਡੇ ਲਹਿਰਾ ਕੇ ਹਰ ਸਾਲ ਦੀ ਤਰ੍ਹਾਂ 16 ਅਪ੍ਰੈਲ ਨੂੰ ਕਾਲ਼ਾ ਦਿਨ ਮਨਾਇਆ ਗਿਆ।ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਿਜਲੀ ਖੇਤਰ ਦੇ ਨਿੱਜੀਕਰਨ ਦੀ ਦਿਸ਼ਾ ਵਿਚ ਪਹਿਲੇ ਕਦਮ ਤਹਿਤ ਬਿਜਲੀ ਬੋਰਡ ਭੰਗ ਕਰਕੇ ਨਿਗਮੀਕਰਨ ਕੀਤਾ ਗਿਆ । ਸਰਕਾਰੀ ਥਰਮਲ ਪਲਾਂਟ ਬੰਦ ਕਰਕੇ ਨਿੱਜੀ ਕੰਪਨੀਆਂ ਦੇ ਥਰਮਲ ਪਲਾਂਟ ਚਾਲੂ ਕੀਤੇ ਗਏ, ਹਜ਼ਾਰਾਂ ਅਸਾਮੀਆਂ ਖਤਮ ਕੀਤੀਆਂ ਗਈਆਂ, ਸੇਵਾ ਸ਼ਰਤਾਂ ਬਦਲ ਦਿੱਤੀਆਂ ਗਈਆਂ, ਬਿਜਲੀ ਮਹਿੰਗੀ ਕੀਤੀ ਗਈ, ਪੱਕੇ ਰੁਜ਼ਗਾਰ ਦਾ ਖਾਤਮਾ ਕਰਕੇ ਠੇਕਾ ਪ੍ਰਣਾਲੀ ਲਾਗੂ ਕੀਤੀ ਗਈ।ਆਗੂਆਂ ਨੇ ਮੰਗ ਕੀਤੀ ਬਿਜਲੀ ਐਕਟ 2003 ਅਤੇ ਬਿਜਲੀ ਸੋਧ ਬਿੱਲ 2022 ਰੱਦ ਕੀਤਾ ਜਾਵੇ, ਸੀਆਰਏ 295/19 ਤਹਿਤ, ਭਰਤੀ ਹੋਏ ਕਰਮਚਾਰੀਆਂ ਨੂੰ ਤਿੰਨ ਸਾਲ ਦਾ ਪਰਖਕਾਲ ਸਮਾਂ ਪੂਰਾ ਹੋਣ ਤੇ ਰੈਗੂਲਰ ਕਰਕੇ ਪੂਰੀ ਤਨਖਾਹ ਜਾਰੀ ਕੀਤੀ ਜਾਵੇ, ਟਰਮੀਨੇਟ ਕੀਤੇ 25 ਮੁਲਾਜ਼ਮ ਬਹਾਲ ਕੀਤੇ ਜਾਣ, ਝੂਠੇ ਪਰਚੇ ਰੱਦ ਕੀਤੇ ਜਾਣ, ਸਰਕਾਰੀ ਥਰਮਲ ਪਲਾਂਟ ਚਾਲੂ ਕੀਤੇ ਜਾਣ, ਹਰ ਤਰ੍ਹਾਂ ਦੇ ਕੱਚੇ ਕਾਮੇ ਪੱਕੇ ਕੀਤੇ ਜਾਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਟੀਐੱਸਯੂ ਦੇ ਆਗੂ ਜਗਤਾਰ ਸਿੰਘ ਖੁੰਡਾ, ਸੁਰਜੀਤ ਸਿੰਘ ਗੁਰਾਇਆ, ਪ੍ਰੇਮ ਕੁਮਾਰ, ਸੁਖਦੇਵ ਸਿੰਘ ਸੇਖਵਾਂ, ਹਰਦੀਪ ਸਿੰਘ ਸੇਖੋਂ, ਫੈਡਰੇਸ਼ਨ ਏਟਕ ਵਲੋਂ ਦਲਜੀਤ ਸਿੰਘ, ਰਛਪਾਲ ਸਿੰਘ, ਐੱਮਯੂਓ ਜਥੇਬੰਦੀ ਵੱਲੋਂ ਮਨਦੀਪ ਸਿੰਘ, ਜਸਬੀਰ ਸਿੰਘ ਕੋਟ ਸ਼ਾਮਲ ਹੋਏ।

# ਲਾਲਪੁਰ ਦੇ ਹਾਈ ਸਕੂਲ 'ਚ ਅੱਖਾਂ ਦਾ ਮੁਫਤ ਕੈਂਪ 19 ਨੂੰ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਵਿੱਦਿਆ ਦੇ ਖੇਤਰ ਵਿਚ ਅਹਿਮ ਭੂਮਿਕਾ ਅਦਾ ਕਰ ਰਹੀ ਸਿੱਖਿਆ ਸੰਸਥਾ ਸਰਬਜੀਤ ਮੈਮੋਰੀਅਲ ਪਬਲਿਕ ਹਾਈ ਲਾਲਪੁਰ ਜਿਥੇ ਪੇਂਡੂ ਖੇਤਰ ਵਿਚ ਵਿੱਦਿਆ ਦਾ ਪ੍ਰਸਾਰ ਕਰ ਰਹੀ ਹੈ ਓਥੇ ਸਮਾਜ ਸੇਵਾ ਵਿਚ ਵੀ ਆਪਣਾ ਬਣਦਾ ਰੋਲ ਵੱਖ-ਵੱਖ ਗਤੀਵਿਧੀਆਂ ਰਾਹੀਂ ਜਿਵੇਂ ਕੁਦਰਤੀ ਆਫ਼ਤਾਂ ਜਾਂ ਸਿਹਤ ਸਹੂਲਤਾਂ ਦੇਣ ਵਿੱਚ ਵੀ ਵਧੀਆ ਨਿਭਾ ਰਹੀ ਹੈ।ਇਸ ਵਾਰੀ ਸਕੂਲ ਵਿੱਚ 19 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਅੱਖਾਂ ਦਾ ਕੈਂਪ ਲਗਾਇਆ ਜਾ ਰਿਹਾ ਹੈ।ਇਸ ਕੈਂਪ ਵਿੱਚ ਅਸਰ ਚੈਰੀਟੇਬਲ ਟਰੱਸਟ ਦੇ ਮੁੱਖ ਪ੍ਰਬੰਧਕ ਸਰਦਾਰ ਇੰਦਰਜੀਤ ਸਿੰਘ ਤੇ ਬੀਬੀ ਹਰਮਿੰਦਰ ਕੌਰ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ।ਇਸ ਬਾਬਤ ਸਕੂਲ ਪ੍ਰਿੰਸੀਪਲ ਸਕੱਤਰ ਸਿੰਘ ਸੰਧੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਸਰ ਚੈਰੀਟੇਬਲ ਟਰੱਸਟ ਯੂ ਕੇ ਵੱਲੋਂ ਇਸ ਕੈਂਪ ਵਿੱਚ ਮਾਹਰ ਡਾਕਟਰਾਂ ਵਲੋਂ ਅੱਖਾਂ ਦਾ ਮੁਫ਼ਤ ਚੈੱਕਅੱਪ ਕੀਤਾ ਜਾਵੇਗਾ।ਲੋੜਵੰਦਾਂ ਨੂੰ ਐਨਕਾਂ, ਦਵਾਈਆਂ ਤੇ ਜਿਨ੍ਹਾਂ ਦੇ ਅਪਰੇਸ਼ਨ ਹੋਣੇ ਹੋਣ ਉਨ੍ਹਾਂ ਦੇ ਅਪਰੇਸ਼ਨ ਵੀ ਮੁਫ਼ਤ ਕੀਤੇ ਜਾਣਗੇ।ਜ਼ਿਕਰਯੋਗ ਹੈ ਕਿ 2019 ਵਿਚ ਵੀ ਏਸੇ ਟਰੱਸਟ ਦੇ ਸਹਿਯੋਗ ਨਾਲ ਮੁਫਤ ਅੱਖਾਂ ਦਾ ਕੈਂਪ ਲਗਾਇਆ ਗਿਆ ਸੀ ਤੇ ਇਸ ਸਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਵੀ ਹੜ੍ਹ ਪੀੜਤਾਂ ਦੀ ਸਹਾਇਤਾ ਕੀਤੀ ਗਈ ਸੀ।ਪ੍ਰਾਈਵੇਟ ਸਕੂਲਾਂ ਦੀ ਜਥੇਬੰਦੀ ਰਾਸਾ ਵੱਲੋਂ ਲਗਾਏ ਖ਼ੂਨਦਾਨ ਕੈਂਪ ਵਿੱਚ ਵੀ ਇਸ ਸਕੂਲ ਦੇ ਸਟਾਫ ਤੇ ਵਿਦਿਆਰਥੀਆਂ ਨੇ ਮੋਹਰੀ ਭੂਮਿਕਾ ਨਿਭਾਈ ਸੀ।

# ਮਜੀਠੀਆ ਨੇ ਮਾਤਾ ਦੇ ਮੰਦਰ ਰੂਪੋਵਾਲੀ ਬ੍ਰਾਹਮਣਾਂ ਵਿਖੇ ਮੱਥਾ ਟੇਕਿਆ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਹਲਕਾ ਮਜੀਠਾ ਦੇ ਪਿੰਡ ਰੂਪੋਵਾਲੀ ਬ੍ਰਾਹਮਣਾਂ ਵਿਖੇ ਸਥਿਤ ਮਾਤਾ ਰਾਣੀ ਦੇ ਮੰਦਰ ਵਿਖੇ ਨਤਮਸਤਕ ਹੋਏ ਜਿਨ੍ਹਾਂ ਨੂੰ ਮੰਦਰ ਕਮੇਟੀ ਅਤੇ ਪਿੰਡ ਦੇ ਹੋਰ ਮੋਹਤਬਰਾਂ ਵੱਲੋਂ ਮਾਤਾ ਰਾਣੀ ਦੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮਜੀਠੀਆ ਨੇ ਕਿਹਾ ਕਿ ਮਾਤਾ ਰਾਣੀ ਹਰ ਜੀਵ-ਜੰਤੂ ਦੀ ਰੱਖਿਆ ਕਰਦੀ ਹੈ ਅਤੇ ਸਾਨੂੰ ਸਾਰਿਆਂ ਨੂੰ ਰਲ-ਮਿਲ ਕੇ ਅਜਿਹੇ ਸਰਬਸਾਂਝੇ ਤਿਉਹਾਰ ਮਨਾਉਣੇ ਚਾਹੀਦੇ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠੀਆ ਨੇ ਕਿਹਾ ਕਿ ਉਹ ਇੱਕ ਆਮ ਨਿਮਾਣੇ ਸੇਵਕ ਵਜੋਂ ਮਾਤਾ ਰਾਣੀ ਦੇ ਮੰਦਰ ਵਿਖੇ ਮੱਥਾ ਟੇਕਣ ਲਈ ਆਏ ਹਨ ਜਿਨ੍ਹਾਂ ਦੇ ਮਨ ਨੂੰ ਇੱਥੇ ਆ ਕੇ ਬਹੁਤ ਸਕੂਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਰ ਮੋਰਚੇ 'ਤੇ ਫੇਲ ਸਾਬਤ ਹੋਈ ਹੈ। ਲੋਕਾਂ ਨੂੰ ਸਬਜ਼ਬਾਗ ਵਿਖਾ ਕੇ ਝੂਠ ਦਾ ਸਹਾਰਾ ਲੈ ਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਮਸਲਿਆਂ ਨੂੰ ਵਿਸਾਰ ਕੇ ਆਪਣੇ ਆਕਾ ਕੇਜਰੀਵਾਲ ਨੂੰ ਖੁਸ਼ ਕਰਨ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਕਿਹਾ ਕਿ ਆ ਰਹੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਆਪ ਦੇ ਸਹਿਯੋਗ ਨਾਲ ਸ਼ਾਨਦਾਰ ਜਿੱਤ ਪ੍ਰਾਪਤ ਕਰੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸਾਬਕਾ ਸਰਪੰਚ ਸਤੀਸ਼ ਕੁਮਾਰ ਰੂਪੋਵਾਲੀ, ਸੁਖਵਿੰਦਰ ਸਿੰਘ ਗੋਲਡੀ ਸਿਆਸੀ ਸਲਾਹਕਾਰ ਮਜੀਠੀਆ ਅਤੇ ਹੋਰ ਆਗੂ ਵੀ ਹਾਜ਼ਰ ਸਨ ।

# ਵੋਟਰ ਜਾਗਰੂਕਤਾ ਮੁਹਿੰਮ ਜ਼ੋਰ-ਸ਼ੋਰ ਨਾਲ ਜਾਰੀ : ਐੱਸ ਡੀ ਐੱਮ

**ਬਟਾਲਾ, (ਡਾ. ਮਲਵਿੰਦਰ ਸਿੰਘ)**-ਡਾ. ਸ਼ਾਇਰੀ ਭੰਡਾਰੀ ਐੱਸਡੀਐੱਮ ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਣਯੋਗ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਲੋਕ ਸਭਾ ਚੋਣਾਂ-2024 ਦੌਰਾਨ ਵੋਟਿੰਗ 'ਇਸ ਵਾਰ ਸੱਤਰ ਪਾਰ' ਦਾ ਟੀਚਾ ਪੂਰਾ ਕਰਨ ਲਈ 'ਮਿਸ਼ਨ ਸਵੀਪ' ਤਹਿਤ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਜਿਨ੍ਹਾਂ ਪੋਲਿੰਗ ਬੂਥਾਂ 'ਤੇ ਰਾਸ਼ਟਰੀ ਵੋਟਿੰਗ ਪ੍ਰਤੀਸ਼ਤ (67.40 ਫ਼ੀਸਦੀ) ਤੋਂ ਘੱਟ ਪੋਲਿੰਗ ਹੋਈ ਸੀ, ਉਨ੍ਹਾਂ ਬੂਥਾਂ/ਖੇਤਰਾਂ ਵਿੱਚ ਵੋਟਰਾਂ ਨੂੰ ਉਤਸ਼ਾਹਿਤ/ਜਾਗਰੂਕ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵਿਸ਼ੇਸ਼ ਸਵੀਪ ਗਤੀਵਿਧੀਆਂ/ਕੈਂਪ ਲਗਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ ਜਿਸ ਤਹਿਤ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਘੱਟ ਪੋਲਿੰਗ ਵਾਲੇ ਬੂਥਾਂ ਉਪਰ ਸਵੀਪ ਤਹਿਤ ਵਿਸ਼ੇਸ਼ ਪ੍ਰੋਗਰਾਮ ਕਰਕੇ ਵੋਟਰਾਂ ਨੂੰ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਅੱਗੇ ਦੱਸਿਆ ਕਿ 19 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ (ਐੱਸ.ਸੀ.) ਦੇ ਸਰਕਾਰੀ ਪ੍ਰਾਇਮਰੀ ਸਕੂਲ ਪੱਤੀ ਟਾਂਡਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾੜੀ ਬੁੱਚੀਆਂ ਅਤੇ 24 ਅਪ੍ਰੈਲ ਨੂੰ ਵਿਧਾਨ ਸਭਾ ਹਲਕਾ ਫ਼ਤਿਹਗੜ੍ਹ ਚੂੜੀਆਂ ਦੇ ਸਰਕਾਰੀ ਐਲੀਮੈਂਟਰੀ ਸਕੂਲ ਸੁਨੱਈਆ, ਸਰਕਾਰੀ ਪ੍ਰਾਇਮਰੀ ਸਕੂਲ ਧੀਰ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਧੌਲਪੁਰ ਵਿਖੇ ਸਵੀਪ ਗਤੀਵਿਧੀਆਂ ਕੀਤੀਆਂ ਜਾਣਗੀਆਂ ਅਤੇ ਵੋਟਰਾਂ ਨੂੰ ਵੋਟ ਪਾਉਣ ਲਈ ਜਾਗਰੂਕ ਕੀਤਾ ਜਾਵੇਗਾ।

# ਕਵੀ ਦਰਬਾਰ 21 ਨੂੰ

**ਗੁਰਦਾਸਪੁਰ, (ਜਨਕ ਮਹਾਜਨ)**-ਮਹਿਰਮ ਸਾਹਿਤ ਸਭਾ ਨਵਾਂ ਸ਼ਾਲਾ ਜ਼ਿਲ੍ਹਾ ਗੁਰਦਾਸਪੁਰ ਦਾ ਕਵੀ ਦਰਬਾਰ 21 ਅਪ੍ਰੈਲ ਦਿਨ ਐਤਵਾਰ ਨੂੰ ਕਮਿਊਨਿਟੀ ਹਾਲ ਨਵਾਂ ਸ਼ਾਲਾ ਵਿਖੇ 10 ਵਜੇ ਤੋਂ ਲੈ ਕੇ 1 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਮਹੇਸ਼ ਚੰਦਰਭਾਨੀ ਸਕੱਤਰ ਮਹਿਰਮ ਸਭਾ ਨੇ ਦਿੱਤੀ। ਉਨ੍ਹਾਂ ਸਮੂਹ ਸਾਹਿਤ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਕਵੀ ਦਰਬਾਰ ਵਿਚ ਵੱਧ-ਚੜ੍ਹ ਕੇ ਪਹੁੰਚਣ।

# ਲੋਕ ਡਾ. ਦਲਜੀਤ ਸਿੰਘ ਚੀਮਾ ਨੂੰ ਵੱਡੀ ਲੀਡ ਨਾਲ ਜਿਤਾਉਣਗੇ : ਅਕਾਲੀ ਆਗੂ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਲੋਕ ਸਭਾ ਦੀ ਸੀਟ ਮੁੱਖ ਬੁਲਾਰੇ ਸ਼੍ਰੋਮਣੀ ਅਕਾਲੀ ਦਲ ਅਤੇ ਸਾਬਕਾ ਮੰਤਰੀ ਪੰਜਾਬ ਡਾ. ਦਲਜੀਤ ਸਿੰਘ ਚੀਮਾ ਨੂੰ ਮਿਲਣ ਕਰਕੇ ਪਾਰਟੀ ਵਰਕਰਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦਿਆਂ ਯੂਥ ਆਗੂਆਂ ਸਰਕਲ ਪ੍ਰਧਾਨ ਪੁਰਾਣਾ ਸ਼ਾਲਾ ਸਰਬਜੀਤ ਸਿੰਘ ਲਾਲੀਆ, ਬਲਜੀਤ ਸਿੰਘ ਸੰਧੂ ਯੂਥ ਆਗੂ, ਹਰਪ੍ਰੀਤ ਸਿੰਘ ਨੌਸ਼ਹਿਰਾ ਅਤੇ ਸੁਖਜਿੰਦਰ ਸਿੰਘ ਨਵਾਂ ਨੌਸ਼ਹਿਰਾਂ ਨੇ ਕਿਹਾ ਕਿ ਲੋਕ ਆਪਣੇ ਆਪ ਸ਼੍ਰੋਮਣੀ ਅਕਾਲੀ ਦਲ ਪਾਰਟੀ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਨੂੰ ਤਰਜੀਹ ਦੇ ਰਹੇ ਹਨ। ਉਨ੍ਹਾਂ ਕਿਹਾ ਸ਼੍ਰੋਮਣੀ ਅਕਾਲੀ ਦਲ ਦਾ ਇਕ-ਇਕ ਵਰਕਰ ਗੁਰਦਾਸਪੁਰ ਤੋਂ ਲੋਕ ਸਭਾ ਸੀਟ ਜਿਤਾਉਣ ਲਈ ਦਿਨ-ਰਾਤ ਇਕ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਲੋਕ ਜਾਣ ਚੁੱਕੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਅੰਦਰ ਹੀ ਪੰਜਾਬ ਦਾ ਵਿਕਾਸ ਹੋਇਆ ਹੈ। ਉਨ੍ਹਾਂ ਕਿਹਾ ਕਿ ਵੱਡੇ-ਵੱਡੇ ਦਾਅਵੇ ਕਰਕੇ ਸੱਤਾ ਵਿਚ ਆਈ 'ਆਪ' ਨੇ ਪੰਜਾਬ ਅੰਦਰ ਜ਼ਮੀਨੀ ਪੱਧਰ 'ਤੇ ਕੁਝ ਨਹੀਂ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਪੱਛੜੇ ਗੁਰਦਾਸਪੁਰ ਹਲਕੇ ਦਾ ਵਿਕਾਸ ਕਰਵਾਉਣ ਲਈ ਲੋਕ ਡਾ. ਦਲਜੀਤ ਸਿੰਘ ਚੀਮਾ ਨੂੰ ਵੱਡੀ ਲੀਡ ਨਾਲ ਜਿਤਾਉਣਗੇ।

# ਅਬਦੇਸ਼ ਸਿੰਘ ਜ਼ਿਲ੍ਹਾ ਜਿਮਨਾਸਟਿਕ ਐਸੋਸੀਏਸ਼ਨ ਗੁਰਦਾਸਪੁਰ ਦਾ ਚੀਫ਼ ਐਡਵਾਈਜ਼ਰ ਨਿਯੁਕਤ





**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਸ਼ਹਿਰ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿਖੇ ਜ਼ਿਲ੍ਹਾ ਜਿਮਨਾਸਟਿਕ ਐਸੋਸੀਏਸ਼ਨ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਅਬਦੇਸ਼ ਸਿੰਘ ਨੂੰ ਜ਼ਿਲ੍ਹਾ ਜਿਮਨਾਸਟਿਕ ਐਸੋਸੀਏਸ਼ਨ ਗੁਰਦਾਸਪੁਰ ਦਾ ਚੀਫ਼ ਐਡਵਾਈਜ਼ਰ ਨਿਯੁਕਤ ਕੀਤਾ ਗਿਆ। ਇਸ ਮੌਕੇ ਜਿਮਨਾਸਟਿਕ ਐਸੋਸੀਏਸ਼ਨ ਦੇ ਸਾਰੇ ਹੀ ਅਹੁਦੇਦਾਰ ਮੌਜੂਦ ਸਨ। ਇਸ ਮੀਟਿੰਗ ਦਾ ਮੁੱਖ ਉਦੇਸ਼ ਗੁਰਦਾਸਪੁਰ ਸ਼ਹਿਰ ਦੀ ਜਿਮਨਾਸਟਿਕ ਦੇ ਪੱਧਰ ਨੂੰ ਉਚਾ ਚੁੱਕਣਾ ਸੀ। ਮੀਟਿੰਗ ਵਿੱਚ ਜ਼ਿਲ੍ਹਾ ਜਿਮਨਾਸਟਿਕ ਐਸੋਸੀਏਸ਼ਨ ਗੁਰਦਾਸਪੁਰ ਦੇ ਸਮੁੱਚੇ ਮੈਂਬਰਾਂ ਨੇ ਫੈਸਲਾ ਕੀਤਾ ਕਿ ਉਹ ਹੁਣ ਇਸ ਖੇਡ ਪਾਸੇ ਜ਼ਿਆਦਾ ਤੋਂ ਜ਼ਿਆਦਾ ਧਿਆਨ ਦੇਣਗੇ। ਇਸ ਖੇਡ ਨੂੰ ਉਸ ਦੇ ਅਸਲੀ ਮੁਕਾਮ ਤੱਕ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਨਗੇ। ਇਸ ਦੌਰਾਨ ਉਨ੍ਹਾਂ ਨੇ ਜਿਮਨਾਸਟਿਕ ਦੇ ਕੋਚਾਂ ਅਤੇ ਖਿਡਾਰੀਆਂ ਨਾਲ ਵੀ ਗੱਲਬਾਤ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੀਉ ਲਾਲ ਬੱਗਾ ਨੇ ਕਿਹਾ ਕਿ ਉਨ੍ਹਾਂ ਦੀ ਐਸੋਸੀਏਸ਼ਨ ਦਾ ਧਿਆਨ ਸਿਰਫ ਹੁਣ ਇਸ ਖੇਡ ਵੱਲ ਹੀ ਰਹੇਗਾ। ਉਹ ਹੁਣ ਆਪ ਜਾ ਕੇ ਬਾਰੀਕੀ ਨਾਲ ਅਧਿਐਨ ਕਰਨਗੇ ਅਤੇ ਜਿੱਥੇ ਵੀ ਕਿਤੇ ਕੋਈ ਕਮੀ ਪੇਸ਼ੀ ਆਵੇਗੀ, ਉਸ ਨੂੰ ਬਿਨਾਂ ਦੇਰੀ ਦੂਰ ਕਰਨਗੇ। ਇਸ ਮੀਟਿੰਗ ਵਿੱਚ ਮੈਡਮ ਵੀਨਾ, ਸੰਜੀਵ ਬਾਵਾ, ਸਤਿੰਦਰ ਡਾਲੀ, ਪਿੰਦਾ, ਬਲਵਿੰਦਰ ਸਿੰਘ, ਰਕੇਸ਼ ਕੁਮਾਰ ਅਤੇ ਕੋਚ ਗਗਨ ਹਾਜ਼ਰ ਸਨ।

# ਨੌਜਵਾਨ ਦੀ ਭੇਤਭਰੀ ਹਾਲਤ 'ਚ ਮੌਤ

**ਮਾਹਿਲਪੁਰ (ਸ.ਫ਼ਰੀ)** - ਥਾਣਾ ਮਾਹਿਲਪੁਰ ਅਧੀਨ ਪੈਂਦੇ ਪਿੰਡ ਦੋਹਲਰੋਂ 'ਚ 21 ਸਾਲਾ ਨੌਜਵਾਨ ਦੀ ਭੇਤਭਰੀ ਹਾਲਤ ਵਿੱਚ ਮੌਤ ਹੋ ਗਈ। ਮਰਨ ਤੋਂ ਪਹਿਲਾਂ ਮ੍ਰਿਤਕ ਦੀ ਇੱਕ ਲੜਕੀ ਨਾਲ ਕਾਫੀ ਸਮਾਂ ਗੱਲਬਾਤ ਹੋਈ । ਮ੍ਰਿਤਕ ਖਾਲਸਾ ਕਾਲਜ ਮਾਹਿਲਪੁਰ ਵਿੱਚ ਬੀ ਸੀ ਏ ਦਾ ਵਿਦਿਆਰਥੀ ਸੀ।ਮ੍ਰਿਤਕ ਜੁਗਰਾਜ ਦੀ ਨਾਨੀ ਨਿਰਮਲ ਕੌਰ ਪਤਨੀ ਸਵ. ਚੰਨਣ ਸਿੰਘ ਬਾਸੀ ਕਾਲੇਵਾਲ ਲੱਲੀਆਂ ਜ਼ਿਲ੍ਹਾ ਹੁਸ਼ਿਆਰਪੁਰ ਨੇ ਦੱਸਿਆ ਕਿ ਯੁਵਰਾਜ ਦਾ ਪਿਤਾ ਵਿਦੇਸ਼ ਵਿੱਚ ਹੈ ਤੇ ਮੈਂ ਯੁਗਰਾਜ ਪੁਤਰ ਪਰਮਜੀਤ ਵਾਸੀ ਦੋਹਲਰੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਵੱਡੇ ਭਰਾ ਦਲਜੀਤ ਨੂੰ ਕਿਸੇ ਘਰੇਲੂ ਕੰਮ ਵਾਸਤੇ ਆਪਣੇ ਪਿੰਡ ਕਾਲੇਵਾਲ ਲੱਲੀਆਂ ਲੈ ਕੇ ਗਈ ਸੀ । ਸਵੇਰੇ ਕਰੀਬ



ਕੋਈ ਛੇ ਕੁਝ ਵਜੇ ਯੁਗਰਾਜ ਦੀ ਮੰਮੀ ਦਾ ਫੋਨ ਆਇਆ ਕਿ ਯੁਗਰਾਜ ਆਪਣੇ ਕਮਰੇ ਵਿੱਚ ਲੰਮਾ ਪਿਆ ਹੈ ਤੇ ਸਾਡੇ ਵਾਰ ਵਾਰ ਕੁੰਡਾ ਖੜਕਾਉਣ ਤੇ ਉਹ ਕੁੰਡਾ ਨਹੀਂ ਖੋਲ੍ਹ ਰਿਹਾ । ਤੁਸੀਂ ਦਲਜੀਤ ਨੂੰ ਨਾਲ ਲੈ ਕੇ ਇਥੇ ਪਹੁੰਚੋ । ਅਸੀਂ ਥੋੜ੍ਹੇ ਹੀ ਸਮੇਂ ਵਿੱਚ ਦੋਹਲਰੋਂ ਪਹੁੰਚ ਗਏ । ਅਸੀਂ ਦੇਖਿਆ ਕਿ ਯੁਗਰਾਜ ਨੇ ਅੰਦਰੋਂ ਕੁੰਡਾ ਬੰਦ ਕੀਤਾ ਹੋਇਆ ਹੈ। ਅਸੀਂ ਉਸ ਨੂੰ ਬਹੁਤ ਅਵਾਜ਼ਾਂ ਮਾਰੀਆਂ ਪਰ ਉਹ ਨੇ ਕੋਈ ਵੀ ਜਵਾਬ ਨਹੀਂ ਦਿੱਤਾ । ਅਸੀਂ ਦਰਵਾਜ਼ੇ ਦੀ ਕੁੰਡੀ ਤੋੜ ਕੇ ਦੇਖਿਆ ਕਿ ਯੁਗਰਾਜ ਮੰਜੇ 'ਤੇ ਮਰਿਆ ਪਿਆ ਸੀ । ਜੁਗਰਾਜ ਦੀ ਮੰਮੀ ਨੇ ਦੱਸਿਆ ਕਿ ਰਾਤ ਦੇਰ ਤੱਕ ਜੁਗਰਾਜ ਇੱਕ ਜਸਮੀਨ ਨਾਂ ਦੀ ਲੜਕੀ ਵਾਸੀ ਮੁੱਗੋਵਾਲ ਨਾਲ ਦੇਰ ਰਾਤ ਤੱਕ ਜ਼ੋਰ ਜ਼ੋਰ ਨਾਲ ਗੱਲਬਾਤ ਕਰਦਾ ਰਿਹਾ। ਜਦੋਂ ਸਵੇਰੇ ਅਸੀਂ ਸਾਰਾ ਪਰਵਾਰ ਜੁਗਰਾਜ ਦੀ ਲਾਸ਼ ਕੋਲ ਖੜੇ ਸੀ ਤਾਂ ਜੈਸਮੀਨ ਦਾ ਉਸ ਸਮੇਂ ਵੀ ਫੋਨ ਆਇਆ ਕਿ ਤੁਸੀਂ ਮੇਰੀ ਯੁਗਰਾਜ ਨਾਲ ਗੱਲ ਕਰਾਓ, ਉਦੋਂ ਤੱਕ ਯੁਗਰਾਜ ਮਰ ਚੁੱਕਾ ਸੀ । ਥਾਣਾ ਮਾਹਿਲਪੁਰ ਦੀ ਪੁਲਸ ਨੇ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਰਾਮਨੌਮੀ ਮਹਾਂ-ਉਤਸਵ ਸਮਾਰੋਹ ਅੱਜ

**ਫਿਲੌਰ (ਨਿਰਮਲ)** ਨਵ ਯੁਵਕ ਦੁਸ਼ਹਿਰਾ ਕਮੇਟੀ (ਰਜਿ) ਫਿਲੌਰ ਵੱਲੋਂ ਰਾਮਨੌਮੀ ਮਹਾਂ ਉਤਸਵ 17 ਅਪ੍ਰੈਲ ਬੁੱਧਵਾਰ ਨੂੰ ਸ਼੍ਰੀ ਰਾਮ ਦਰਬਾਰ ਦੁਸ਼ਹਿਰਾ ਗਰਾਊਂਡ ਵਿਖੇ ਮਨਾਇਆ ਜਾਵੇਗਾ। ਹਵਨਯੱਗ ਸਵੇਰੇ 9:30 ਵਜੇਂ ਤੋਂ 10:30 ਵਜੇ ਤੱਕ ਸੰਕੀਰਤਨ ਸਵੇਰੇ 11 ਤੋਂ ਦੁਪਹਿਰ 1 ਵਜੇ ਤੱਕ ਹੋਵੇਗਾ। ਲੰਗਰ ਅਤੁੱਟ ਵਰਤੇਗਾ।

# ਜੀਐੱਨਡੀਯੂ ਦੇ ਲਿਟਰੇਰੀ ਕਲੱਬ ਵੱਲੋਂ ਹਾਰੂਨ ਖਾਲਿਦ ਨਾਲ ਵਿਚਾਰ ਚਰਚਾ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਲਿਟਰੇਰੀ ਕਲੱਬ ਵੱਲੋਂ ਪ੍ਰਸਿੱਧ ਲੇਖਕ ਅਤੇ ਪੱਤਰਕਾਰ, ਹਾਰੂਨ ਖਾਲਿਦ ਨਾਲ ਪ੍ਰਸਿੱਧ ਪੰਜਾਬੀ ਲੋਕ-ਕਥਾ ਹੀਰ ਰਾਂਝੇ ਦੀ ਕਹਾਣੀ 'ਤੇ ਉਨ੍ਹਾਂ ਦੀ ਨਵੀਂ ਪੁਸਤਕ 'ਫਰਾਮ ਵਾਰਿਸ ਟੂ ਹੀਰ' 'ਤੇ ਇੱਕ ਵਿਸ਼ੇਸ਼ ਵਿਚਾਰ ਚਰਚਾ ਦਾ ਆਯੋਜਨ ਕੀਤਾ ਗਿਆ।ਸੈਸ਼ਨ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਐੱਮ. ਏ. ਇੰਟਰਨੈਸ਼ਨਲ ਰਿਲੇਸ਼ਨਜ਼ ਪ੍ਰੋਗਰਾਮ ਦੇ ਵਿਦਿਆਰਥੀ ਰਤਨਦੀਪ ਚੱਕਰਵਰਤੀ ਨੇ ਖ਼ਾਲਿਦ ਦਾ ਨਿੱਘਾ ਸੁਆਗਤ ਕਰਦਿਆਂ ਅਤੇ ਜਾਣ-ਪਛਾਣ ਕਰਾਈ।ਸ਼੍ਰੀ ਖਾਲਿਦ ਨੇ 'ਕਿੱਸਾ ਲੇਖਣੀ' ਦੀ ਧਾਰਨਾ, ਜੋ ਕਿ ਸ਼ੁੱਧ ਮੌਲਿਕਤਾ ਲਈ ਯਤਨ ਕਰਨ ਦੀ ਬਜਾਏ ਨਵੇਂ ਚਿੰਨ੍ਹਾਂ ਅਤੇ ਵਿਆਖਿਆਵਾਂ ਦੀ ਵਰਤੋਂ ਕਰਕੇ ਜਾਣੀਆਂ-ਪਛਾਣੀਆਂ ਕਹਾਣੀਆਂ ਨੂੰ ਦੁਬਾਰਾ ਦੱਸਣ 'ਤੇ ਜ਼ੋਰ ਦਿੰਦਾ ਹੈ, ਬਾਰੇ ਚਰਚਾ ਕੀਤੀ। ਉਨ੍ਹਾਂ ਪ੍ਰਸਿੱਧ 'ਹੀਰ ਰਾਂਝਾ' ਬਿਰਤਾਂਤ ਨੂੰ ਮੁੜ ਸੁਰਜੀਤ ਕਰਨ ਦੀ ਚੁਣੌਤੀ ਨੂੰ ਸਵੀਕਾਰਦਿਆਂ ਆਪਣੀ ਰੀਟੇਲਿੰਗ ਰਾਹੀਂ ਨਵੀਂ ਸਮਾਜਿਕ ਅਤੇ ਰਾਜਨੀਤਿਕ ਸੂਝ ਪ੍ਰਦਾਨ ਕਰਨ ਦਾ ਉਦੇਸ਼ ਰੱਖਿਆ।ਇਸ ਦੌਰਾਨ ਹੋਏ ਪ੍ਰਸ਼ਨ-ਉੱਤਰ ਸੈਸ਼ਨ ਦੌਰਾਨ ਸਾਹਿਤਕ ਕਲੱਬ ਦੇ ਵਿਦਿਆਰਥੀ ਮੈਂਬਰ ਰੀਆ ਸ਼ਰਮਾ, ਸਰਯੂ ਅਰੋੜਾ, ਵਿਦਿਆ, ਅਵਲੀਨ ਕੌਰ ਅਤੇ ਅੰਤਰਿਕਸ਼ ਅੰਬੀਆਂ ਨੇ ਖਾਲਿਦ ਨਾਲ ਪਿਆਰ, ਰੂਪਾਂਤਰ, ਸੰਯੁਕਤ ਵਿਰਸੇ ਅਤੇ ਸਥਾਈ ਪ੍ਰਸੰਗਿਕਤਾ ਦੇ ਵਿਸ਼ਿਆਂ 'ਤੇ ਚਰਚਾ ਕੀਤੀ।

# ਈਮਾਨ ਸਿੰਘ ਮਾਨ ਵੱਲੋਂ ਪ੍ਰਧਾਨ ਮੰਤਰੀ ਮੋਦੀ ਵਿਰੁੱਧ ਚੋਣ ਕਮਿਸ਼ਨ ਨੂੰ ਸ਼ਿਕਾਇਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਲੋਕ ਸਭਾ ਉਮੀਦਵਾਰ ਈਮਾਨ ਸਿੰਘ ਮਾਨ ਨੇ ਡੀਸੀ-ਕਮ-ਜ਼ਿਲਾ ਚੋਣ ਅਫਸਰ ਅੰਮ੍ਰਿਤਸਰ ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ, ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਵਿਦੇਸ਼ ਮੰਤਰੀ ਐਸ. ਜੇ. ਸ਼ੰਕਰ ਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਵਿਰੁੱਧ ਕਾਰਵਾਈ ਕਰਨ ਲਈ ਬੇਨਤੀ ਕੀਤੀ ਹੈ। ਇਸ ਵਕਤ ਈਮਾਨ ਸਿੰਘ ਮਾਨ ਦੇ ਨਾਲ ਪਾਰਟੀ ਜਰਨਲ ਸਕੱਤਰ ਉਪਕਾਰ ਸਿੰਘ ਸੰਧੂ ਅਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਸ਼ਮਸ਼ੇਰ ਸਿੰਘ ਪੱਧਰੀ ਵੀ ਮੌਜੂਦ ਸਨ। ਸ਼ਿਕਾਇਤ ਵਿੱਚ ਈਮਾਨ ਸਿੰਘ ਮਾਨ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਾਈਮਜ਼ ਆਫ ਇੰਡੀਆ ਦੀ ਇਕ ਖ਼ਬਰ ਮੁਤਾਬਕ ਇਹ ਕਿਹਾ ਹੈ ਕਿ ਅਸੀਂ ਅੱਤਵਾਦੀਆਂ ਨੂੰ ਉਨ੍ਹਾਂ ਘਰ 'ਚ ਵੜ ਕੇ ਮਾਰਿਆ ਅਤੇ ਇਸੇ ਬਿਆਨ ਦਾ ਸਮਰਥਨ ਕਰਦੇ ਹੋਏ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ 5 ਅਪ੍ਰੈਲ ਨੂੰ ਪੀ ਟੀ ਆਈ ਵੱਲੋਂ ਦਿੱਲੀ ਤੋਂ ਲੱਗੀ





ਖ਼ਬਰ ਵਿੱਚ ਕਿਹਾ ਹੈ ਕਿ ਜੇਕਰ ਅੱਤਵਾਦੀ ਭਾਰਤ ਵਿੱਚ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਦੇ ਹਨ ਜਾਂ ਹੋਰ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦਿੰਦੇ ਹਨ, ਤਾਂ ਇਸਦਾ ਢੁੱਕਵਾਂ ਜਵਾਬ ਦਿੱਤਾ ਜਾਵੇਗਾ ਅਤੇ ਜੇਕਰ ਉਹ ਪਾਕਿਸਤਾਨ ਵੱਲ ਭੱਜਦੇ ਹਨ ਤਾਂ ਭਾਰਤ ਉਨ੍ਹਾਂ ਨੂੰ ਮਾਰਨ ਲਈ ਗੁਆਂਢੀ ਦੇਸ਼ ਵਿੱਚ ਦਾਖਲ ਹੋਵੇਗਾ ਜੋ ਕਿ ਬਿਲਕੁਲ ਗੈਰ-ਕਨੂੰਨੀ ਅਤੇ ਗੈਰ-ਇਖ਼ਲਾਕੀ ਹੈ। ਇਸੇ ਕੜੀ ਦੇ ਤਹਿਤ ਪ੍ਰਧਾਨ ਮੰਤਰੀ ਅਤੇ ਰੱਖਿਆ ਮੰਤਰੀ ਨੂੰ ਜਾਇਜ਼ ਠਹਿਰਾਉਣ ਲਈ ਵਿਦੇਸ਼ ਮੰਤਰੀ ਐੱਸ. ਜੇ. ਸ਼ੰਕਰ ਨੇ ਸ਼ਰੇਆਮ ਕਿਹਾ ਕਿ ਅੱਤਵਾਦੀ ਕਿਸੇ ਨਿਯਮ ਨਾਲ ਨਹੀਂ ਖੇਡਦੇ ਅਤੇ ਅੱਤਵਾਦੀਆਂ ਦੇ ਜਵਾਬ ਦਾ ਕੋਈ ਨਿਯਮ ਨਹੀਂ ਹੈ। ਇਸ ਲਈ ਵਿਦੇਸ਼ ਮੰਤਰੀ ਦੁਆਰਾ ਇਸਨੂੰ ਜਾਇਜ਼ ਠਹਿਰਾਉਣਾ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਉਮੀਦ ਹੈ ਕਿ ਚੋਣ ਕਮਿਸ਼ਨ ਇਸ ਗੈਰ-ਕਾਨੂੰਨੀ ਹਮਲੇ ਨੂੰ ਰੋਕੇਗਾ ਅਤੇ ਸੰਵਿਧਾਨ ਦੇ ਅਨੁਛੇਦ 51 (ਸੀ) ਅਤੇ ਸੰਯੁਕਤ ਰਾਸ਼ਟਰ ਵਰਗੀਆਂ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਦਰਜ ਦੇਸ਼ ਭਰ ਦੇ ਲੋਕਾਂ ਦੀ ਸਦਭਾਵਨਾ ਲਈ ਕੰਮ ਕਰੇਗਾ ਅਤੇ ਇਸਦੀ ਉਲੰਘਣਾਂ ਕਰਨ ਵਾਲੇ ਉਕਤ ਨੇਤਾਵਾਂ 'ਤੇ ਕਾਰਵਾਈ ਕਰੇਗਾ।

# ਦਰਿਆਓਂ ਪਾਰ ਪਿੰਡ ਲਸਿਆਨ 'ਚ ਲੱਗਾ ਵੋਟਰ ਜਾਗਰੂਕਤਾ ਕੈਂਪ





**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਚੋਣ ਕਮਿਸ਼ਨ ਵੱਲੋਂ ਅਗਾਮੀ ਲੋਕ ਸਭਾ ਚੋਣਾਂ ਲਈ ਦਿੱਤੇ ਗਏ ਨਾਅਰੇ 'ਇਸ ਵਾਰ 70 ਪਾਰ' ਨੂੰ ਹਕੀਕੀ ਰੂਪ ਵਿੱਚ ਲਾਗੂ ਕਰਨ ਲਈ ਜ਼ਿਲ੍ਹਾ ਚੋਣ ਅਫ਼ਸਰ ਕਮ-ਡਿਪਟੀ ਕਮਿਸ਼ਨਰ ਆਦਿੱਤਿਆ ਉਪਲ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰਾ ਸਰਗਰਮ ਹੋ ਕੇ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਇਨ੍ਹਾਂ ਯਤਨਾਂ ਤਹਿਤ 002 ਭੋਆ ਹਲਕੇ ਦੀ ਸਵੀਪ ਟੀਮ ਵੱਲੋਂ ਏਡੀਸੀ ਅੰਕੁਰ ਜੀਤ ਸਿੰਘ ਆਈਏਐੱਸ ਦੀ ਅਗਵਾਈ ਹੇਠ ਅਤੇ ਜ਼ਿਲ੍ਹਾ ਨੋਡਲ ਅਫ਼ਸਰ-ਕਮ-ਜ਼ਿਲ੍ਹਾ ਭੂਮੀ ਰੱਖਿਆ ਅਫ਼ਸਰ ਗੁਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ 002 ਹਲਕਾ ਭੋਆ ਦੇ ਸਵੀਪ ਨੋਡਲ ਅਫ਼ਸਰ-ਕਮ-ਬੀਪੀਈਓ ਪਠਾਨਕੋਟ-1 ਪੰਕਜ ਅਰੋੜਾ ਵੱਲੋਂ ਬਾਰਡਰ ਏਰੀਏ ਦੇ ਦਾਰਿਆ ਪਾਰ ਕੰਟੀਲੀ ਤਾਰ ਦੇ ਨਜ਼ਦੀਕ ਪੈਂਦੇ ਪਿੰਡ ਲਸਿਆਨ ਵਿੱਚ ਵਿਸ਼ੇਸ਼ ਵੋਟਰ ਜਾਗਰੂਕਤਾ ਕੈਂਪ ਦਾ ਆਯੋਜਨ ਕਰ ਵੋਟਰਾਂ ਨੂੰ 100% ਵੋਟਿੰਗ ਲਈ ਪ੍ਰੇਰਿਤ ਕੀਤਾ ਗਿਆ।002 ਹਲਕਾ ਭੋਆ ਸਵੀਪ ਟੀਮ ਦੇ ਨੋਡਲ ਅਫ਼ਸਰ-ਕਮ-ਬੀਪੀਈਓ ਪੰਕਜ ਅਰੋੜਾ ਨੇ ਲਸਿਆਨ ਵਿਖੇ ਲਗਾਏ ਕੈਂਪਾਂ ਦੌਰਾਨ ਵੋਟਰਾਂ ਨੂੰ ਵੋਟ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਅਤੇ ਵੋਟਰਾਂ ਨੂੰ ਲੋਕ ਸਭਾ ਚੋਣਾਂ ਦੌਰਾਨ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਵੋਟ ਬਣਾਉਣਾ ਤੇ ਉਸ ਦਾ ਸਹੀ ਇਸਤੇਮਾਲ ਕਰਨਾ ਸਾਡੀ ਸਮਾਜ ਪ੍ਰਤੀ ਜ਼ਿੰਮੇਵਾਰੀ ਬਣਦੀ ਹੈ ਅਤੇ ਆਪਣੇ ਸੰਵਿਧਾਨਕ ਹੱਕ ਦੀ ਪੂਰਤੀ ਲਈ ਸਾਨੂੰ ਸਾਰਿਆਂ ਨੂੰ ਮੋਹਰੀ ਹੋ ਕੇ ਆਪਣੀ ਵੋਟ ਦਾ ਇਸਤੇਮਾਲ ਕਰਨਾ ਚਾਹੀਦਾ ਹੈ।ਇਸਦੇ ਨਾਲ ਹੀ ਸਵੀਪ ਟੀਮ ਵੱਲੋਂ ਵੋਟਰਾਂ ਨੂੰ ਚੋਣ ਕਮਿਸ਼ਨ ਵੱਲੋਂ ਚਲਾਈਆਂ ਜਾ ਰਹੀਆਂ ਮੋਬਾਈਲ ਐਪਸ ਸਬੰਧੀ ਵੀ ਜਾਗਰੂਕ ਕੀਤਾ।ਇਸ ਮੌਕੇ ਪਿੰਡ ਲਸਿਆਨ ਦੇ ਵਸਨੀਕਾਂ ਨੇ ਚੋਣਾਂ ਦੌਰਾਨ ਵੱਧ-ਚੜ੍ਹ ਕੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਦਾ ਭਰੋਸਾ ਦਿੱਤਾ।

# ਸਾਬਕਾ ਵਿਧਾਇਕ ਸੰਧੂ ਨੂੰ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਹੋਣ 'ਤੇ ਦਿੱਤੀ ਵਧਾਈ

**ਝਬਾਲ (ਹਰਜਿੰਦਰ ਸਿੰਘ ਸੋਨੀ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹਲਕਾ ਤਰਨ ਤਾਰਨ ਦੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਹੋਣ 'ਤੇ ਜ਼ਿਲ੍ਹਾ ਤਰਨ ਤਾਰਨ ਦੇ ਸ਼੍ਰੋਮਣੀ ਅਕਾਲੀ ਦਲ ਵਰਕਰਾਂ ਵਿੱਚ ਉਤਸ਼ਾਹ ਪਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਕਸੇਲ ਤੋਂ ਸੀਨੀਅਰ ਅਕਾਲੀ ਆਗੂ ਸੁਖਜਿੰਦਰ ਸਿੰਘ ਕਸੇਲ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੂੰ ਪਾਰਟੀ ਦਾ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਕਰਨ 'ਤੇ ਹਲਕਾ ਤਰਨ ਤਾਰਨ ਵਿੱਚ ਪਾਰਟੀ ਹੋਰ ਮਜ਼ਬੂਤ ਹੋਵੇਂਗੀ, ਜਿਸ ਨਾਲ ਪਾਰਟੀ ਦੇ ਵਰਕਰਾਂ ਵਿੱਚ ਜੋਸ਼ ਪੈਦਾ ਹੋਵੇਗਾ।

ਲੋਕ ਸਭਾ ਚੋਣਾਂ ਵਿੱਚ ਹਰਮੀਤ ਸਿੰਘ ਸੰਧੂ ਦੀ ਅਗਵਾਈ ਹੇਠ ਪਾਰਟੀ ਉਮੀਦਵਾਰ



ਨੂੰ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਜਾਵੇਗੀ।ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ।ਇਸ ਮੌਕੇ ਸੂਬੇਦਾਰ ਪ੍ਰਦੀਪ ਸਿੰਘ ਕਸੇਲ, ਸੂਬੇਦਾਰ ਜਗਰੂਪ ਸਿੰਘ ਕਸੇਲ, ਸਰਪੰਚ ਰਾਜੂ, ਮਲਕੀਤ ਸਿੰਘ, ਅਮਰਜੀਤ ਸਿੰਘ, ਸਵਿੰਦਰ ਸਿੰਘ, ਬਲਵੰਤ ਸਿੰਘ, ਨਿਸ਼ਾਨ ਸਿੰਘ, ਗੁਰਦੇਵ ਸਿੰਘ, ਹਰਪਾਲ ਸਿੰਘ, ਜਗਰੂਪ ਸਿੰਘ, ਗੁਰਭੇਜ ਸਿੰਘ, ਜਸਪਾਲ ਸਿੰਘ, ਸਰਬਜੀਤ ਸਿੰਘ, ਰਾਣਾ ਹਰਬੰਸਪੁਰਾ, ਵਰਿੰਦਰ ਸਿੰਘ, ਭੁਪਿੰਦਰ ਸਿੰਘ, ਰੇਸ਼ਮ ਸਿੰਘ, ਨਿਰਵੈਰ ਸਿੰਘ, ਅੰਮ੍ਰਿਤਪਾਲ ਸਿੰਘ, ਗੁਰਦੇਵ ਸਿੰਘ, ਨਿਰਮਲ ਸਿੰਘ, ਖਜ਼ਾਨ ਸਿੰਘ ਮੈਂਬਰ, ਬਲਜਿੰਦਰ ਸਿੰਘ ਮੈਂਬਰ, ਦਲਬੀਰ ਸਿੰਘ ਮੈਂਬਰ, ਜਸਪਾਲ ਸਿੰਘ ਮੈਂਬਰ, ਕੁਲਦੀਪ ਸਿੰਘ, ਸਾਹਿਬ ਸਿੰਘ, ਜਗਰੂਪ ਸਿੰਘ, ਦਵਿੰਦਰ ਸਿੰਘ, ਬਲਜਿੰਦਰ ਸਿੰਘ ਸਰਪੰਚ, ਦਿਲਬਾਗ ਸਿੰਘ ਸਰਪੰਚ, ਗਗਨਦੀਪ ਸਿੰਘ, ਜਗਦੀਸ਼ ਸਿੰਘ ਆਦਿ ਹਾਜ਼ਰ ਸਨ।

# 'ਆਪ' ਦੇ ਪੰਜਾਬ 'ਚੋਂ 7 ਰਾਜ ਸਭਾ ਮੈਂਬਰਾਂ ਦਾ ਰਿਪੋਰਟ ਕਾਰਡ ਵੀ ਲੋਕ ਚੈੱਕ ਕਰਨਗੇ : ਸੱਚਰ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**—ਦੇਸ਼ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਦੇ ਅੰਤਲੇ ਪੜਾਅ ਵਿੱਚ ਪੰਜਾਬ ਵਿੱਚ ਇੱਕ ਜੂਨ ਨੂੰ ਵੋਟਾਂ ਪੈਣੀਆਂ ਹਨ ਤੇ ਨਤੀਜੇ ਚਾਰ ਜੂਨ ਨੂੰ ਆਉਣੇ ਹਨ ਤੇ ਪੰਜਾਬ ਦੇ ਲੋਕਾਂ ਤੇ ਵੋਟਰਾਂ ਦੇ ਮਿਜ਼ਾਜ ਨੂੰ ਵੇਖਦਿਆਂ ਹੋਇਆਂ ਇਹ ਸਾਫ ਹੋ ਗਿਆ ਹੈ ਕਿ 13-0 ਕਹਿਣ ਵਾਲੀ ਆਮ ਆਦਮੀ ਪਾਰਟੀ ਹੁਣ ਬਿਲਕੁਲ 0-13 'ਤੇ ਹੀ ਆਵੇਗੀ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਤੇ ਹਲਕਾ ਮਜੀਠਾ ਕਾਂਗਰਸ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਨੇ ਕੀਤਾ। ਸੱਚਰ ਨੇ ਕਿਹਾ ਕਿ ਕੇਜਰੀਵਾਲ ਤੇ ਮਾਨ ਵੱਲੋਂ ਰਾਜ ਸਭਾ ਵਿੱਚ ਭੇਜੇ ਸੱਤ ਮੈਂਬਰਾਂ ਦਾ ਰਿਪੋਰਟ ਕਾਰਡ ਵੀ ਪੰਜਾਬ ਦੇ ਲੋਕਾਂ ਨਾਲ ਸਾਂਝਾ ਕਰ ਲਿਆ ਜਾਵੇ ਕਿ ਇਨ੍ਹਾਂ ਸੱਤਾਂ ਨੇ ਪੰਜਾਬ ਦੇ ਕਿਸਾਨੀ, ਜਵਾਨੀ, ਕਾਨੂੰਨ ਵਿਵਸਥਾ ਤੇ ਧੜਾਧੜ ਵਿਕ ਰਹੇ ਨਸ਼ੇ ਨਾਲ ਹੋ ਰਹੀਆਂ ਮੌਤਾਂ 'ਤੇ ਕੀ ਕੋਈ ਸਵਾਲ ਸੰਸਦ ਦੇ ਅੰਦਰ ਉਠਾਇਆ ? ਅਫਸੋਸ ਕਿ ਇਨ੍ਹਾਂ ਨੇ ਲੋਕਾਂ ਦੀ ਆਵਾਜ਼ ਨੂੰ ਤਾਂ ਕੀ ਉਠਾਉਣਾ ਸੀ ਆਪਣੇ ਆਕਾ ਕੇਜਰੀਵਾਲ ਜਿਸਨੇ ਇਨ੍ਹਾਂ ਵਪਾਰੀਆਂ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ ਸੀ ਜਦ ਉਸ 'ਤੇ ਭੀੜ ਬਣੀ ਇਹ ਤਾਂ ਓਹਦੇ ਨਾਲ ਵੀ ਨਹੀਂ ਖਲੋਤੇ। ਭਗਵੰਤ ਪਾਲ ਸੱਚਰ ਨੇ ਕਿਹਾ ਕਿ 92 ਸੀਟਾਂ ਜਿੱਤ ਕੇ ਬਣੀ ਸਰਕਾਰ ਨੂੰ ਜਲੰਧਰ ਜ਼ਿਮਨੀ ਚੋਣ ਵਿੱਚ ਵੀ ਉਮੀਦਵਾਰ ਨਹੀਂ ਸੀ ਮਿਲਿਆ ਤੇ ਫਿਰ ਕਾਂਗਰਸ ਦੇ ਆਗੂ ਨੂੰ ਲਿਆ ਕੇ ਵਾਸ਼ਿੰਗ ਮਸ਼ੀਨ ਨਾਲ ਧੋਖੇ ਨਾਲ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕਰ ਦਿੱਤਾ ਤੇ ਕਈ ਹਲਕਿਆਂ ਵਿੱਚ ਹੁਣ ਵੀ ਇਹ ਕਾਂਗਰਸੀ ਉਮੀਦਵਾਰਾਂ ਦੀ ਲਿਸਟ ਉਡੀਕ ਰਹੇ ਹਨ ਕਿ ਸ਼ਾਇਦ ਕੋਈ ਕਾਂਗਰਸੀ ਜਿਸ ਨੂੰ ਟਿਕਟ ਨਾ ਮਿਲੇ ਉਹ ਆ ਕੇ ਇਨ੍ਹਾਂ ਦੀ ਛੱਤਰੀ ਤੇ ਬੈਠ ਜਾਵੇ, ਪਰ ਹੁਣ ਪੰਜਾਬ ਦੇ ਸੂਝਵਾਨ ਵੋਟਰਾਂ ਵੱਲੋਂ ਜਿਵੇਂ ਭਾਜਪਾ ਵਾਲਿਆਂ ਦਾ ਪਿੰਡਾਂ ਵਿੱਚ ਕਾਲੀਆਂ ਝੰਡੀਆਂ ਨਾਲ ਸਵਾਗਤ ਕੀਤਾ ਜਾ ਰਿਹਾ ਹੈ, ਏਸੇ ਤਰ੍ਹਾਂ ਬਾਗ਼ੀ ਕਾਂਗਰਸੀਆਂ ਦਾ ਜੋ ਦਲਬਦਲੀ ਕਰ ਰਹੇ ਹਨ, ਦਾ ਵੀ ਇਹੋ ਜਿਹਾ ਹਾਲ ਹੋ ਸਕਦਾ ਹੈ ।

# ਭਾਜਪਾ ਦਾ ਸੰਕਲਪ ਪੱਤਰ ਵਿਕਸਤ ਭਾਰਤ ਵੱਲ ਲੰਮੀ ਛਾਲ ਲਾਉਣ ਵਾਲਾ: ਅਨਿਲ ਸਰੀਨ

**ਜਲੰਧਰ, ( ਸ਼ੈਲੀ ਐਲਬਰਟ )** : ਭਾਰਤੀ ਜਨਤਾ ਪਾਰਟੀ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਨੇ ਭਾਜਪਾ ਵੱਲੋਂ ਜਾਰੀ ਕੀਤੇ ਚੋਣ ਮਨੋਰਥ ਪੱਤਰ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪੇਸ਼ ਕੀਤਾ ਗਿਆ ਚੋਣ ਮਨੋਰਥ ਪੱਤਰ ਵਿਕਸਤ ਭਾਰਤ ਵੱਲ ਲੰਮੀ ਛਾਲ ਮਾਰਨ ਵਾਲਾ ਹੈ। ਦੇਸ਼ ਦੀ ਜਨਤਾ ਦਾ ਮੰਨਣਾ ਹੈ ਕਿ ਜੇਕਰ ਮੋਦੀ ਦੀ ਗਾਰੰਟੀ ਹੈ ਤਾਂ ਉਹ ਪੂਰੀ ਹੋਵੇਗੀ।ਭਾਜਪਾ ਨਾ ਸਿਰਫ਼ ਜੋ ਕਹਿੰਦੀ ਹੈ, ਉਸ ਨੂੰ ਪੂਰਾ ਕਰਦੀ ਹੈ, ਜੋ ਨਹੀਂ ਕਹਿੰਦੀ, ਉਸ ਨੂੰ ਪੂਰਾ ਵੀ ਕਰਦੀ ਹੈ, ਪਰ ਜੇਕਰ ਜਨਤਾ ਦੇ ਹਿੱਤ ਵਿੱਚ ਜ਼ਰੂਰੀ ਹੋਵੇ। ਨਰਿੰਦਰ ਮੋਦੀ ਦੀ ਅਗਵਾਈ ਵਿੱਚ, ਭਾਜਪਾ ਨੇ 2014 ਅਤੇ 2019 ਵਿੱਚ ਹਾਸਲ ਕੀਤੇ ਪੂਰਨ ਬਹੁਮਤ ਨੂੰ ਪਿੰਡਾਂ, ਗਰੀਬਾਂ, ਵਾਂਝੇ, ਦਲਿਤਾਂ, ਔਰਤਾਂ, ਨੌਜਵਾਨਾਂ ਅਤੇ ਕਿਸਾਨਾਂ ਨੂੰ ਸਮਰਪਿਤ ਕਰ ਦਿੱਤਾ ਹੈ। ਉਨ੍ਹਾਂ ਦੇ ਸਰੀਰ ਦਾ ਹਰ ਕਣ ਅਤੇ ਉਨ੍ਹਾਂ ਦੇ ਜੀਵਨ ਦਾ ਹਰ ਪਲ ਦੇਸ਼ ਦੇ ਵਿਕਾਸ ਅਤੇ ਗਰੀਬਾਂ ਦੀ ਭਲਾਈ ਲਈ ਸਮਰਪਿਤ ਹੈ।ਭਾਜਪਾ ਦੇ ਆਉਣ ਵਾਲੇ ਟੀਚਿਆਂ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਭਾਜਪਾ ਦੇ ਤੀਜੇ ਸ਼ਾਸਨ ਵਿੱਚ ਮੁੱਖ ਟੀਚੇ ਵਿਸ਼ਵ ਭਰ ਵਿੱਚ ਭਾਰਤੀ ਡਿਜ਼ੀਟਲ ਜਨਤਕ ਬੁਨਿਆਦੀ ਢਾਂਚੇ ਦਾ ਵਿਸਤਾਰ, ਵਿਸ਼ਵ ਭਰ ਵਿੱਚ ਯੋਗਾ ਅਤੇ ਆਯੁਰਵੇਦ ਦਾ ਵਿਸਤਾਰ, ਭਾਰਤ ਦੀ ਸੱਭਿਆਚਾਰਕ ਵਿਰਾਸਤ ਦਾ ਵਿਕਾਸ, ਨੁਕਸਾਨ ਦੀ ਰੋਕਥਾਮ ਹਨ। ਨਸ਼ਾਖੋਰੀ ਵਿਰੁੱਧ ਲੜਾਈ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ, ਨਿਆਂ ਜ਼ਾਬਤਾ ਤੇਜ਼ੀ ਨਾਲ ਲਾਗੂ ਕੀਤਾ ਜਾਵੇਗਾ, ਸੀਏਏ ਨੂੰ ਪੂਰਾ ਕੀਤਾ ਜਾਵੇਗਾ, ਹਥਿਆਰਬੰਦ ਬਲਾਂ ਅਤੇ ਕੇਂਦਰੀ ਹਥਿਆਰਬੰਦ ਪੁਲਸ ਬਲਾਂ ਦੀ ਸਮਰੱਥਾ ਨਿਰਮਾਣ, ਇਕ ਰਾਸ਼ਟਰ, ਇਕ ਚੋਣ, ਅਗਲੇ 5 ਲਈ ਮੁਫਤ ਰਾਸ਼ਨ। ਸਾਲ, 70 ਤੋਂ ਲੈ ਕੇ ਸਾਰੇ ਬਜ਼ੁਰਗਾਂ ਨੂੰ ਆਯੁਸ਼ਮਾਨ ਦੇ ਤਹਿਤ ਸਿਹਤ ਲਾਭ ਮਿਲੇਗਾ, ਟਰਾਂਸਜੈਂਡਰਾਂ ਨੂੰ ਵੀ ਆਯੁਸ਼ਮਾਨ ਯੋਜਨਾ ਵਿੱਚ ਸ਼ਾਮਲ ਕੀਤਾ ਜਾਵੇਗਾ, ਪੀਐਮ ਆਵਾਸ ਦੇ ਤਹਿਤ 3 ਕਰੋੜ ਨਵੇਂ ਘਰ, ਪਾਈਪ ਰਾਹੀਂ ਐਲਪੀਜੀ ਸਪਲਾਈ, ਪ੍ਰਧਾਨ ਮੰਤਰੀ ਸੂਰਜ ਘਰ ਬਿਜਲੀ ਯੋਜਨਾ ਦੇ ਤਹਿਤ ਕਰੋੜਾਂ ਪਰਿਵਾਰਾਂ ਨੂੰ ਜ਼ੀਰੋ ਬਿਜਲੀ ਦਿੱਤੀ ਜਾਵੇਗੀ ਬਿੱਲ ਵਰਗੀਆਂ ਸਕੀਮਾਂ, ਮੁਦਰਾ ਲੋਨ ਦੇ ਤਹਿਤ ਕਰਜ਼ੇ ਦੀ ਸੀਮਾ 10 ਲੱਖ ਰੁਪਏ ਤੋਂ ਵਧਾ ਕੇ 20 ਲੱਖ ਰੁਪਏ, ਰਾਸ਼ਟਰੀ ਸਹਿਕਾਰੀ ਨੀਤੀ ਆਦਿ ਬਣਾਈਆਂ ਅਤੇ ਲਾਗੂ ਕੀਤੀਆਂ ਜਾਣਗੀਆਂ।





# 'ਬੀਮਾਰੀ ਤੇ ਐਕਸੀਡੈਂਟਾਂ ਨਾਲ ਮੌਤਾਂ ਲਈ ਸਰਮਾਏਦਾਰਾ ਹਕੂਮਤੀ ਪ੍ਰਬੰਧ ਜ਼ਿੰਮੇਵਾਰ'

**ਫਗਵਾੜਾ (ਡਾ. ਰਮਨ, ਢੱਡਾ)** - ਤਰਕਸ਼ੀਲ ਤੇ ਜਮਹੂਰੀ ਲਹਿਰ ਦੀ ਹਮਦਰਦ ਬੀਬੀ ਹਰਬੰਸ ਕੌਰ ਰਿਟਾਇਰਡ ਟੀਚਰ ਕੈਂਸਰ ਦੀ ਬੀਮਾਰੀ ਕਾਰਨ 12 ਅਪ੍ਰੈਲ ਨੂੰ ਸਦੀਵੀ ਵਿਛੋੜਾ ਦੇ ਗਏ ਸਨ । ਮ੍ਰਿਤਕ ਸਾਥੀ ਹਰਬੰਸ ਕੌਰ ਦੇ ਪਤੀ ਸੁਖਦੇਵ ਸਿੰਘ ਅਤੇ ਪਰਵਾਰ ਵਲੋਂ ਬੀਬੀ ਦੀ ਮ੍ਰਿਤਕ ਦੇਹ ਮੈਡੀਕਲ ਖੋਜ ਕਾਰਜਾਂ ਲਈ ਸੀ ਐਮ ਸੀ ( ਕ੍ਰਿਸ਼ਚੀਅਨ ਮੈਡੀਕਲ ਕਾਲਜ) ਲੁਧਿਆਣਾ ਨੂੰ ਪ੍ਰਦਾਨ ਕੀਤੀ ਗਈ ।ਹਰਬੰਸ ਕੌਰ ਵਲੋਂ ਜਿਉਂਦੇ ਜੀਅ ਕੀਤੇ ਕਾਰਜਾਂ ਅਤੇ ਮੌਤ ਤੋਂ ਬਾਅਦ ਮ੍ਰਿਤਕ ਸਰੀਰ ਮੈਡੀਕਲ ਖੋਜਕਾਰਜਾਂ ਲਈ ਭੇਂਟ ਕਰਨ ਦੇ ਉਦਮੀ ਕਾਰਜ ਲਈ ਪਰੰਪਰਾਵਾਦੀ ਲੀਹਾਂ ਤੋਂ ਹਟ ਕੇ ਨਨਕਾਣਾ ਬਰਾਦਰੀ ਜੰਝ ਘਰ ਫਗਵਾੜਾ ਵਿਖੇ ਸਤਿਕਾਰ ਸਮਾਗਮ ਅਯੋਜਿਤ ਕੀਤਾ ਗਿਆ ।ਇਸ ਸਮਾਗਮ ਵਿੱਚ ਤਰਕਸ਼ੀਲ ਲਹਿਰ , ਸਮਾਜਿਕ - ਜਮਹੂਰੀ ਜਥੇਬੰਦੀਆਂ ਅਤੇ ਰਿਸ਼ਤੇਦਾਰਾਂ ਤੇ ਸੰਗੀਆਂ ਸਾਥੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਤਿਕਾਰ ਸਮਾਗਮ ਦੇ ਇਕੱਠ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਮੁਖੀ ਰਜਿੰਦਰ ਭਦੌੜ , ਜਮਹੂਰੀ ਅਧਿਕਾਰ ਸ਼ਭਾ ਦੇ ਆਗੂ ਬੂਟਾ ਸਿੰਘ ਮਹਿਦੂਦਪੁਰ , ਅਧਿਆਪਕ ਭਲਾਈ ਕਮੇਟੀ ਆਗੂ ਪ੍ਰਿੰਸੀਪਲ ਹਰਮੇਸ਼ ਪਾਠਕ , ਮਨਪ੍ਰੀਤ ਕੌਰ ਜਮਹੂਰੀ ਕਾਰਕੁੰ , ਮੈਗਜੀਨ ਵਰਗ ਚੇਤਨਾ ਦੇ ਸੰਪਾਦਕ ਯਸ਼ਪਾਲ , ਤਰਕਸ਼ੀਲ ਆਗੂ ਸੁਰਜੀਤ ਟਿੱਬਾ ਅਤੇ ਬੀਬੀ ਦੇ ਦਾਮਾਦ ਡਾ. ਪੰਕਜ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਹਰਬੰਸ ਕੌਰ ਨੇ ਜਿਉਂਦੇ ਜੀਅ ਲੰਬਾ ਸਮਾਂ ਅਧਿਆਪਨ ਦਾ ਕੰਮ ਬੜੀ ਇਮਾਨਦਾਰੀ ਨਾਲ ਕੀਤਾ , ਲੋਕ ਹਿਤਾਂ ਲਈ ਕੰਮ ਕਰਦੀਆਂ ਜਥੇਬੰਦੀਆਂ ਦਾ ਪੂਰਨ ਸਹਿਯੋਗ ਕੀਤਾ ਅਤੇ ਆਪਣੇ ਪਤੀ ਸੁਖਦੇਵ ਫਗਵਾੜਾ ਦੇ ਮੁਲਾਜਮ , ਜਮਹੂਰੀ ਲਹਿਰ ਤੇ ਤਰਕਸ਼ੀਲ ਕੰਮਾਂ ਲਈ ਮੋਢੇ ਨਾਲ ਮੋਢਾ ਲਾ ਕੇ ਖੜੀ ਰਹੀ । ਲੋਕ ਹਿਤਾਂ ਨਾਲ ਧੁਰ ਅੰਦਰ ਤੱਕ ਜੁੜੀ ਹੋਈ ਹਰਬੰਸ ਕੌਰ ਦੇ ਪਰਵਾਰ ਸੁਖਦੇਵ ਸਿੰਘ , ਡਾ. ਨਵਕਿਰਨ , ਡਾ. ਪੰਕਜ , ਨਵਦੀਪ ਤੇ ਅਮਨਦੀਪ ਕੌਰ ਅਸਟ੍ਰੇਲੀਆ ਨੇ ਹਰਬੰਸ ਕੌਰ ਦੇ ਮ੍ਰਿਤਕ ਸਰੀਰ ਨੂੰ ਲੋਕ ਹਿਤਾਂ ਲਈ ਮੈਡੀਕਲ ਖੋਜ ਕਾਰਜਾਂ ਲਈ ਅਰਪਿਤ ਕਰਕੇ ਸਮਾਜ ਨੂੰ ਵੱਡੀ ਸੇਧ ਦਿੱਤੀ ਹੈ ।ਬੁਲਾਰਿਆਂ ਹੋਰ ਕਿਹਾ ਸਰਕਾਰਾਂ ਦੀ ਲੋਕਾਂ ਪ੍ਰਤੀ ਬੇਰੁਖੀ ਕਾਰਨ ਲੋਕ ਬੀਮਾਰੀਆਂ , ਗਰੀਬੀ , ਬੇਰੁਜਗਾਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਸਰਕਾਰਾਂ ਸਰਮਾਏਦਾਰਾਂ ਦੇ ਹਿਤਾਂ ਨੂੰ ਤਰਜੀਹਾਂ ਦੇ ਰਹੀ ਹੈ । ਲੋਕਾਂ ਨੂੰ ਅਣਗੋਲਿਆ ਕਰਨ ਵਾਲੀਆਂ ਹਕੂਮਤਾਂ ਧਾਰਮਿਕ ਜਨੂੰਨ ਅਤੇ ਅੰਧਵਿਸ਼ਵਾਸ਼ੀ ਪਰੰਪਰਾਵਾਂ ਦੀ ਆੜ ਹੇਠ ਆਪਣੇ ਗੁਨਾਹ ਛੁਪਾਉਂਦੀਆਂ ਹਨ ਅਤੇ ਲੋਕਾਂ ਦੇ ਦਿਮਾਗ ਨੂੰ ਖੁੰਡਾ ਕਰਦੀਆਂ ਹਨ ਤਾਂ ਜੋ ਲੋਕ ਕਿਤੇ ਵਿਗਿਆਨਿਕ ਵਿਚਾਰਧਾਰਾ ਨਾਲ ਲੈਸ ਹੋ ਕੇ ਲੁਟੇਰਿਆਂ ਤੇ ਲੁਟੇਰੀ ਵਿਵਸਥਾ ਖਿਲਾਫ ਅਵਾਜ ਬੁਲੰਦ ਨਾ ਕਰ ਸਕਣ । ਇਹ ਸਤਿਕਾਰ ਸਮਾਗਮ ਧਾਰਮਿਕ ਰਸਮਾਂ ਰਿਵਾਜਾਂ ਤੋਂ ਰਹਿਤ ਹੈ ਕਿਉਂਕਿ ਅਸੀ ਸਮਝਦੇ ਹਾਂ ਕਿ ਇਹ ਰਸਮਾਂ ਰਿਵਾਜ ਮਨੁੱਖੀ ਸਮਾਜ ਦੀ ਉਨਤੀ ਵਿੱਚ ਕੋਈ ਰੋਲ ਨਹੀਂ ਨਿਭਾਉਂਦੇ ਸਗੋਂ ਉਲਟਾ ਕਾਰਨਾਂ ਉਤੇ ਪਰਦਾ ਪਾਉਂਦੇ ਹਨ ਅਤੇ ਗੁਨਾਹਾਂ ਦੇ ਜ਼ਿੰਮੇਵਾਰਾਂ ਹਾਕਮਾਂ ਲਈ ਢਾਲ ਬਣਦੇ ਹਨ । ਬੁਲਾਰਿਆਂ ਲੋਕਾਂ ਨੂੰ ਸੁਨੇਹਾ ਦਿੱਤਾ ਕਿ ਸਮਾਜ ਨੂੰ ਜਿਉਣਯੋਗ ਬਨਾਉਣ ਲਈ ਸਾਨੂੰ ਹਰ ਪ੍ਰਕਾਰ ਦੇ ਅੰਧ ਵਿਸ਼ਵਾਸ਼ ਅਤੇ ਵਹਿਮ ਭਰਮ ਤੋਂ ਲੋਕਾਂ ਨੂੰ ਮੁਕਤ ਹੋਣਾ ਚਾਹੀਦਾ ਅਤੇ ਵਿਗਿਆਨਿਕ ਵਿਚਾਰਾਂ ਦੇ ਧਾਰਨੀ ਬਣ ਕੇ ਸਮਾਜਿਕ ਤਬਦੀਲੀ ਕਰਨੀ ਚਾਹੀਦੀ ਹੈ ।ਬੀਬੀ ਦੇ ਪੁੱਤ ਭਤੀਜੇ ਜਸਬੀਰ ਨੰਬਰਦਾਰ ਨੇ ਇੱਕ ਭਾਵ ਭਿੰਨੀ ਕਵਿਤਾ ਪੇਸ਼ ਕਰਕੇ ਮਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ।ਦੇਸ਼ ਵਿਦੇਸ਼ ਤੋਂ ਪ੍ਰਾਪਤ ਸ਼ੋਕ ਸੰਦੇਸ਼ਾਂ ਰਾਹੀਂ ਪੰਜਾਬ ਲੋਕ ਸਭਿਆਚਾਰਕ ਮੰਚ , ਦੇਸ਼ ਭਗਤ ਯਾਦਗਰ ਕਮੇਟੀ ਜਲੰਧਰ , ਭਗਵੰਤ ਸਿੰਘ ਯੂ ਕੇ ,ਬਾਈ ਅਵਤਾਰ ਕਨੇਡਾ , ਤਰਕਸ਼ੀਲ ਸੁਸਾਇਟੀ ਕਨੇਡਾ , ਡਾ. ਨਵਸ਼ਰਨ, ਡਾ. ਅਰੀਤ , ਡਾ. ਪਰਮਿੰਦਰ ਸਿੰਘ ਅੰਮ੍ਰਿਤਸਰ , ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ,ਡੀ ਐਮ ਐਫ ਫਗਵਾੜਾ , ਸਰਕਾਰੀ ਸੀਨੀਅਰ ਸਕੰਡਰੀ ਸਕੂਲ ਭੁਲਾਰਾਏ ਦਾ ਸਟਾਫ , ਡੀ ਟੀ ਐਫ ਜ਼ਿਲ੍ਹਾ ਜਲੰਧਰ ,ਏਸ਼ੀਅਨ ਰੈਸ਼ਨਲਿਸਟ ਸੁਸਾਇਟੀ ਬਰਤੇਨ ,ਪੰਜਾਬ ਖੇਤ ਮਜਦੂਰ ਯੂਨੀਅਨ , ਡੀ ਟੀ ਐਫ ਪ੍ਰਧਾਨ ਦਿਗਵਿਜੇਪਾਲ ,ਜਨਰਲ ਸਕੱਤਰ ਬਲਵੀਰ ਚੰਦ ਲੋਂਗੋਵਾਲ , ਪੰਜਾਬ ਵੈਲਫੇਅਰ ਪੈਨਸ਼ਨਰਜ ਐਸੋਸੀਏਸਨ ਫਗਵਾੜਾ ਆਦਿ ਦੇ ਨੇ ਹਰਬੰਸ ਕੌਰ ਦੇ ਕੰਮਾਂ ਨੂੰ ਸਲੂਟ ਕਰਦੇ ਹੋਏ ਪਰਵਾਰ ਨਾਲ ਹਮਦਰਦੀ ਪ੍ਰਗਟਾਈ ।

ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਤਰਕਸ਼ੀਲ ਸੁਸਾਇਟੀ ਦੇ ਸੂਬਾ ਆਗੂ ਹੇਮਰਾਜ ਸਟੈਨੋ , ਰਾਜਪਾਲ ਸਿੰਘ , ਗੁਰਪ੍ਰੀਤ ਸ਼ੈਹਣਾ ,ਜੋਗਿੰਦਰ ਕੁਲੇਵਾਲ , ਜਮਹੂਰੀ ਲਹਿਰ ਦੇ ਆਗੂ ਅਮੋਲਕ ਸਿੰਘ ,ਮਜਦੂਰ ਆਗੂ ਹਰਮੇਸ਼ ਮਾਲੜੀ, ਐਡਵੋਕੇਟ ਐਸ ਐਲ ਵਿਰਦੀ , ਹਲਕਾ ਐਮ ਐਲ ਏ ਬਲਵਿੰਦਰ ਸਿੰਘ ਧਾਲੀਵਾਲ , ਦਿਲਬਾਗ ਸਿੰਘ ਰਿਟਾਇਰਡ ਜ਼ਿਲ੍ਹਾ ਸਿਖਿਆ ਅਫਸਰ , ਜਰਨੈਲ ਸਿੰਘ ਰਿਟਾਇਰਡ ਜ਼ਿਲ੍ਹਾ ਸਿਖਿਆ ਅਫਸਰ , ਸੁਖਵਿੰਦਰ ਬਾਗਪੁਰ , ਲੇਖਕ ਸੁਮੀਤ ਸਿੰਘ ਅੰਮ੍ਰਿਤਸਰ , ਸੱਤਪਾਲ ਸਲੋਹ ,ਡੀ ਟੀ ਐਫ ਆਗੂ ਗੁਰਮੀਤ ਕੋਟਲੀ ਅਤੇ ਮਾਸਟਰ ਅਵਤਾਰ ਲਾਲ , ਵਿਜੇ ਰਾਹੀ ਜਲੰਧਰ , ਬਲਵਿੰਦਰ ਬੁਲੋਵਾਲ, ਸੁਖਜੀਤ ਸਿੰਘ ਭੁੰਗਾ , ਪ੍ਰਿੰਸੀਪਲ ਮਨਜੀਤ ਸਿੰਘ , ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ , ਮੋਹਨ ਸਿੰਘ ਭੱਟੀ ਮਾ ਕਰਨਾਲ ਸਿੰਘ ਸੰਧੂ , ਰਾਮਲਾਲ ਖਲਵਾੜਾ ,ਚੈਨ ਸਿੰਘ , ਆਤਮਾ ਰਾਮ ਰਸ਼ਪਾਲ , ਪ੍ਰੀਤਮ ਸਿੰਘ ਨਗਦੀ ਪੁਰ , ਤਰਕਸ਼ੀਲ ਆਗੂ ਜਗਦੀਸ਼ ਲਾਲ ਨਵਾਂਸ਼ਹਿਰ , ਸੁਰਿੰਦਰ ਪਾਲ ਪੱਦੀ , ਸੁਰਿੰਦਰ ਦੁਸਾਂਝ , ਅਵਿਨਾਸ਼ ਹਰਦਾਸਪੁਰ , ਬਲਵਿੰਦਰ ਪ੍ਰੀਤ , ਮਾ. ਗਿਆਨ ਚੰਦ , ਗੁਰਮੀਤ ਸਿੰਘ ਰੱਤੂ ਆਦਿ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ ।ਸਟੇਜ ਸਕੱਤਰ ਦੀ ਭੂਮਿਕਾ ਤਰਕਸ਼ੀਲ ਆਗੂ ਜਸਵਿੰਦਰ ਸਿੰਘ ਫਗਵਾੜਾ ਨੇ ਨਿਭਾਈ ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ 11ਵੀਂ ਜਮਾਤ ਲਈ ਦਾਖਲਾ ਸ਼ੁਰੂ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**—ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰ. ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਗਿਆਰਵੀਂ ਜਮਾਤ ਲਈ ਦਾਖਲਾ ਸ਼ੁਰੂ ਹੈ। ਸਕੂਲ ਦੇ ਪ੍ਰਿੰ. ਕੇਸਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਕੂਲ ਵਿੱਚ ਗਿਆਰਵੀਂ ਜਮਾਤ ਲਈ ਰਜਿਸਟਰੇਸ਼ਨ ਸ਼ੁਰੂ ਹੈ ।ਦਸਵੀਂ ਜਮਾਤ ਤੋਂ ਬਾਅਦ ਵਿਦਿਆਰਥੀਆਂ ਦੀ ਉਚੇਰੀ ਸਿੱਖਿਆ ਲਈ ਸਕੂਲ ਵਿੱਚ ਮੈਡੀਕਲ, ਨਾਨ-ਮੈਡੀਕਲ ਅਤੇ ਆਰਟਸ ਸਟਰੀਮ ਦੀ ਵਿੱਦਿਆ ਦਿੱਤੀ ਜਾਂਦੀ ਹੈ।ਸਕੂਲ ਵਿੱਚ ਵਿਦਿਆਰਥੀਆਂ ਦੀ ਮਿਆਰੀ ਸਿੱਖਿਆ ਲਈ ਸਭ ਸਹੂਲਤਾਂ ਜਿਵੇਂ ਕਿ ਸਾਰੇ ਵਿਸ਼ਿਆਂ ਦੀਆਂ ਲੈਬ ਆਦਿ ਸ਼ਾਮਿਲ ਹੈ ਜੋ ਕਿ ਵਿਦਿਆਰਥੀਆਂ ਨੂੰ ਵਧੀਆ ਵਿੱਦਿਆ ਪ੍ਰਾਪਤ ਕਰਨ ਵਿੱਚ ਸਹਾਇਕ ਸਾਬਿਤ ਹੁੰਦੀਆਂ ਹਨ। ਸਕੂਲ ਦਾ ਸਮੂਹ ਸਟਾਫ਼ ਬਹੁਤ ਹੀ ਮਿਹਨਤੀ ਅਤੇ ਕੁਸ਼ਲ ਹੈ ਜੋ ਵਿਦਿਆਰਥੀਆਂ ਦੇ ਵਿਕਾਸ ਲਈ ਹਮੇਸ਼ਾ ਤਤਪਰ ਰਹਿੰਦਾ ਹੈ।ਸਕੂਲ ਦਾ ਅਨੁਕੂਲ ਵਾਤਾਵਰਨ ਵਿਦਿਆਰਥੀਆਂ ਦੇ ਵਿਕਾਸ ਵਿੱਚ ਬਹੁਤ ਯੋਗਦਾਨ ਪਾਉਂਦਾ ਹੈ।ਉਨ੍ਹਾਂ ਨੇ ਕਿਹਾ ਕਿ ਬੱਚਿਆਂ ਦੇ ਵਧੀਆ ਭਵਿੱਖ ਲਈ ਮਾਪੇ ਆਪਣੇ ਬੱਚਿਆਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਦਾਖਲ ਕਰਵਾਉਣ।ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਸਕੂਲ ਦੇ ਹੈਲਪਲਾਈਨ ਨੰਬਰ 9463494634 'ਤੇ ਸੰਪਰਕ ਕਰ ਸਕਦਾ ਹੈ।

ਨਵਾਂ ਜ਼ਮਾਨਾ

ਬੁੱਧਵਾਰ, 17 ਅਪ੍ਰੈਲ 2024

# ਰਾਜਪੂਤਾਂ ਦਾ ਗੁੱਸਾ

*ਇਸ ਸਮੇਂ ਦੇਸ਼ ਭਰ ਦਾ ਰਾਜਪੂਤ ਭਾਈਚਾਰਾ ਭਾਜਪਾ ਵਿਰੁੱਧ ਗੁੱਸੇ ਨਾਲ ਉੱਬਲ ਰਿਹਾ ਹੈ। ਸ਼ੁਰੂਆਤ ਤਾਂ ਭਾਵੇਂ ਇਸ ਦੀ ਗੁਜਰਾਤ ਤੋਂ ਰਾਜ ਸਭਾ ਦੇ ਮੈਂਬਰ ਪ੍ਰਸ਼ੋਤਮ ਰੁਪਾਲਾ ਦੇ ਦਿੱਤੇ ਇੱਕ ਬਿਆਨ ਨਾਲ ਹੋਈ ਸੀ, ਪਰ ਰਾਜਸਥਾਨ, ਉੱਤਰ ਪ੍ਰਦੇਸ਼ ਤੇ ਛੱਤੀਸਗੜ੍ਹ ਦੇ ਰਾਜਪੂਤਾਂ ਦੇ ਆਪਣੇ ਵੱਖਰੇ ਵੀ ਕੁਝ ਮਸਲੇ ਹਨ।*

*ਪ੍ਰਸ਼ੋਤਮ ਰੁਪਾਲਾ ਗੁਜਰਾਤ ਦੇ ਰਾਜਕੋਟ ਲੋਕ ਸਭਾ ਹਲਕੇ ਤੋਂ ਭਾਜਪਾ ਦੇ ਉਮੀਦਵਾਰ ਹਨ। ਉਨ੍ਹਾਂ 22 ਮਾਰਚ ਨੂੰ ਇੱਕ ਦਲਿਤ ਸੰਮੇਲਨ ਵਿੱਚ ਇਹ ਕਹਿ ਦਿੱਤਾ ਕਿ 'ਸਾਬਕਾ ਰਾਜਿਆਂ, ਮਹਾਰਾਜਿਆਂ ਨੇ ਮੁਸਲਮਾਨ ਸ਼ਾਸਕਾਂ ਨਾਲ ਰੋਟੀ ਦੀ ਸਾਂਝ ਹੀ ਨਹੀਂ ਪਾਈ, ਆਪਣੀਆਂ ਬੇਟੀਆਂ ਵੀ ਉਨ੍ਹਾਂ ਨਾਲ ਵਿਆਹ ਦਿੱਤੀਆਂ ਸਨ, ਜਦੋਂ ਕਿ ਸਾਡੇ ਦਲਿਤ ਸਮਾਜ ਨੇ ਅੱਤਿਆਚਾਰ ਸਹਿ ਕੇ ਵੀ ਨਾ ਆਪਣਾ ਧਰਮ ਬਦਲਿਆ, ਨਾ ਆਪਣੇ ਰਿਸ਼ਤੇ ਜੋੜੇ।'*

*ਰੁਪਾਲਾ ਦਾ ਇਹ ਵੀਡੀਓ ਵਾਇਰਲ ਹੋਣ ਤੋਂ ਬਾਅਦ ਗੁਜਰਾਤ ਦਾ ਸਾਰਾ ਰਾਜਪੂਤ ਭਾਈਚਾਰਾ ਸੜਕਾਂ ਉਤੇ ਆ ਗਿਆ। ਰੁਪਾਲਾ ਹੁਣ ਤੱਕ ਤਿੰਨ ਵਾਰ ਮਾਫ਼ੀ ਮੰਗ ਚੁੱਕਾ ਹੈ, ਪਰ ਰਾਜਪੂਤ ਉਸ ਦੀ ਟਿਕਟ ਕੱਟੇ ਜਾਣ ਦੀ ਮੰਗ ਉਤੇ ਅੜੇ ਹੋਏ ਹਨ। ਭਾਜਪਾ ਬੁਰੀ ਤਰ੍ਹਾਂ ਫਸੀ ਹੋਈ ਹੈ, ਕਿਉਂਕਿ ਜੇਕਰ ਰੁਪਾਲਾ ਦੀ ਟਿਕਟ ਕੱਟਦੀ ਹੈ ਤਾਂ ਰਾਜ ਦਾ ਸਭ ਤੋਂ ਵੱਡਾ ਪਟੇਲ ਭਾਈਚਾਰਾ ਉਸ ਦੇ ਵਿਰੁੱਧ ਹੋ ਜਾਂਦਾ ਹੈ। ਗੁਜਰਾਤ ਵਿੱਚ ਰਾਜਪੂਤ ਬਰਾਦਰੀ ਵੀ ਕਈ ਸੀਟਾਂ ਦੇ ਨਤੀਜਿਆਂ ਨੂੰ ਪ੍ਰਭਾਵਤ ਕਰਨ ਦੀ ਤਾਕਤ ਰੱਖਦੀ ਹੈ। ਰਾਜਕੋਟ ਵਿੱਚ 15 ਅਪ੍ਰੈਲ ਨੂੰ ਕੀਤੀ ਗਈ ਮਹਾਂਪੰਚਾਇਤ ਵਿੱਚ ਰਾਜਪੂਤ ਆਗੂਆਂ ਨੇ ਭਾਜਪਾ ਨੂੰ 19 ਅਪ੍ਰੈਲ ਤੱਕ ਦਾ ਅਲਟੀਮੇਟਮ ਦੇ ਦਿੱਤਾ ਹੈ ਕਿ ਜੇਕਰ ਰੁਪਾਲਾ ਦੀ ਟਿਕਟ ਨਾ ਕੱਟੀ ਗਈ ਤਾਂ ਰਾਜ ਭਰ ਵਿੱਚ 'ਅਪ੍ਰੇਸ਼ਨ ਰੁਪਾਲਾ' ਚਲਾਇਆ ਜਾਵੇਗਾ। ਇਸੇ ਦੌਰਾਨ ਰੁਪਾਲਾ ਦੇ ਨਵੇਂ ਬਿਆਨ ਕਿ 'ਹਵਾਏਂ ਉਸ ਚਿਰਾਗ ਕਾ ਕਿਆ ਵਿਗਾੜੇਂਗੀ, ਜਿਸ ਕੀ ਹਿਫਾਜ਼ਤ ਖ਼ੁਦਾ ਕਰੇ', ਨੂੰ ਰਾਜਪੂਤ ਆਗੂ ਉਨ੍ਹਾਂ ਨੂੰ ਲਲਕਾਰਨ ਵਜੋਂ ਲੈ ਕੇ ਹੋਰ ਗੁੱਸੇ ਹੋ ਗਏ ਹਨ। ਰਾਜਪੂਤਾਂ ਵਿੱਚ ਗੁੱਸਾ ਏਨਾ ਤਿੱਖਾ ਹੈ ਕਿ ਰਾਜਪੂਤ ਬਰਾਦਰੀ ਦੀਆਂ 9 ਔਰਤਾਂ ਨੇ ਭਾਜਪਾ ਦਫ਼ਤਰ ਅੱਗੇ ਜੌਹਰ (ਆਤਮਦਾਹ) ਕਰਨ ਦਾ ਐਲਾਨ ਕਰ ਦਿੱਤਾ ਸੀ, ਜਿਨ੍ਹਾਂ ਨੂੰ ਨਜ਼ਰਬੰਦ ਕਰ ਦਿੱਤਾ ਗਿਆ ਹੈ।*

*ਗੁਜਰਾਤ ਦੀ ਅੱਗ ਦਾ ਸੇਕ ਉੱਤਰ ਪ੍ਰਦੇਸ਼, ਰਾਜਸਥਾਨ ਤੇ ਛੱਤੀਸਗੜ੍ਹ ਵਿੱਚ ਵੀ ਪਹੁੰਚ ਚੁੱਕਾ ਹੈ। ਹੁਣ ਤੱਕ ਪੱਛਮੀ ਉੱਤਰ ਪ੍ਰਦੇਸ਼ ਵਿੱਚ ਰਾਜਪੂਤਾਂ ਦੀਆਂ ਦੋ ਮਹਾਂਪੰਚਾਇਤਾਂ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚ ਉਕਤ ਸਭ ਰਾਜਾਂ ਦੇ ਰਾਜਪੂਤ ਆਗੂ ਸ਼ਾਮਲ ਹੋਏ ਸਨ। ਇਨ੍ਹਾਂ ਰਾਜਾਂ ਦਾ ਸਭ ਤੋਂ ਵੱਡਾ ਮਸਲਾ ਰਾਜਪੂਤ ਭਾਈਚਾਰੇ ਦੀ ਨੁਮਾਇੰਦਗੀ ਘੱਟ ਕਰਨ ਦਾ ਹੈ। ਇਹ ਅੱਗ ਉਸ ਵੇਲੇ ਹੀ ਸੁਲਗਣੀ ਸ਼ੁਰੂ ਹੋ ਗਈ ਸੀ, ਜਦੋਂ ਤਿੰਨ ਰਾਜਾਂ ਰਾਜਸਥਾਨ, ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ ਦੀਆਂ ਵਿਧਾਨ ਸਭਾ ਚੋਣਾਂ ਜਿੱਤਣ ਤੋਂ ਬਾਅਦ ਭਾਜਪਾ ਲੀਡਰਸ਼ਿਪ ਨੇ ਦੋ ਸੰਭਾਵਤ ਰਾਜਪੂਤ ਮੁੱਖ ਮੰਤਰੀਆਂ ਨੂੰ ਲਾਂਭੇ ਕਰਕੇ ਦੂਜੀਆਂ ਜਾਤਾਂ ਦੇ ਬਿਨਾਂ ਅਧਾਰ ਵਾਲੇ ਆਗੂਆਂ ਨੂੰ ਗੱਦੀਆਂ ਸੌਂਪ ਦਿੱਤੀਆਂ ਸਨ। ਮਹਾਂਪੰਚਾਇਤਾਂ ਦੌਰਾਨ ਇਹ ਵੀ ਡਰ ਪ੍ਰਗਟ ਕੀਤਾ ਗਿਆ ਕਿ ਜੇਕਰ ਭਾਜਪਾ 300 ਸੀਟਾਂ ਤੋਂ ਵੱਧ ਜਿੱਤ ਜਾਂਦੀ ਹੈ ਤਾਂ ਦੋ ਰਾਜਪੂਤ ਮੁੱਖ ਮੰਤਰੀਆਂ ਪੁਸ਼ਕਰ ਧਾਮੀ ਤੇ ਯੋਗੀ ਅਦਿੱਤਿਆਨਾਥ ਨੂੰ ਵੀ ਬਦਲ ਦਿੱਤਾ ਜਾਵੇਗਾ। ਰਾਜਪੂਤ ਆਗੂਆਂ ਨੂੰ ਇਹ ਵੀ ਗੁੱਸਾ ਹੈ ਕਿ ਉਹ 1990 ਤੋਂ ਭਾਜਪਾ ਦੇ ਨਾਲ ਹਨ, ਪਰ ਉਨ੍ਹਾਂ ਨੂੰ ਲਗਾਤਾਰ ਗੁੱਠੇ ਲਾਇਆ ਜਾ ਰਿਹਾ ਹੈ। ਇਸ ਦੀ ਉਦਾਹਰਨ ਦਿੰਦਿਆਂ ਉਹ ਕਹਿੰਦੇ ਹਨ ਕਿ 2014 ਦੀਆਂ ਚੋਣਾਂ ਵਿੱਚ ਰਾਜਪੂਤ ਬਰਾਦਰੀ ਨੂੰ ਯੂ ਪੀ ਵਿੱਚ 22 ਸੀਟਾਂ ਦਿੱਤੀਆਂ ਗਈਆਂ ਸਨ, ਜੋ 2019 ਵਿੱਚ ਘਟਾ ਕੇ 16 ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਖਦਸ਼ਾ ਪ੍ਰਗਟ ਕੀਤਾ ਕਿ ਇਸ ਵਾਰ ਇਹ 8 ਤੋਂ ਵੱਧ ਨਹੀਂ ਹੋਣਗੀਆਂ। ਉਨ੍ਹਾਂ ਕਿਹਾ ਕਿ ਗਾਜ਼ੀਆਬਾਦ ਤੋਂ ਲੈ ਕੇ ਸਹਾਰਨਪੁਰ ਤੱਕ ਰਾਜਪੂਤਾਂ ਦਾ ਪੱਤਾ ਸਾਫ਼ ਕਰ ਦਿੱਤਾ ਗਿਆ ਹੈ। ਗਾਜ਼ੀਆਬਾਦ ਦੀ ਸੀਟ ਵਿੱਚ ਰਾਜਪੂਤਾਂ ਦੀ ਅਬਾਦੀ ਸਭ ਤੋਂ ਵੱਧ 5 ਲੱਖ 70 ਹਜ਼ਾਰ ਹੈ, ਪਰ ਰਾਜਪੂਤ ਉਮੀਦਵਾਰ ਨਹੀਂ ਬਣਾਇਆ ਗਿਆ। ਰਾਜਸਥਾਨ ਦੀ ਬਾੜਮੇਰ ਸੀਟ ਤੋਂ ਤਾਂ ਰਾਜਪੂਤਾਂ ਨੇ ਰਵਿੰਦਰ ਸਿੰਘ ਭਾਟੀ ਨੂੰ ਅਜ਼ਾਦ ਖੜ੍ਹਾ ਕਰਕੇ ਆਪਣੀ ਤਾਕਤ ਦਿਖਾਉਣ ਦਾ ਫ਼ੈਸਲਾ ਕਰ ਲਿਆ ਹੈ।*

*ਭਾਜਪਾ ਦੇ ਨੇੜਲੇ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਰਾਜਪੂਤਾਂ ਦੀ ਇਸ ਮੁਹਿੰਮ ਨੂੰ ਕੁਝ ਭਾਜਪਾ ਆਗੂਆਂ ਦੀ ਮੌਨ ਸਹਿਮਤੀ ਵੀ ਹਾਸਲ ਹੈ। ਇਨ੍ਹਾਂ ਵਿੱਚ ਵਸੁੰਧਰਾ ਰਾਜੇ, ਰਮਨ ਸਿੰਘ ਤੇ ਰਾਜਨਾਥ ਸਿੰਘ ਦਾ ਨਾਂਅ ਲਿਆ ਜਾ ਰਿਹਾ ਹੈ। ਯੋਗੀ ਅਦਿੱਤਿਆਨਾਥ ਤੇ ਨਰਿੰਦਰ ਮੋਦੀ ਵਿਚਕਾਰਲੀ ਖਹਿਬਾਜ਼ੀ ਕਿਸੇ ਤੋਂ ਛੁਪੀ ਹੋਈ ਨਹੀਂ। ਯੋਗੀ ਅਦਿੱਤਿਆਨਾਥ ਜਾਣਦੇ ਹਨ ਕਿ ਉਪਰਲੀ ਕੁਰਸੀ ਹਾਸਲ ਕਰਨ ਦੀ ਉਨ੍ਹਾਂ ਦੀ ਇੱਛਾ ਤਦ ਹੀ ਪੂਰੀ ਹੋ ਸਕਦੀ ਹੈ, ਜੇਕਰ ਨਰਿੰਦਰ ਮੋਦੀ ਨੂੰ ਇਕ ਵਾਰ ਸੜਕ ਸਵਾਰ ਕਰ ਦਿੱਤਾ ਜਾਵੇ। ਇਹ ਭੁੱਲਣਾ ਨਹੀਂ ਚਾਹੀਦਾ ਕਿ ਰਾਜਪੂਤ ਰਿਆਸਤਾਂ ਦੇ ਸ਼ਾਸਕ ਰਹੇ ਹਨ ਤੇ ਉਹ ਰਾਜ ਕਰਨਾ ਆਪਣਾ ਪਿਤਰੀ ਅਧਿਕਾਰ ਸਮਝਦੇ ਹਨ।*

*ਯੂ ਪੀ ਵਿੱਚ ਰਾਜਪੂਤਾਂ ਦੇ ਵਿਰੋਧ ਦਾ ਕੇਂਦਰ ਹਾਲ ਦੀ ਘੜੀ ਪੱਛਮੀ ਉੱਤਰ ਪ੍ਰਦੇਸ਼ ਹੀ ਹੈ। ਪੂਰਬੀ ਉੱਤਰ ਪ੍ਰਦੇਸ਼ ਹਾਲੇ ਸ਼ਾਂਤ ਹੈ, ਕਿਉਂਕਿ ਉਸ ਹਿੱਸੇ ਵਿੱਚ ਚੋਣਾਂ ਮਗਰਲੇ ਗੇੜਾਂ ਵਿੱਚ ਹੋਣੀਆਂ ਹਨ। ਆਉਂਦੇ ਦਿਨੀਂ ਜੇਕਰ ਉਹ ਹਿੱਸਾ ਵੀ ਮਘਦਾ ਹੈ, ਤਾਂ ਉਹ ਮੋਦੀ ਦੇ 400 ਪਾਰ ਦੇ ਸੁਫ਼ਨੇ ਨੂੰ ਪਲੀਤਾ ਲਾ ਸਕਦਾ ਹੈ।*

**-ਚੰਦ ਫਤਿਹਪੁਰੀ**

# ਚੋਣ ਐਲਾਨਨਾਮਿਆਂ 'ਚੋਂ ਸਿੱਖਿਆ ਗਾਇਬ ਕਿਉਂ?



ਗੁਰਮੀਤ ਸਿੰਘ ਪਲਾਹੀ

ਲੋਕ ਸਭਾ ਚੋਣਾਂ ਲਈ ਸਿਆਸੀ ਪਾਰਟੀਆਂ ਆਪਣਾ ਚੋਣ ਮੈਨੀਫੈਸਟੋ ਜਾਰੀ ਕਰ ਰਹੀਆਂ ਹਨ। ਵੱਡੇ-ਵੱਡੇ ਲੋਕ ਲੁਭਾਉਣੇ ਵਾਇਦੇ, ਗਰੰਟੀਆਂ, ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਵਿਕਾਸ, ਪ੍ਰੀਵਰਤਨ, ਸੰਵਿਧਾਨਕ ਰਾਖੀ, ਗਰੀਬੀ ਹਟਾਓ, ਰੁਜ਼ਗਾਰ ਦੇਣ, ਔਰਤਾਂ ਦੇ ਸਸ਼ਕਤੀਕਰਨ, ਇੱਕ ਰਾਸ਼ਟਰ ਇੱਕ ਚੋਣ, ਘੱਟ ਗਿਣਤੀ ਦੀ ਸੁਰੱਖਿਆ, ਸਮਾਜਿਕ ਸੁਰੱਖਿਆ ਆਦਿ ਚੋਣ ਮੈਨੀਫੈਸਟੋ ਦਾ ਧੁਰਾ ਬਣਾਏ ਜਾ ਰਹੇ ਹਨ, ਪਰ ਲੋਕਾਂ ਲਈ ਸਿੱਖਿਆ ਅਤੇ ਹਰ ਇੱਕ ਲਈ ਬਰਾਬਰ ਦੀ ਸਿੱਖਿਆ ਦੀ ਗਰੰਟੀ ਪਾਰਟੀਆਂ ਦੇ ਚੋਣ ਮੈਨੀਫੈਸਟੋ ਵਿਚੋਂ ਲੁਪਤ ਹੈ।

ਦੇਸ਼ ਨੂੰ ਅੰਗਰੇਜ਼ ਸਾਮਰਾਜ ਦੀ ਗੁਲਾਮੀ ਤੋਂ ਆਜ਼ਾਦ ਹੋਇਆਂ ਪੌਣੀ ਸਦੀ ਤੋਂ ਵੱਧ ਦਾ ਸਮਾਂ ਬੀਤ ਚੁੱਕਾ ਹੈ। ਕੁਝ ਸਿਆਸੀ ਪਾਰਟੀਆਂ, ਜਿਹੜੀਆਂ ਇੱਕ ਸਦੀ ਤੋਂ ਵੱਧ ਦਾ ਸਿਆਸੀ ਸਫ਼ਰ ਪੂਰਾ ਕਰ ਚੁੱਕੀਆਂ ਹਨ, ਉਹ ਦੇਸ਼ ਦੀਆਂ ਹਾਕਮ ਬਣ ਦੇਸ਼ 'ਚੋਂ ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਖ਼ਤਮ ਕਰਨ ਅਤੇ ਦੇਸ਼ ਦੇ ਵਿਕਾਸ ਲਈ ਯਤਨਸ਼ੀਲ ਰਹੀਆਂ ਹਨ। ਸਮੇਂ-ਸਮੇਂ ਮਨੁੱਖ ਦੀਆਂ ਬੁਨਿਆਦੀ ਲੋੜਾਂ; ਸਿਹਤ, ਸਿੱਖਿਆ, ਚੰਗਾ ਵਾਤਾਵਰਨ ਮੁਹੱਈਆ ਕਰਨ ਲਈ ਉਨ੍ਹਾਂ ਵੱਲੋਂ ਨੀਤੀਆਂ ਨਿਰਧਾਰਤ ਕੀਤੀਆਂ ਗਈਆਂ ਹਨ।

ਆਓ ਵੇਖੀਏ, ਮਨੁੱਖ ਦੀ ਮੁੱਖ ਲੋੜ ਸਿੱਖਿਆ ਦਾ ਸਫ਼ਰ ਭਾਰਤ ਦੇਸ਼ 'ਚ ਕਿੰਨਾ ਕੁ ਤਹਿ ਹੋਇਆ ਹੈ ਅਤੇ ਸਿਆਸੀ ਪਾਰਟੀਆਂ ਭਾਰਤੀਆਂ ਦੀ ਇਸ ਬੁਨਿਆਦੀ ਲੋੜ ਨੂੰ ਕਿੰਨੀ ਕੁ ਸੰਜੀਦਗੀ ਨਾਲ ਪੱਲੇ ਬੰਨ੍ਹੀ ਬੈਠੀਆਂ ਹਨ।

ਦੇਸ਼ ਵਿੱਚ ਫਿਲਹਾਲ ਲਗਭਗ 400 ਯੂਨੀਵਰਸਿਟੀਆਂ ਅਤੇ 20,000 ਉੱਚ ਸਿੱਖਿਆ ਦੇਣ ਵਾਲੀਆਂ ਸੰਸਥਾਵਾਂ ਹਨ। ਇਨ੍ਹਾਂ ਵਿੱਚ 7 ਲੱਖ ਤੋਂ ਜ਼ਿਆਦਾ ਕਾਲਜ/ਯੂਨੀਵਰਸਿਟੀਆਂ ਵਿੱਚ ਡੇਢ ਕਰੋੜ (ਇੱਕ ਕਰੋੜ 50 ਲੱਖ) ਤੋਂ ਜਿਆਦਾ ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਹਨ, ਪਰ ਇਹ ਤੱਥ ਹੈਰਾਨ ਕਰਨ ਵਾਲਾ ਹੈ ਕਿ ਕੋਈ ਵੀ ਯੂਨੀਵਰਸਿਟੀ ਜਾਂ ਸਿੱਖਿਆ ਸੰਸਥਾ ਉਸ ਪੱਧਰ ਦੀ ਸਿੱਖਿਆ ਦੇਣ ਦੇ ਕਾਬਲ ਨਹੀਂ, ਜਿਸ ਦੇ ਕਾਰਨ ਉਸ ਨੂੰ ਦੁਨੀਆ ਦੇ ਅੱਵਲ ਇੱਕ ਸੌ ਯੂਨੀਵਰਸਿਟੀਆਂ 'ਚ ਸ਼ਾਮਲ ਕੀਤਾ ਜਾ ਸਕੇ।

ਕੁਝ ਵਰ੍ਹੇ ਪਹਿਲਾਂ 'ਐਸੋਚੈਮ' ਨੇ ਟਾਟਾ ਇਂਸਟੀਚੀਊਟ ਆਫ਼ ਸੋਸ਼ਲ ਸਾਇੰਸਿਜ਼ ਦੇ ਨਾਲ ਮਿਲ ਕੇ ਇੱਕ ਸਰਵੇਖਣ ਤਿਆਰ ਕੀਤਾ ਹੈ। ਉਸ ਵਿੱਚ ਦੱਸਿਆ ਗਿਆ ਹੈ ਕਿ ਭਾਰਤੀ ਮਾਪੇ ਹਰ ਸਾਲ ਆਪਣੇ ਬੱਚਿਆਂ ਦੀ ਸਿੱਖਿਆ ਉਤੇ ਛੇ ਤੋਂ ਸੱਤ ਅਰਬ ਡਾਲਰ ਖ਼ਰਚ ਕਰਦੇ ਹਨ। ਦੇਸ਼ ਦੀ ਉੱਚ ਸਿੱਖਿਆ ਦੀ ਵਿਦੇਸ਼ੀ ਯੂਨੀਵਰਸਿਟੀਆਂ 'ਤੇ ਨਿਰਭਰਤਾ ਜਾਇਜ਼ ਨਹੀਂ। ਇਸ ਗੰਭੀਰ ਮਸਲੇ ਵੱਲ ਕਦੇ ਸਿਆਸੀ ਧਿਰਾਂ ਨੇ ਧਿਆਨ ਨਹੀਂ ਦਿੱਤਾ। ਉਲਟਾ ਉੱਚ ਸਿੱਖਿਆ ਖੇਤਰ ਨੂੰ ਸਮੇਂ-ਸਮੇਂ ਦੀਆਂ ਸਿਆਸੀ ਧਿਰਾਂ ਨੇ ਆਪਣੇ ਗਲੋਂ ਲਾਹੁਣ ਦਾ ਹੀ ਯਤਨ ਕੀਤਾ।

ਸਿੱਖਿਆ, ਉੱਚ ਸਿੱਖਿਆ ਨਾਲ ਜੜ੍ਹੋਂ ਜੁੜਿਆ ਇੱਕ ਮੁੱਦਾ ਭਾਸ਼ਾ ਦਾ ਹੈ। ਅਸੀਂ ਭਾਸ਼ਾਵਾਂ ਦੇ ਮਾਧਿਅਮ ਰਾਹੀਂ ਜਿਥੇ ਕੁਦਰਤੀ ਅਤੇ ਸਮਾਜਿਕ ਵਰਤਾਰਿਆਂ ਨਾਲ ਸਾਂਝ ਪਾਉਂਦੇ ਹਾਂ, ਉਥੇ ਭਾਸ਼ਾ ਹੀ ਮਾਧਿਆਮ ਹੈ, ਜਿਸ ਨਾਲ ਮਾਨਸਕ ਵਿਕਾਸ ਦਾ ਢਾਂਚਾ ਖੜ੍ਹਾ ਕਰਦੇ ਹਾਂ, ਕਿਉਂਕਿ ਇਸ ਵਿਕਾਸ ਦੇ ਨਾਲ ਹੀ ਸਾਡੀ ਭਾਸ਼ਾ ਜੁੜੀ ਹੁੰਦੀ ਹੈ। ਉਂਜ ਵੀ ਖੇਤਰੀ ਭਾਸ਼ਾਵਾਂ ਅਤੇ ਬੋਲੀਆਂ ਸਾਡਾ ਸੱਭਿਆਚਾਰਕ ਵਿਰਸਾ ਹਨ। ਸਾਲ 2011 ਦੀ ਮਰਦਮਸ਼ੁਮਾਰੀ ਅਨੁਸਾਰ ਦੇਸ਼ ਵਿੱਚ 121 ਬੋਲੀਆਂ ਅਤੇ 234 ਮਾਂ ਬੋਲੀਆਂ ਹਨ। ਇਨ੍ਹਾਂ ਵਿੱਚ ਉਹ ਬੋਲੀਆਂ ਸ਼ਾਮਲ ਨਹੀਂ ਹਨ, ਜਿਹਨਾਂ ਨੂੰ ਬੋਲਣ ਵਾਲਿਆਂ ਦੀ ਗਿਣਤੀ 10,000 ਤੋਂ ਘੱਟ ਹੈ। ਭਾਰਤ ਵਿੱਚ ਇਹ ਸਾਰੀਆਂ ਬੋਲੀਆਂ ਅਤੇ ਸਥਾਨਕ ਬੋਲੀਆਂ ਅੰਗਰੇਜ਼ੀ ਦੇ ਪ੍ਰਭਾਵ ਨਾਲ ਇਸ ਡਿਜੀਟਲ ਯੁੱਗ 'ਚ ਖ਼ਾਸ ਕਰਕੇ ਖ਼ਤਮ ਹੋ ਰਹੀਆਂ ਹਨ ਜਾਂ ਸੰਕਟ ਵਿੱਚ ਹਨ, ਕਿਉਂਕਿ ਅੰਗਰੇਜ਼ੀ ਭਾਸ਼ਾ ਵਪਾਰ, ਪ੍ਰਬੰਧਕੀ ਖੇਤਰ, ਮੈਡੀਕਲ, ਭੌਤਿਕੀ ਸਿੱਖਿਆ ਦਾ ਪ੍ਰਮੁੱਖ ਅਧਾਰ ਬਣਾਈ ਗਈ ਹੋਈ ਹੈ, ਜਦ ਕਿ ਨਵੇਂ ਭਾਰਤ ਦੀ ਸਿਰਜਨਾ ਲਈ ਮਾਂ ਬੋਲੀਆਂ ਦੇ ਪ੍ਰਚਲਣ ਅਤੇ ਪਾਠ ਪੁਸਤਕਾਂ, ਰੁਜ਼ਗਾਰ ਅਤੇ ਤਕਨੀਕ ਦੀ ਭਾਸ਼ਾ ਬਣਾਏ ਜਾਣ ਦੀ ਲੋੜ ਸੀ, ਪਰ ਸਾਡੀਆਂ ਸਿੱਖਿਆ ਨੀਤੀਆਂ ਬਣਾਉਣ ਵਾਲੇ ਹਾਕਮ ਇਸ ਮਸਲੇ 'ਚ ਚੁੱਪੀ ਵੱਟ ਕੇ ਬੈਠੇ ਰਹੇ, ਜਿਸ ਨਾਲ ਦੇਸ਼ ਦੀ ਨੌਜਵਾਨ ਪੀੜ੍ਹੀ ਦਾ ਮੋਹ ਆਪਣੀਆਂ ਬੋਲੀਆਂ ਤੋਂ ਭੰਗ ਹੋਇਆ ਅਤੇ ਕਈ ਹਾਲਤਾਂ 'ਚ ਉਹ ਆਪਣੀ ਬੋਲੀ ਕਾਰਨ ਹੀਣ ਭਾਵਨਾ ਦਾ ਸ਼ਿਕਾਰ ਵੀ ਹੋਏ।

ਦੇਸ਼ ਦੇ ਨਾਗਰਿਕਾਂ ਲਈ ਦੇਸ਼ ਦੇ ਸੰਵਿਧਾਨ ਦੀ ਧਾਰਾ 14, ਮੁਢਲਾ ਅਧਿਕਾਰ ਹੈ। ਸੰਵਿਧਾਨ 'ਚ 86ਵੀਂ ਸੋਧ ਕਰਕੇ 21-ਏ ਧਾਰਾ ਜੋੜੀ ਗਈ, ਜਿਸ ਅਨੁਸਾਰ 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਸਿੱਖਿਆ ਦਾ ਸਮਾਧਾਨ ਕੀਤਾ ਗਿਆ। ਸੁਪਰੀਮ ਕੋਰਟ ਅਨੁਸਾਰ-ਸਿੱਖਿਆ ਦਾ ਅਧਿਕਾਰ, ਸਾਡੀ ਜ਼ਿੰਦਗੀ ਦਾ ਅਧਿਕਾਰ ਹੈ। ਤਦ ਵੀ ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰ ਦੀ ਸਿੱਖਿਆ ਨਹੀਂ ਮਿਲ ਰਹੀ।

ਦੇਸ਼ ਵਿੱਚ 1968, 1986,1992 ਅਤੇ 2020 'ਚ ਸਿੱਖਿਆ ਨੀਤੀਆਂ ਘੜੀਆਂ ਗਈਆਂ। 2009 'ਚ ਮੁਢਲਾ ਮੁਫ਼ਤ ਸਿੱਖਿਆ ਐਕਟ ਬਣਾਇਆ ਗਿਆ। ਕਈ ਸਿੱਖਿਆ ਕਮਿਸ਼ਨ ਬਣੇ। ਉੱਚ ਸਿੱਖਿਆ ਸੰਸਥਾਵਾਂ ਦਾ ਗਠਨ ਹੋਇਆ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਸਿੱਖਿਆ ਪ੍ਰਦਾਨ ਕਰਨ ਦੇ ਵੱਡੇ ਦਾਅਵੇ ਵੀ ਹੋਏ। ਬਹੁਤੀਆਂ ਹਾਲਤਾਂ 'ਚ ਇਹ ਦਾਅਵੇ ਖੋਖਲੇ ਹਨ। ਪ੍ਰਾਇਮਰੀ ਸਿੱਖਿਆ ਅਧਿਆਪਕਾਂ ਦੀ ਪੂਰੀ ਨਿਯੁਕਤੀ ਨਹੀਂ, ਵੱਡੀ ਗਿਣਤੀ 'ਚ ਵਿਦਿਆਰਥੀ ਘਰੇਲੂ ਮਜਬੂਰੀਆਂ ਕਾਰਨ ਸਕੂਲ ਛੱਡ ਜਾਂਦੇ ਹਨ, ਲੜਕਿਆਂ ਦੇ ਮੁਕਾਬਲੇ ਲੜਕੀਆਂ ਦਾ ਸਕੂਲਾਂ 'ਚ ਬਰਾਬਰ ਦਾ ਦਾਖ਼ਲਾ ਸਮਾਜਿਕ ਕਾਰਨਾਂ ਕਾਰਨ ਨਹੀਂ ਹੋ ਰਿਹਾ।

ਦੇਸ਼ ਵਿੱਚ ਕੁੱਲ ਸਕੂਲਾਂ ਦੀ ਗਿਣਤੀ 15,11,802 ਹੈ, ਜਿਸ ਵਿਚੋਂ 9,23,296 ਸਰਕਾਰੀ ਖੇਤਰ 5,88506 ਪ੍ਰਾਈਵੇਟ ਖੇਤਰ ਵਿੱਚ ਹਨ। 2011 ਦੀ ਮਰਦਮਸ਼ੁਮਾਰੀ ਅਨੁਸਾਰ ਸਾਖਰਤਾ ਦਰ 77.7 ਹੈ, ਜਿਸ ਵਿਚੋਂ ਮਰਦਾਂ ਦੀ ਸਾਖਰਤਾ ਦਰ 84.6 ਅਤੇ ਔਰਤਾਂ ਦੀ 70.3 ਫ਼ੀਸਦੀ ਹੈ। ਭਾਵ 30 ਫ਼ੀਸਦੀ ਔਰਤਾਂ ਲੜਕੀਆਂ ਕੋਰੀਆਂ ਅਨਪੜ੍ਹ ਹਨ। ਪ੍ਰਾਇਮਰੀ ਸਕੂਲਾਂ 'ਚ 95 ਫੀਸਦੀ ਬੱਚੇ ਦਾਖ਼ਲ ਹੁੰਦੇ ਹਨ, ਜਿਹੜੇ ਸੈਕੰਡਰੀ ਪੱਧਰ ਤੱਕ 69 ਫ਼ੀਸਦੀ ਰਹਿ ਜਾਂਦੇ ਹਨ ਅਤੇ ਪੋਸਟ ਸੈਕੰਡਰੀ ਤੱਕ ਪੁੱਜਦਿਆਂ ਇਹਨਾਂ ਦੀ ਦਰ 25 ਫ਼ੀਸਦੀ ਰਹਿ ਜਾਂਦੀ ਹੈ।

ਅਸਲ ਵਿੱਚ ਦੇਸ਼ ਦੀ ਪ੍ਰਾਇਮਰੀ, ਸੈਕੰਡਰੀ ਸਿੱਖਿਆ ਤੋਂ ਲੈ ਕੇ ਉੱਚ ਸਿੱਖਿਆ ਦਾ ਦੇਸ਼ ਵਿੱਚ ਬੁਰਾ ਹਾਲ ਹੈ। ਹਾਕਮ ਧਿਰ ਨੇ, ਭਾਵੇਂ ਉਹ ਕੇਂਦਰ ਵਿੱਚ ਰਾਜ ਕਰਦੀ ਹੈ ਜਾਂ ਸੂਬਿਆਂ ਵਿੱਚ, ਸਿੱਖਿਆ ਨੂੰ ਸਰਕਾਰੀ ਫ਼ਰਜ਼ਾਂ ਤੋਂ ਦੂਰ ਕਰਕੇ ਨਿੱਜੀ ਹੱਥਾਂ 'ਚ ਦੇ ਦਿੱਤਾ ਹੈ, ਜਿਹਨਾ ਵੱਲੋਂ ਸਿੱਖਿਆ ਦਾ ਵਪਾਰੀਕਰਨ ਕਰ ਦਿੱਤਾ ਹੈ। ਦੇਸ਼ ਵਿੱਚ ਪਬਲਿਕ, ਮਾਡਲ ਸਕੂਲਾਂ ਦੀ ਭਰਮਾਰ ਹੋ ਗਈ ਹੈ। ਪ੍ਰਾਈਵੇਟ, ਪ੍ਰੋਫੈਸ਼ਨਲ ਯੂਨੀਵਰਸਿਟੀਆਂ, ਕਾਲਜ ਖੋਲ੍ਹ ਕੇ ਸਰਕਾਰਾਂ ਨੇ ਸਿੱਖਿਆ ਦੇ ਨਿੱਜੀਕਰਨ ਨੂੰ ਪ੍ਰਵਾਨ ਕਰ ਲਿਆ ਹੈ, ਜੋ ਮਿਠਾਈਆਂ ਵਾਂਗਰ ਨਵੇਂ ਸਿਲੇਬਸ, ਕੋਰਸ ਬਣਾ ਕੇ ਡਿਗਰੀਆਂ ਵੇਚ ਰਹੇ ਹਨ, ਉਨ੍ਹਾਂ ਉਤੇ ਕੋਈ ਰੋਕ ਵੀ ਨਹੀਂ। ਇਹਨਾ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਪ੍ਰਾਈਵੇਟ ਮੈਡੀਕਲ ਕਾਲਜਾਂ ਵਿੱਚ ਸਧਾਰਨ ਮਜ਼ਦੂਰ, ਕਿਸਾਨ ਪਰਵਾਰਾਂ ਦੇ ਬੱਚੇ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ, ਕਿਉਂਕਿ ਉਹ ਸਾਧਨ ਵਿਹੂਣੇ ਹਨ। ਇੰਜ ਸਾਰਿਆਂ ਲਈ ਬਰਾਬਰ ਦੀ ਸਿੱਖਿਆ ਦਾ ਤਾਂ ਜਿਵੇਂ ਦੀਵਾਲਾ ਹੀ ਨਿਕਲ ਗਿਆ ਹੈ। ਵੈਸੇ ਵੀ 2020 ਦੀ ਨਵੀਂ ਸਰਕਾਰ ਦੀ ਸਿੱਖਿਆ ਨੀਤੀ ਨੇ ਸਿੱਖਿਆ ਦੇ ਨਿੱਜੀਕਰਨ, ਵਪਾਰੀਕਰਨ ਨੂੰ ਉਤਸ਼ਾਹਤ ਕਰਦਿਆਂ ਵਿਸ਼ਵ ਦੀਆਂ ਯੂਨੀਵਰਸਿਟੀਆਂ ਨੂੰ ਆਪਣੇ ਕੈਂਪਸ ਭਾਰਤ 'ਚ ਖੋਲ੍ਹਣ ਦੀ ਖੁੱਲ੍ਹ ਦੇ ਕੇ ਵਿਦਿਆਰਥੀਆਂ ਦੀ ਲੁੱਟ ਦਾ ਰਾਹ ਪੱਧਰਾ ਕਰ ਦਿੱਤਾ ਹੈ। ਜ਼ਰਾ ਕੁ ਕਿਆਸ ਕਰੋ ਕਿ ਇਹਨਾ ਵਿਸ਼ਵ ਪੱਧਰੀ ਯੂਨੀਵਰਸਿਟੀਆਂ 'ਚ ਕਿਹੜੇ ਵਿਦਿਆਰਥੀ ਦਾਖ਼ਲਾ ਲੈਣਗੇ?

ਪਿਛਲੇ ਬਜਟ ਵਿੱਚ ਸਿੱਖਿਆ ਲਈ ਬਹੁਤੀਆਂ ਸੂਬਾ ਸਰਕਾਰਾਂ ਆਪਣੀ ਆਮਦਨ ਦਾ 2.5 ਫ਼ੀਸਦੀ ਤੋਂ 3.1 ਫ਼ੀਸਦੀ ਤੱਕ ਰੱਖਦੀਆਂ ਹਨ। ਭਾਰਤ ਸਰਕਾਰ ਵਲੋਂ ਵੀ ਕੁੱਲ ਜੀ ਡੀ ਪੀ ਦਾ 2.9 ਫ਼ੀਸਦੀ ਅਨੁਮਾਨਤ ਖ਼ਰਚਾ ਸਿੱਖਿਆ ਲਈ ਮਿਥਿਆ ਗਿਆ ਹੈ। ਭਾਰਤ ਵਰਗੇ ਮੁਲਕ ਲਈ ਇਹ ਖ਼ਰਚ ਕਿਸੇ ਵੀ ਹਾਲਤ ਵਿੱਚ ਵਾਜਬ ਨਹੀਂ ਗਿਣਿਆ ਜਾ ਸਕਦਾ, ਕਿਉਂਕਿ 100 ਫੀਸਦੀ ਸਾਖਰਤਾ ਦਰ ਅਸੀਂ ਪ੍ਰਾਪਤ ਨਹੀਂ ਕਰ ਸਕੇ। ਸਕੂਲੋਂ ਭੱਜਣ ਵਾਲੇ ਵਿਦਿਆਰਥੀਆਂ ਨੂੰ ਮੁੜ ਸਕੂਲਾਂ 'ਚ ਲਿਆਉਣ ਦਾ ਚੈਲਿੰਜ ਵੀ ਸਾਡੇ ਸਾਹਮਣੇ ਹੈ। ਉੱਚ ਸਿੱਖਿਆ 'ਚ ਜਾਣ ਵਾਲੇ ਉਤਸ਼ਾਹੀ ਵਿਦਿਆਰਥੀਆਂ ਦੀ ਗਿਣਤੀ, ਉਹਨਾ ਦੇ ਪਰਵਾਰਾਂ ਦੀ ਮਾਇਕ ਸਾਧਨਾਂ ਦੀ ਘਾਟ ਕਾਰਨ ਘਟ ਰਹੀ ਹੈ, ਪਰ ਮੌਜੂਦਾ ਸਮੇਂ ਇਹ ਹਾਕਮਾਂ ਦੀ ਚਿੰਤਾ ਨਹੀਂ ਹੈ।

ਅੱਜ ਜਦੋਂ ਅਰਥ ਸ਼ਾਸਤਰ ਦੇ ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਕਹਿੰਦੇ ਹਨ ਕਿ ਭਾਰਤ ਨੂੰ ਬੇਹਤਰ ਸਿੱਖਿਆ ਤੇ ਸਿਹਤ ਸੇਵਾ 'ਤੇ ਧਿਆਨ ਕਰਨ ਦੀ ਲੋੜ ਹੈ ਤਾਂ ਸਿਆਸੀ ਨੇਤਾ, ਹਾਕਮ ਇਸ ਸੰਬੰਧੀ ਚੁੱਪੀ ਵੱਟ ਕੇ ਬੈਠੇ ਹਨ।

ਜਾਪਦਾ ਹੈ ਸਿਆਸੀ ਧਿਰਾਂ ਇਸ ਸੂਖ਼ਮ ਪਰ ਅਹਿਮ ਮਨੁੱਖੀ ਲੋੜ, ਸਿੱਖਿਆ ਦੇ ਮੁੱਦੇ ਨੂੰ ਤਿਲਾਂਜਲੀ ਦੇ ਕੇ ਵੋਟਾਂ ਹਥਿਆਉਣ ਲਈ ਇਹੋ ਜਿਹਾ ਬਿਰਤਾਂਤ ਸਿਰਜ ਰਹੀਆਂ ਹਨ, ਜਿਹੜਾ ਉਹਨਾਂ ਨੂੰ 'ਰਾਜੇ' ਬਣਨ ਲਈ ਰਾਸ ਆਉਂਦਾ ਹੈ।

ਉਂਜ ਵੀ ਨੇਤਾ ਲੋਕ ਦੇਸ਼ ਦੀ ਜਨਤਾ ਨੂੰ ਪੜ੍ਹਿਆ-ਲਿਖਿਆ ਨਹੀਂ ਵੇਖਣਾ ਚਾਹੁਣਗੇ, ਕਿਉਂਕਿ ਪੜ੍ਹੇ ਲਿਖੇ ਲੋਕ ਸਵਾਲ ਕਰਨਗੇ ਤੇ ਆਪਣੇ ਹੱਕ ਮੰਗਣਗੇ, ਹਾਕਮਾਂ ਦੀ ਥਾਂ ਲੈਣ ਦੀ ਖਾਹਿਸ਼ ਪਾਲਣਗੇ। ਤਦ ਇਹ ਸਭ ਕੁਝ ਸਿਆਸੀ ਲੋਕਾਂ ਦੀ ਸੋਚ ਨੂੰ ਪ੍ਰੇਸ਼ਾਨ ਕਰੇਗਾ।

**# ਸੰਪਰਕ: 98158-02070**

# ਪੱਤਰਕਾਰਤਾ ਲਈ ਮੁਸ਼ਕਲਾਂ ਭਰਿਆ ਸਮਾਂ



ਨਰਾਇਣ ਦੱਤ

ਭਾਰਤੀ ਸੰਵਿਧਾਨ ਦੀ ਧਾਰਾ 19 ਹਰ ਕਿਸੇ ਨੂੰ ਵਿਚਾਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਦਾ ਅਧਿਕਾਰ ਦਿੰਦੀ ਹੈ। ਇਸ ਅਧਿਕਾਰ ਵਿੱਚ ਬਿਨਾਂ ਕਿਸੇ ਦਖਲ ਦੇ ਵਿਚਾਰ ਰੱਖਣ ਅਤੇ ਕਿਸੇ ਵੀ ਮੀਡੀਆ ਦੁਆਰਾ ਅਤੇ ਸਰਹੱਦਾਂ ਦੀ ਪਰਵਾਹ ਕੀਤੇ ਬਿਨਾਂ ਜਾਣਕਾਰੀ ਅਤੇ ਵਿਚਾਰਾਂ ਨੂੰ ਪ੍ਰਾਪਤ ਕਰਨ ਅਤੇ ਪ੍ਰਦਾਨ ਕਰਨ ਦੀ ਆਜ਼ਾਦੀ ਸ਼ਾਮਲ ਹੈ। ਹੁਣ ਜਦੋਂ ਕੇਂਦਰ ਦੀ ਮੋਦੀ ਸਰਕਾਰ ਨੇ ਮੁੱਖ ਧਾਰਾਈ ਮੀਡੀਆ ਨੂੰ ਆਪਣੇ ਕਬਜ਼ੇ ਹੇਠ ਕਰ ਲਿਆ ਹੈ ਤਾਂ ਕੁਝ ਯੂ-ਟਿਊਬਰ ਮੋਦੀ ਹਕੂਮਤ ਦੀ ਪੈੜ 'ਚ ਪੈੜ ਧਰ ਕੇ ਨਹੀਂ ਚੱਲ ਰਹੇ ਤਾਂ ਇਨ੍ਹਾਂ ਉੱਪਰ ਪਾਰਲੀਮੈਂਟ ਵਿੱਚ ਸੋਧ ਕਰਕੇ ਸ਼ਿਕੰਜਾ ਕੱਸਣ/ਬੰਦ ਕਰਵਾਉਣ ਦੀਆਂ ਗੋਂਦਾਂ ਗੁੰਦਣੀਆਂ ਸ਼ੁਰੂ ਕਰ ਦਿੱਤੀਆਂ ਹੋਈਆਂ ਹਨ। ਹਾਲਾਂ ਕਿ ਪਹਿਲਾਂ ਹੀ ਅਜਿਹੇ ਬਹੁਤ ਸਾਰੇ ਅਧਿਕਾਰ ਮੌਜੂਦ ਹਨ, ਜਿਨ੍ਹਾਂ ਦੀ ਬੇਦਰੇਗ ਵਰਤੋਂ ਕੀਤੀ ਜਾ ਰਹੀ ਹੈ। ਕਸ਼ਮੀਰ ਅੰਦਰ ਰਿਪੋਰਟਿੰਗ ਕਰਦੇ ਪੱਤਰਕਾਰਾਂ ਲਈ ਪੁਲਸ ਕੇਸ, ਧਮਕੀਆਂ, ਮੁਕੱਦਮੇ ਆਮ ਬਣੇ ਹੋਏ ਹਨ। ਪੱਤਰਕਾਰ ਆਸਿਫ ਸੁਲਤਾਨ ਨੂੰ ਜਨਤਕ ਸੁਰੱਖਿਆ ਐਕਟ ਅਧੀਨ ਬੰਦ ਕਰਕੇ ਸਾਲਾਂਬੱਧੀ ਸਮਾਂ ਜੇਲ੍ਹ ਅੰਦਰ ਰੱਖਿਆ ਗਿਆ। ਹਾਥਰਸ ਕੇਸ ਦੀ ਰਿਪੋਰਟਿਗ ਕਰਨ ਵਾਲੇ ਪੱਤਰਕਾਰ ਸਿੱਦੀਕੀ ਕੱਪਨ ਨੂੰ ਦੇਸ਼ ਧ੍ਰੋਹ ਦੀ ਧਾਰਾ ਲਗਾ ਕੇ ਯੂਪੀ ਪੁਲਸ ਨੇ ਸਲਾਖਾਂ ਪਿੱਛੇ ਸਾਲਾਂਬੱਧੀ ਸਮਾਂ ਬੰਦ ਕਰੀ ਰੱਖਿਆ। ਪਹਿਲਾਂ ਮੋਦੀ ਸਰਕਾਰ ਨੇ 'ਦ ਵਾਇਰ ਦੇ ਸੰਪਾਦਕ ਮਰਹੂਮ ਵਿਨੋਦ ਦੂਆ ਨੂੰ ਨੋਟਿਸ ਭੇਜ ਕੇ ਡਰਾਉਣਾ ਚਾਹਿਆ ਸੀ। ਮਨੀਪੁਰ ਦੀਆਂ ਘਟਨਾਵਾਂ ਦੀ ਰਿਪੋਰਟ ਕਰਨ ਬਦਲੇ 'ਦ ਐਡੀਟਰਜ਼ ਗਿਲਡ' ਨੂੰ ਅਦਾਲਤੀ ਮੁਕੱਦਮੇ ਰਾਹੀਂ ਧਮਕਾਉਣ ਦੀ ਕੋਸ਼ਿਸ਼ ਕੀਤੀ। ਫਿਰ ਨਿਊਜ਼ ਕਲਿੱਕ ਦੇ ਟਿਕਾਣਿਆਂ ਉੱਪਰ ਈ ਡੀ ਦੀ ਟੀਮ ਨੇ ਛਾਪੇਮਾਰੀ ਕਰਕੇ ਸੰਪਾਦਕ ਪਰਬੀਰ ਪੁਰਸ਼ਾਰਥ ਨੂੰ ਗ੍ਰਿਫ਼ਤਾਰ ਕਰ ਲਿਆ। ਹੁਣ ਹਿੰਦੀ ਨਿਊਜ਼ ਪਲੇਟਫਾਰਮ 'ਬੋਲਤਾ ਹਿੰਦੁਸਤਾਨ' ਦੇ ਯੂਟਿਊਬ ਚੈਨਲ ਦੇ ਕਰੀਬ 3 ਲੱਖ ਗਾਹਕਾਂ ਨੂੰ ਸਰਕਾਰ ਨੇ ਮੁਅੱਤਲ ਕਰ ਦਿੱਤਾ ਹੈ। ਸੰਪਾਦਕ ਸ਼ੰਭੂ ਕੁਮਾਰ ਸਿੰਘ ਦੀ ਅਗਵਾਈ ਵਾਲੀ ਨੈਸ਼ਨਲ ਦਸਤਕ ਨੂੰ ਮੁਅੱਤਲ ਭਾਵੇਂ ਨਹੀਂ ਕੀਤਾ ਗਿਆ, ਪਰ ਨੋਟਿਸ ਜਾਰੀ ਕਰ ਦਿੱਤਾ ਹੈ। ਨੈਸ਼ਨਲ ਦਸਤਕ ਦੇ 9.41 ਮਿਲੀਅਨ ਗਾਹਕ ਹਨ। 2015 ਤੋਂ ਸਰਗਰਮ ਇਹ ਚੈਨਲ ਦਲਿਤ ਅਤੇ ਕਬਾਇਲੀ ਭਾਈਚਾਰਿਆਂ, ਪੱਛੜੀਆਂ ਸ਼੍ਰੇਣੀਆਂ, ਔਰਤਾਂ, ਕਿਸਾਨਾਂ, ਘੱਟ ਗਿਣਤੀਆਂ ਅਤੇ ਸ਼ੋਸ਼ਿਤ ਲੋਕਾਂ ਦੀ ਮਜ਼ਬੂਤ ਆਵਾਜ਼ ਲਈ ਇੱਕ ਪਲੇਟਫਾਰਮ ਵਜੋਂ ਉਭਰਿਆ ਹੋਇਆ ਹੈ। ਇੱਕ ਹੋਰ ਯੂਟਿਊਬਰ ਪੱਤਰਕਾਰ ਨਵੀਨ ਕੁਮਾਰ ਦੁਆਰਾ ਚਲਾਏ ਜਾਂਦੇ ਡਿਜੀਟਲ ਨਿਊਜ਼ 'ਉੱਦਮ' ਨੂੰ ਵੀ ਅਜਿਹਾ ਨੋਟਿਸ ਮਿਲਿਆ ਹੈ। ਇਸ ਚੈਨਲ ਦੇ 2.8 ਮਿਲੀਅਨ ਸਬਸਕ੍ਰਾਈਬਰ ਹਨ। ਯੂ-ਟਿਊਬ ਦੇ ਕਾਨੂੰਨੀ ਸੈੱਲ ਦੁਆਰਾ ਨੋਟਿਸ ਵਿੱਚ ਸਰਕਾਰ ਦੀ ਕਾਰਵਾਈ ਦੇ ਆਧਾਰ ਵਜੋਂ ਵਿਵਾਦਪੂਰਨ ਸੂਚਨਾ ਤਕਨਾਲੋਜੀ (ਵਿਚੋਲੇ ਦਿਸ਼ਾ-ਨਿਰਦੇਸ਼ ਅਤੇ ਡਿਜੀਟਲ ਮੀਡੀਆ ਨੈਤਿਕਤਾ ਕੋਡ) ਨਿਯਮ, 2021 ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਨਿਯਮਾਂ ਦੇ ਭਾਗਾਂ ਨੂੰ 'ਦਿ ਵਾਇਰ' ਸਮੇਤ ਵੱਖ-ਵੱਖ ਨਿਊਜ਼ ਪੋਰਟਲਾਂ ਅਤੇ ਏਜੰਸੀਆਂ ਦੁਆਰਾ ਚੁਣੌਤੀ ਦਿੱਤੀ ਗਈ ਹੈ। ਹਾਲਾਂ ਕਿ ਅਗਸਤ 2021 ਵਿੱਚ ਬੰਬੇ ਹਾਈ ਕੋਰਟ ਦੇ ਇੱਕ ਡਵੀਜ਼ਨ ਬੈਂਚ ਨੇ ਨਿਯਮਾਂ ਦੇ ਤਹਿਤ ਨੈਤਿਕਤਾ ਦੇ ਕੋਡ ਨੂੰ ਲਾਗੂ ਕਰਨ 'ਤੇ ਰੋਕ ਲਗਾ ਦਿੱਤੀ ਸੀ।

ਭਾਰਤੀ ਫਾਸ਼ੀ ਰਾਜ ਸੰਵਿਧਾਨ ਦੀ ਧਾਰਾ-19 ਨੂੰ ਪੈਰਾਂ ਹੇਠ ਰੋਲ ਕੇ ਨੰਗੀ-ਚਿੱਟੀ ਤਾਨਾਸ਼ਾਹੀ ਉੱਪਰ ਉੱਤਰ ਆਇਆ ਹੈ। ਨਾਮਵਰ ਬੁੱਧੀਜੀਵੀ, ਚਿੰਤਕ, ਲੇਖਕ, ਘੱਟ ਗਿਣਤੀਆਂ, ਜਮਹੂਰੀ ਕਾਰਕੁਨ, ਵਕੀਲ, ਉਮਰ ਖਾਲਿਦ ਜਿਹੇ ਜਹੀਨ ਖੋਜਾਰਥੀ ਸਾਲਾਂ ਬੱਧੀ ਸਮੇਂ ਜੇਲ੍ਹਾਂ ਦੀ ਸਲਾਖਾਂ ਪਿੱਛੇ ਕੈਦ ਹਨ। ਫਾਦਰ ਸਟੈਨ ਸਵਾਮੀ ਜਿਹੇ ਚਿੰਤਕਾਂ ਨੂੰ ਜੇਲ੍ਹਾਂ ਨੇ ਨਿਗਲ ਹੀ ਲਿਆ ਹੈ। ਉਦਾਹਰਨਾਂ ਪੱਖੋਂ ਮੋਦੀ ਹਕੂਮਤ ਦੇ ਜਾਬਰ ਫਾਸ਼ੀ ਚਿਹਰੇ ਦੀ ਕਤਾਰ ਏਨੀ ਲੰਮੀ ਹੈ ਕਿ ਪੂਰੀ ਪੰਨਾ ਭਰ ਸਕਦਾ ਹੈ। ਮੁਲਕ ਦਾ ਪ੍ਰੈੱਸ ਦੀ ਆਜ਼ਾਦੀ ਪੱਖੋਂ ਦੁਨੀਆ ਦੇ 180 ਮੁਲਕਾਂ ਵਿੱਚੋਂ 161ਵਾਂ ਨੰਬਰ ਦਰਸਉਂਦਾ ਹੈ ਕਿ ਭਾਰਤ ਅੰਦਰ ਪੱਤਰਕਾਰਤਾ ਦਾ ਖੇਤਰ ਸਭ ਤੋਂ ਮੁਸ਼ਕਿਲ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਭਾਜਪਾ ਦਾ ਆਈ.ਟੀ. (ਵਟਸਅਪ ਯੂਨੀਵਰਸਿਟੀ) ਸੈੱਲ ਲੋਕਾਂ ਦਾ ਦਮ ਭਰਦੇ ਪੱਤਰਕਾਰਾਂ ਨੂੰ ਟਰੋਲ ਕਰਦਾ ਹੈ।

ਅੱਜ ਜਦੋਂ ਮੁਲਕ ਅੰਦਰ ਪਾਰਲੀਮਾਨੀ ਚੋਣਾਂ ਦਾ ਦੌਰ ਪੂਰਾ ਭਖਿਆ ਹੋਇਆ ਹੈ ਅਤੇ ਮੋਦੀ ਹਕੂਮਤ ਇਸ ਸਮੇਂ ਲੋਕਾਈ ਦੇ ਬੁਨਿਆਦੀ ਮੁੱਦੇ; ਬੇਰੁਜ਼ਗਾਰੀ, ਮਹਿੰਗਾਈ, ਕੁਪੋਸ਼ਣ, ਸਿਹਤ, ਸਿੱਖਿਆ, ਕਿਸਾਨਾਂ-ਮਜਦੂਰਾਂ ਦੀਆਂ ਖੁਦਕੁਸ਼ੀਆਂ ਅਤੇ ਕਰਜ਼ਾ, ਸਰਕਾਰੀ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਅਡਾਨੀਆਂ-ਅੰਬਾਨੀਆਂ ਦੇ ਹਵਾਲੇ ਜਿਹੇ ਅਹਿਮ ਮੁੱਦੇ, ਇਲੈਕਟੋਰਲ ਬਾਂਡ ਰਾਹੀਂ ਸਾਹਮਣੇ ਆਇਆ ਭ੍ਰਿਸ਼ਟਾਚਾਰ ਦਾ ਮਹਾਂ ਸਕੈਂਡਲ ਸਾਹਮਣੇ ਆਉਣ ਤੋਂ ਰੋਕਣ ਲਈ ਹਰ ਹੀਲੇ ਅਜਿਹਾ ਜਾਬਰ ਦੌਰ ਸਿਰਜ ਰਹੀ ਹੈ।

ਮੋਦੀ ਹਕੂਮਤ ਨੂੰ ਹੁਣ ਕਾਲਾ ਧਨ ਰੋਕੂ ਐਕਟ ਅਜਿਹਾ ਹਥਿਆਰ ਮਿਲ ਗਿਆ ਹੈ, ਜਿਸ ਰਾਹੀਂ ਵਿਰੋਧੀ ਪਾਰਲੀਮਾਨੀ ਪਾਰਟੀਆਂ ਨੂੰ ਜੇਲ੍ਹੀਂ ਡੱਕਣ ਦੀ ਬੇਦਰੇਗ ਵਰਤੋਂ ਕੀਤੀ ਜਾ ਰਹੀ ਹੈ। ਇਸ ਦੌਰ 'ਚ ਕੇਂਦਰੀ ਸੱਤਾ ਉੱਪਰ ਮੁੜ ਕਬਜ਼ਾ ਜਮਾਉਣ ਦੀ ਹੋੜ ਵਿੱਚੋਂ ਭ੍ਰਿਸ਼ਟਾਚਾਰ ਦੀ ਦਲ-ਦਲ ਚ ਡੁੱਬੇ ਸਿਆਸਤਦਾਨਾਂ ਲਈ ਭਾਜਪਾ ਸਭ ਤੋਂ ਵਧੀਆਂ ਵਾਸ਼ਿੰਗ ਮਸ਼ੀਨ ਅਤੇ ਮੋਦੀ ਸਭ ਤੋਂ ਵਧੀਆਂ ਵਾਸ਼ਿੰਗ ਪਾਊਡਰ ਬਣਿਆ ਹੋਇਆ ਹੈ।

ਪਿਛਲੇ ਦਸ ਸਾਲ ਵਿੱਚ ਮੀਡੀਆ ਨਾਲ ਇੱਕ ਵੀ ਵਾਰ ਸਾਹਮਣਾ ਨਾ ਕਰ ਸਕਣ ਵਾਲਾ ਸਭ ਤੋਂ ਵਿਚਾਰਧਾਰਕ ਤੌਰ 'ਤੇ ਡਰਪੋਕ ਪ੍ਰਧਾਨ ਮੰਤਰੀ ਸਾਬਤ ਹੋਇਆ ਹੈ। ਜੀ-20 ਸੰਮੇਲਨ ਮੌਕੇ ਸੰਸਾਰ ਪੱਧਰੇ ਆਗੂਆਂ ਨੂੰ ਵੀ ਕਿਸੇ ਭਾਰਤੀ ਪੱਤਰਕਾਰ ਦੇ ਸਾਹਮਣੇ ਨਾ ਆਉਣ ਦੇਣਾ ਮੋਦੀ ਦੀ ਡਰਪੋਕ ਮਾਨਸਿਕਤਾ ਦੀ ਮੂੰਹ ਬੋਲਦੀ ਤਸਵੀਰ ਹੈ। ਹਕੀਕਤ ਇਹ ਹੈ ਕਿ ਮੋਦੀ ਹਕੂਮਤ ਹਰ ਉਸ ਆਵਾਜ਼ ਦਾ ਗਲਾ ਘੁੱਟਣਾ ਚਾਹੁੰਦੀ ਹੈ, ਜੋ ਇਸ ਮੁਲਕ ਦੇ ਗਰੀਬਾਂ, ਦਲਿਤਾਂ, ਘੱਟ ਗਿਣਤੀਆਂ, ਕਿਸਾਨਾਂ, ਮਜਦੂਰਾਂ, ਨੌਜਵਾਨਾਂ, ਔਰਤਾਂ ਅਤੇ ਹੋਰ ਮਿਹਨਤਕਸ਼ ਤਬਕਿਆਂ ਦੇ ਹੱਕਾਂ, ਹਿੱਤਾਂ ਲਈ ਆਵਾਜ਼ ਬੁਲੰਦ ਕਰਦਾ ਹੈ। ਵਿਚਾਰ ਲਿਖਣ, ਬੋਲਣ ਤੋਂ ਅੱਗੇ ਵਿਚਾਰ ਪ੍ਰਗਟਾਵੇ ਦੀ ਅਜ਼ਾਦੀ ਲਈ ਮੋਦੀ ਹਕੂਮਤ ਦੇ ਜਾਬਰ ਫਾਸ਼ੀ ਹੱਲੇ ਖਿਲਾਫ ਵਿਸ਼ਾਲ ਲਾਮਬੰਦੀ ਕਰਨ ਲਈ ਅੱਗੇ ਆਉਣ ਦੀ ਲੋੜ ਹੈ।

**ਸੰਪਰਕ** 84275-11770

# ਘਰਾਂ 'ਚ ਕੰਮ ਕਰਦੇ ਮਜ਼ਦੂਰਾਂ ਦੇ ਹਾਲਾਤ ਤੇ ਹੱਕ

**ਕੰਵਲਜੀਤ ਕੌਰ ਗਿੱਲ**

ਸ਼ਹਿਰਾਂ ਦੇ ਲਗਭਗ ਹਰੇਕ ਮੱਧ ਵਰਗ ਅਤੇ ਉਪਰਲੇ ਵਰਗ ਦੇ ਘਰਾਂ ਵਿੱਚ ਘਰੇਲੂ ਕੰਮ ਲਈ ਮਦਦ ਕਰਵਾਉਣ ਵਾਸਤੇ ਕਿਸੇ ਬਾਹਰਲੇ ਵਿਅਕਤੀ ਦਾ ਪ੍ਰਬੰਧ ਕੀਤਾ ਜਾਂਦਾ ਹੈ। ਮੁੱਖ ਰੂਪ ਵਿੱਚ ਇਸ ਕੰਮ ਲਈ ਔਰਤਾਂ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਕੀਤੇ ਜਾਣ ਵਾਲੇ ਕੰਮ ਅਤੇ ਉਸ ਬਦਲੇ ਹੋਣ ਵਾਲੀ ਅਦਾਇਗੀ ਪਹਿਲਾਂ ਤੋਂ ਨਿਰਧਾਰਤ ਕਰਨ ਉਪਰੰਤ ਉਸ ਨੂੰ ਕੰਮ 'ਤੇ ਲਗਾ ਲਿਆ ਜਾਂਦਾ ਹੈ ਜਾਂ ਰੱਖ ਲਿਆ ਜਾਂਦਾ ਹੈ। ਤਕਨੀਕੀ ਭਾਸ਼ਾ ਵਿੱਚ, ਜਿਹੜੇ ਵਿਅਕਤੀ ਆਪਣੇ ਘਰ ਤੋਂ ਬਾਹਰ ਦੂਜਿਆਂ ਦੇ ਘਰਾਂ ਵਿੱਚ ਕੰਮ ਕਰਦੇ ਹਨ ਅਤੇ ਉਸ ਕੰਮ ਬਦਲੇ ਉਨ੍ਹਾਂ ਨੂੰ ਉਜਰਤ ਵਸੂਲ ਹੁੰਦੀ ਹੈ, ਉਨ੍ਹਾਂ ਨੂੰ ਘਰੇਲੂ/ਡੋਮੈਸਟਿਕ ਵਰਕਰ ਕਹਿੰਦੇ ਹਨ। ਅੱਜਕੱਲ੍ਹ ਇਹਨਾਂ ਨੂੰ ਨੌਕਰਾਣੀ ਜਾਂ 'ਕੰਮ ਵਾਲੀ' ਦੀ ਥਾਂ 'ਮੇਡ' ਕਹਿਣ ਨੂੰ ਤਵੱਜੋ ਦਿੱਤੀ ਜਾਂਦੀ ਹੈ। ਜੇਕਰ ਕੰਮ ਤਸੱਲੀਬਖ਼ਸ਼ ਹੋ ਰਿਹਾ ਹੋਵੇ ਤਾਂ ਇਹ ਸਿਲਸਿਲਾ ਸਾਲਾਂਬੱਧੀ ਚਲਦਾ ਰਹਿੰਦਾ ਹੈ ਤੇ ਉਸ ਕੰਮ ਵਿੱਚ ਮਦਦ ਕਰਵਾਉਣ ਵਾਲੀ ਮੇਡ ਨਾਲ ਘਰ ਦੀ ਸੁਆਣੀ ਅਤੇ ਬਾਕੀ ਜੀਆਂ ਦਾ ਖਾਸ ਕਿਸਮ ਦਾ ਲਗਾਓ ਤੇ ਰਿਸ਼ਤਾ ਬਣ ਜਾਂਦਾ ਹੈ। ਜਿਸ ਘਰ ਵਿੱਚ ਬੱਚੇ ਛੋਟੀ ਉਮਰ ਦੇ ਹਨ, ਉਥੇ ਤਾਂ ਉਸ ਨੂੰ ਦਾਦੀ ਮਾਂ ਜਾਂ ਘਰ ਦੇ ਮੈਂਬਰ ਵਾਂਗ ਵੇਖਿਆ ਜਾਣ ਲਗਦਾ ਹੈ, ਪਰ ਇਹ ਸਤਿਕਾਰ ਅਤੇ ਸਥਾਨ ਸਾਰਿਆਂ ਨੂੰ ਸਾਰੇ ਘਰਾਂ ਵਿੱਚ ਨਹੀਂ ਮਿਲਦਾ। ਬਹੁਤੇ ਘਰਾਂ ਵਿੱਚ ਉਸ ਨੂੰ ਕੇਵਲ ਨੌਕਰਾਣੀ ਦੀ ਹੈਸੀਅਤ ਵਿੱਚ ਹੀ ਰੱਖਿਆ ਜਾਂਦਾ ਹੈ। ਕੰਮ ਵਿੱਚ ਹੋਈ ਮਾੜੀ-ਮੋਟੀ ਕੁਤਾਹੀ ਨੂੰ ਵਧਾ-ਚੜ੍ਹਾ ਕੇ ਦੱਸਣਾ, ਕੰਮ ਤੋਂ ਹਟਾ ਦੇਣ ਦੀ ਧਮਕੀ ਦੇਣਾ ਜਾਂ ਕੰਮ ਵਿਚੋਂ ਪੈਸੇ ਆਦਿ ਕੱਟ ਲੈਣਾ ਆਮ ਹੈ। ਵੱਡੇ ਸ਼ਹਿਰਾਂ ਵਿੱਚ ਤਾਂ ਦੁਰਵਿਹਾਰ ਕਰਨ ਤੋਂ ਇਲਾਵਾ ਇਹਨਾਂ ਦਾ ਮਾਨਸਿਕ ਅਤੇ ਕਿਤੇ-ਕਿਤੇ ਜਿਨਸੀ ਸ਼ੋਸ਼ਣ ਵੀ ਹੁੰਦਾ ਹੈ। ਘਰ ਦੀ ਆਰਥਿਕ ਹਾਲਤ ਪਤਲੀ ਹੋਣ ਕਾਰਨ ਮਜਬੂਰੀ ਵੱਸ ਉਹ ਹਰ ਪ੍ਰਕਾਰ ਦੇ ਜ਼ੁਲਮ ਤੇ ਜ਼ਿਆਦਤੀਆਂ ਬਰਦਾਸ਼ਤ ਕਰਦੀਆਂ ਹਨ। ਕਿਸੇ ਦੀ ਸਮਾਜਿਕ ਜਾਂ ਆਰਥਿਕ ਮਜਬੂਰੀ ਦਾ ਨਜਾਇਜ਼ ਫਾਇਦਾ ਉਠਾਉਣਾ ਜਾਂ ਇੱਕ ਧਿਰ, ਜਿਸ ਕੋਲ ਉਤਪਾਦਨ ਦੇ ਸਾਧਨ ਹਨ, ਉਸ ਦੁਆਰਾ ਸਾਧਨ ਰਹਿਤ ਧਿਰ ਦਾ ਸ਼ੋਸ਼ਣ ਕਰਨਾ ਜਾਂ ਉਸ ਨਾਲ ਦੁਰਵਿਹਾਰ ਕਰਨਾ ਕਿਸੇ ਵੀ ਸਭਿਅਕ ਸਮਾਜ ਦਾ ਕਿਰਦਾਰ ਨਹੀਂ। ਅਸਲ ਵਿੱਚ ਇਹ ਉਹਨਾਂ ਦੇ ਸਨਮਾਨ ਨਾਲ ਜ਼ਿੰਦਗੀ ਜਿਉਣ ਦੇ ਮੁੱਢਲੇ ਅਧਿਕਾਰ ਦੀ ਉਲੰਘਣਾ ਹੈ।

ਫਰਵਰੀ 2024 ਵਿੱਚ ਨੈਸ਼ਨਲ ਪਲੇਟਫਾਰਮ ਫਾਰ ਡੋਮੈਸਟਿਕ ਵਰਕਰਜ਼ (National Platform for Domestic Workers) ਦੁਆਰਾ ਆਯੋਜਿਤ ਲਗਭਗ 400 ਤੋਂ ਵੱਧ ਔਰਤਾਂ ਨੇ ਲੇਬਰ ਕਮਿਸ਼ਨਰ ਦੇ ਦਫਤਰ ਸਾਹਮਣੇ ਦਿੱਲੀ ਵਿੱਚ ਪ੍ਰਦਰਸ਼ਨ ਕੀਤਾ, ਜਿਸ ਵਿੱਚ ਉਹਨਾਂ ਆਪਣੇ ਕੰਮ ਅਤੇ ਉਜਰਤ ਨਾਲ ਸੰਬੰਧਤ ਮੰਗਾਂ ਨੂੰ ਰੱਖਿਆ। ਪ੍ਰਦਰਸ਼ਨ ਦਾ ਮੁੱਖ ਮਕਸਦ ਇਹਨਾਂ ਵਰਕਰਾਂ ਨਾਲ ਸੰਬੰਧਿਤ ਇੱਕ ਸਪੱਸ਼ਟ ਤੇ ਵੱਖਰੇ ਰੂਪ ਵਿੱਚ ਕਾਨੂੰਨ ਬਣਾਉਣਾ ਹੈ, ਕਿਉਂਕਿ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਵਾਲੇ ਇਹਨਾਂ ਵਿਅਕਤੀਆਂ ਨੂੰ ਨਾ ਤਾਂ ਵਰਕਰ ਦਾ ਦਰਜਾ ਪ੍ਰਾਪਤ ਹੈ ਤੇ ਨਾ ਹੀ ਕੰਮ ਕਰਨ ਵਾਲੇ ਸਥਾਨ ਦਾ ਕੋਈ ਨਾਂਅ ਹੈ। ਇਸੇ ਲਈ ਉਹਨਾਂ ਦੇ ਕੰਮ ਦੇ ਘੰਟੇ, ਘੱਟੋ-ਘੱਟ ਉਜਰਤ, ਛੁੱਟੀਆਂ ਜਾਂ ਸਲਾਨਾ ਮਾਣਭੱਤੇ ਵਿੱਚ ਕੀਤਾ ਜਾਣ ਵਾਲਾ ਵਾਧਾ, ਆਦਿ ਤੋਂ ਇਲਾਵਾ ਕੋਈ ਬਿਮਾਰੀ/ ਸਿਹਤ /ਮੈਡੀਕਲ ਅਲਾਊਂਸ ਜਾਂ ਰਿਟਾਇਰਮੈਂਟ ਸੁਰੱਖਿਆ ਆਦਿ ਕੁਝ ਵੀ ਯਕੀਨੀ ਨਹੀਂ। 1959 ਵਿੱਚ ਇਹਨਾਂ ਵਰਕਰਾਂ ਦੀਆਂ ਕੰਮ ਦੀਆਂ ਹਾਲਤਾਂ ਨਾਲ ਸੰਬੰਧਤ ਇੱਕ ਆਲ ਇੰਡੀਆ ਡੋਮੈਸਟਿਕ ਸਰਵੈਂਟ ਬਿੱਲ ਲਿਆਂਦਾ ਗਿਆ ਸੀ, ਜਿਸ ਦਾ ਮੁੱਖ ਸੰਬੰਧ ਇਹਨਾਂ ਵਰਕਰਾਂ ਦੀ ਲੋਕਲ ਪੁਲਸ ਵਿੱਚ ਰਜਿਸਟਰੇਸ਼ਨ ਹੋਣ ਨਾਲ ਸੀ। ਇਸ ਤੋਂ ਬਾਅਦ 1972 ਤੇ ਫਿਰ 1996 ਵਿੱਚ ਦੋ ਹੋਰ ਨਿੱਜੀ ਬਿਲਾਂ ਦੁਆਰਾ ਇਹਨਾਂ ਨੂੰ ਉਦਯੋਗਿਕ ਝਗੜਿਆਂ ਸੰਬੰਧੀ ਕਾਨੂੰਨ ਦੇ ਦਾਇਰੇ ਵਿੱਚ ਲਿਆਉਣ ਦਾ ਪ੍ਰਸਤਾਵ ਰੱਖਿਆ ਗਿਆ, ਪਰ ਇਹਨਾਂ ਦੀ ਕੋਈ ਨਿਸਚਿਤ ਪਰਿਭਾਸ਼ਾ ਦੀ ਅਣਹੋਂਦ ਕਾਰਨ ਕੋਈ ਵੀ ਪ੍ਰਸਤਾਵ ਕਾਨੂੰਨ ਨਹੀਂ ਬਣ ਸਕਿਆ। ਦੂਜੇ ਪਾਸੇ 1986 ਵਿੱਚ ਬਾਲ ਮਜ਼ਦੂਰੀ ਵਿਰੁੱਧ ਬਣਾਏ ਕਾਨੂੰਨ, ਜਿਸ ਨੂੰ 2006 ਵਿੱਚ ਸੋਧਿਆ ਗਿਆ ਸੀ ਅਤੇ ਅਸੰਗਠਿਤ ਸੋਸ਼ਲ ਸਕਿਉਰਟੀ ਐਕਟ, 2008 ਤੋਂ ਇਲਾਵਾ ਕੰਮਕਾਜੀ ਥਾਵਾਂ ਤੇ ਔਰਤਾਂ ਦੇ ਜਿਨਸੀ ਸ਼ੋਸ਼ਣ (ਰੋਕਥਾਮ, ਪਾਬੰਦੀ ਅਤੇ ਨਿਵਾਰਨ) ਐਕਟ 2013, ਇਹ ਤਿੰਨੇ ਕਾਨੂੰਨ ਘਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਉੱਪਰ ਵੀ ਉਵੇਂ ਹੀ ਲਾਗੂ ਹੁੰਦੇ ਹਨ। ਦੱਖਣੀ ਭਾਰਤ ਦੇ ਕੁਝ ਰਾਜਾਂ, ਖਾਸ ਕਰ ਕੇਰਲਾ, ਤਾਮਿਲਨਾਡੂ ਤੇ ਮਹਾਰਾਸ਼ਟਰ ਵਿੱਚ ਵੈੱਲਫੇਅਰ ਬੋਰਡਾਂ ਦੀ ਸਹਾਇਤਾ ਨਾਲ ਇਹਨਾਂ ਡੋਮੈਸਟਿਕ ਵਰਕਰਾਂ ਦੀਆਂ ਸਮਾਜਿਕ ਸੁਰੱਖਿਆ ਨਾਲ ਸੰਬੰਧਤ ਸਹੂਲਤਾਂ ਵਿੱਚ ਵਾਧਾ ਕੀਤਾ ਗਿਆ ਹੈ।

ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਦੀ ਇੱਕ ਅਨੁਮਾਨ ਅਨੁਸਾਰ ਵੱਡੇ ਸ਼ਹਿਰਾਂ ਵਿੱਚ ਗਿਣਤੀ 50 ਲੱਖ ਤੋਂ ਵੀ ਉੱਪਰ ਹੈ। ਪੱਛਮੀ ਬੰਗਾਲ, ਬਿਹਾਰ, ਉੜੀਸਾ ਵਰਗੇ ਗਰੀਬ ਰਾਜਾਂ ਤੋਂ ਕੰਮ ਦੀ ਭਾਲ ਵਿੱਚ ਪੰਜਾਬ, ਹਰਿਆਣਾ, ਦਿੱਲੀ ਆਦਿ ਦੇ ਰਾਜਾਂ ਵਿੱਚ ਮਾਈਗਰੇਟ ਕਰਕੇ ਆਉਂਦੇ ਪਰਵਾਰਾਂ ਦੇ ਮਰਦ ਭਵਨ-ਉਸਾਰੀ ਜਾਂ ਖੇਤਾਂ ਵਿੱਚ ਕੰਮ ਕਰਨ ਲੱਗਦੇ ਹਨ। ਸ਼ਹਿਰੀ ਇਲਾਕਿਆਂ ਵਿੱਚ ਉਹ ਠੇਕੇਦਾਰਾਂ ਨਾਲ ਸਬਜ਼ੀ ਆਦਿ ਦੀਆਂ ਰੇਹੜੀਆਂ ਲਗਾਉਣ ਵਿੱਚ ਸਹਾਇਤਾ ਕਰਦੇ ਹਨ। ਉਹਨਾਂ ਦੀਆਂ ਔਰਤਾਂ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ ਲੱਗ ਜਾਂਦੀਆਂ ਹਨ। ਇਹ ਔਰਤਾਂ ਆਰਥਕ ਤੌਰ 'ਤੇ ਗਰੀਬ ਤੇ ਸਮਾਜਿਕ ਪੱਖ ਤੋਂ ਛੋਟੀਆਂ ਜਾਤਾਂ, ਜਨ- ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਹਨ। ਇਹ ਘਰਾਂ ਵਿੱਚ ਝਾੜੂ ਪੋਚਾ, ਕੱਪੜੇ ਧੋਣੇ ਤੇ ਭਾਂਡੇ ਮਾਂਜਣ ਦਾ ਕੰਮ ਕਰਦੀਆਂ ਹਨ। ਪਿੰਡਾਂ ਦੇ ਛੋਟੀ ਕਿਸਾਨੀ ਦੇ ਪਰਵਾਰ ਜਿਨ੍ਹਾਂ ਦੀ ਜ਼ਮੀਨ ਵਿਕ ਚੁੱਕੀ ਹੈ ਜਾਂ ਕਿਸੇ ਕਾਰਨ ਮਰਦ ਕਿਸਾਨ ਆਤਮਹੱਤਿਆ ਕਰ ਚੁੱਕੇ ਹਨ, ਉਹਨਾਂ ਦੀਆਂ ਔਰਤਾਂ ਵੀ ਆਰਥਕ ਤੰਗੀ ਕਾਰਨ ਮਜਬੂਰ ਹਨ ਕਿ ਨਾਲ ਲਗਦੇ ਸ਼ਹਿਰਾਂ ਦੇ ਲੋਕਾਂ ਦੇ ਘਰਾਂ ਵਿੱਚ ਕੰਮ ਕਰਨ। ਕੰਮਕਾਜੀ ਔਰਤਾਂ ਦੇ ਬੱਚਿਆਂ ਨੂੰ ਸਮੇਂ ਅਨੁਸਾਰ ਤਿਆਰ ਕਰਨਾ, ਸਕੂਲ ਛੱਡ ਕੇ ਆਉਣਾ ਤੇ ਸਕੂਲ ਤੋਂ ਬਾਅਦ ਘਰ ਵਿੱਚ ਉਹਨਾਂ ਦੀ ਦੇਖਭਾਲ ਕਰਨ ਦਾ ਕੰਮ ਵੀ ਇਹ ਕਰਦੀਆਂ ਹਨ, ਪਰ ਮੁੱਖ ਰੂਪ ਵਿੱਚ ਗੈਰ-ਹੁਨਰਮੰਦ ਹੋਣ ਕਾਰਨ ਇਹਨਾਂ ਨੂੰ ਕੰਮ ਦੇ ਬਦਲੇ ਮਿਲਣ ਵਾਲੀ ਉਜਰਤ ਨਿਯਮਾਂ ਅਨੁਸਾਰ ਬਹੁਤ ਘੱਟ ਹੈ ਅਤੇ ਨਾ ਹੀ ਇਸ ਮਿਹਨਤਾਨੇ ਦੀ ਕੋਈ ਘਰ ਵਿੱਚ ਕਦਰ ਹੀ ਹੁੰਦੀ ਹੈ। ਜਾਤ-ਪਾਤ ਦਾ ਸਿਸਟਮ ਲੁਕਵੇਂ ਰੂਪ ਵਿੱਚ ਉਹਨਾਂ ਦੁਆਰਾ ਕਰਵਾਏ ਕੰਮ ਤੋਂ ਜ਼ਾਹਰ ਹੋ ਜਾਂਦਾ ਹੈ। ਰਸੋਈ ਵਿੱਚ ਖਾਣਾ ਆਦਿ ਬਣਾਉਣ ਅਤੇ ਵਰਤਾਉਣ ਦਾ ਕੰਮ ਗਰੀਬ ਬ੍ਰਾਹਮਣ ਤੇ ਰਾਜਪੂਤਾਂ ਦੀਆਂ ਔਰਤਾਂ ਕਰਦੀਆਂ ਹਨ, ਜਦੋਂ ਕਿ ਬਾਥਰੂਮ ਦੀ ਸਫਾਈ, ਕੂੜਾ ਆਦਿ ਇਕੱਠਾ ਕਰਕੇ ਬਾਹਰ ਸੁੱਟਣ ਦਾ ਕੰਮ ਦਲਿਤ ਤੇ ਬਾਲਮੀਕੀ ਭਾਈਚਾਰੇ ਨਾਲ ਸੰਬੰਧਤ ਔਰਤਾਂ ਕਰਦੀਆਂ ਹਨ। ਘਰੇਲੂ ਕੰਮ ਕਰਨ ਤੇ ਕਰਾਉਣ ਵਾਲਿਆਂ ਦੀ ਮੰਗ ਅਤੇ ਪੂਰਤੀ ਵਿੱਚ ਪਿਛਲੇ ਦੋ ਦਹਾਕਿਆਂ ਦੌਰਾਨ ਵਾਧਾ ਹੋਇਆ ਹੈ। ਇਸ ਦਾ ਮੁੱਖ ਕਾਰਨ ਆਰਥਿਕ ਵਿਕਾਸ ਦੇ ਬਾਵਜੂਦ ਰੁਜ਼ਗਾਰ ਦੇ ਮੌਕਿਆਂ ਵਿੱਚ ਕਮੀ ਹੋਣਾ ਹੈ।

ਕੰਮ ਦੌਰਾਨ ਇਹਨਾਂ ਔਰਤਾਂ ਨੂੰ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸੈਂਟਰ ਫਾਰ ਵੂਮੈਨ ਸਟੱਡੀਜ਼, ਦਿੱਲੀ, ਅਤੇ ਮਾਰਥਾ ਫੈਰਲ ਫਾਊਂਡੇਸ਼ਨ (Martha Farrell Foundation) ਵੱਲੋਂ 2018 ਵਿੱਚ ਇੱਕ ਅਧਿਐਨ ਕਰਵਾਇਆ ਗਿਆ, ਜਿਸ ਦੀ ਰਿਪੋਰਟ 2020 ਵਿੱਚ ਜਾਰੀ ਕੀਤੀ ਗਈ। ਇਸ ਵਿੱਚ ਕਿਹਾ ਗਿਆ ਕਿ ਇਹਨਾਂ ਔਰਤਾਂ ਉੱਪਰ ਹੁੰਦੀ ਹਿੰਸਾ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 92 ਫੀਸਦੀ ਔਰਤਾਂ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ, ਪਰ ਕੰਮ ਛੁੱਟ ਜਾਵੇਗਾ, ਆਪਣੇ ਘਰ ਪਰਵਾਰ ਦੀ ਬਦਨਾਮੀ ਹੋਵੇਗੀ, ਹੋਰ ਕੋਈ ਕੰਮ 'ਤੇ ਨਹੀਂ ਰੱਖੇਗਾ ਆਦਿ ਵਰਗੇ ਡਰ ਤੋਂ ਇਹ ਕੇਸ ਕਿਤੇ ਰਿਪੋਰਟ ਹੀ ਨਹੀਂ ਹੁੰਦੇ। ਵਾਧੂ ਕੰਮ ਬਦਲੇ ਕੀਤੀ ਜਾਂਦੀ ਮਾੜੀ-ਮੋਟੀ ਅਦਾਇਗੀ ਨੂੰ ਵੀ ਵਧਾ-ਚੜ੍ਹਾ ਕੇ ਕਹਿਣਾ ਤੇ ਕਿਸੇ ਮੁਸ਼ਕਲ ਵੇਲੇ ਕੀਤੀ ਮਾਲੀ ਮਦਦ ਨੂੰ ਬਾਰ-ਬਾਰ ਦੁਹਰਾਉਣਾ ਸੁਆਣੀਆਂ ਦਾ ਆਮ ਵਰਤਾਰਾ ਹੈ। ਇਸ ਤੋਂ ਇਲਾਵਾ ਘਰ ਦੇ ਮਰਦ ਮੈਂਬਰਾਂ ਦੁਆਰਾ ਮੈਲੀ ਅੱਖ ਨਾਲ ਵੇਖਣਾ ਵੀ ਮਾਨਸਿਕ ਪਰੇਸ਼ਾਨੀ ਵਧਾਉਂਦਾ ਹੈ। ਘਰ ਵਿੱਚ ਪਏ ਸ਼ੀਸ਼ੇ ਜਾਂ ਹੋਰ ਨਾਜ਼ੁਕ ਸਮਾਨ ਨੂੰ ਸਾਫ ਕਰਦਿਆਂ ਕਿਤੇ ਟੁੱਟ-ਭੱਜ ਨਾ ਹੋ ਜਾਵੇ ਜਾਂ ਪੈਸੇ-ਧੇਲੇ ਮੇਜ਼ ਉੱਪਰ ਪਏ ਹੋਣ ਤਾਂ ਚੋਰੀ-ਚਕਾਰੀ ਦੇ ਦੋਸ਼ ਲੱਗਣ ਤੋਂ ਬਚੇ ਰਹਿਣ ਲਈ ਇਹਨਾਂ ਨੂੰ ਹੋਰ ਵੀ ਚੁਕੰਨੇ ਹੋ ਕੇ ਕੰਮ ਕਰਨਾ ਪੈਂਦਾ ਹੈ। ਇਸ ਪ੍ਰਕਾਰ ਸਾਡੇ ਕੰਮ ਨੂੰ ਸੁਖਾਲਾ ਕਰਨ ਵਾਲੇ ਇਹ ਸਹਾਇਕ ਗੰਭੀਰ ਰੂਪ ਵਿੱਚ ਮਾਨਸਿਕ, ਮਨੋਵਿਗਿਆਨਿਕ, ਭਾਵਨਾਤਮਕ, ਸਰੀਰਕ ਅਤੇ ਜਿਨਸੀ ਸ਼ੋਸ਼ਣ ਦੇ ਭਾਰ ਥੱਲੇ ਦੱਬੇ ਰਹਿੰਦੇ ਹਨ। ਅਜੋਕੇ ਸਮੇਂ ਵਿੱਚ ਵਿਦੇਸ਼ਾਂ ਦੀ ਤਰਜ਼ ਉੱਪਰ ਭਾਰਤ ਵਿੱਚ ਵੀ ਘਰ ਦੇ ਕੰਮ ਕਰਵਾਉਣ ਦਾ ਕੰਮ ਪਲੇਸਮੈਂਟ ਏਜੰਸੀਆਂ ਦੁਆਰਾ ਕੀਤਾ ਜਾਣ ਲੱਗਿਆ ਹੈ। ਇਸ ਕਾਰਜ ਵਿੱਚ ਕੋਆਪਰੇਟਿਵ ਸੁਸਾਇਟੀਆਂ, ਟਰੇਡ ਯੂਨੀਅਨਾਂ ਤੇ ਕਈ ਸਵੈ-ਇੱਛਤ ਸੰਗਠਨ ਯਤਨਸ਼ੀਲ ਹਨ, ਪ੍ਰੰਤੂ ਇਥੇ ਵੀ ਸਾਰਾ ਕੁਝ ਸੁਰੱਖਿਅਤ ਤੇ ਸਾਫ ਤੇ ਅੱਛਾ ਨਹੀਂ। ਕੁਝ ਨਿਜੀ ਏਜੰਸੀਆਂ ਤੇ ਏਜੰਟ ਛੋਟੀ ਉਮਰ ਦੀਆਂ ਲੜਕੀਆਂ ਜਾਂ ਦੂਜੇ ਗਰੀਬ ਰਾਜਾਂ ਤੋਂ ਅਣਵਿਆਹੀਆਂ ਔਰਤਾਂ ਨੂੰ ਕੰਮ 'ਤੇ ਲਗਵਾ ਦਿੰਦੇ ਹਨ, ਜਿੱਥੇ ਉਹਨਾਂ ਨੂੰ ਸਥਾਨਕ ਭਾਸ਼ਾ ਦਾ ਗਿਆਨ ਨਹੀਂ ਹੁੰਦਾ। ਉਸ ਸਥਿਤੀ ਵਿੱਚ ਉਹਨਾਂ ਦੇ ਵਿਤੀ ਅਤੇ ਜਿਨਸੀ ਸ਼ੋਸ਼ਣ ਦੇ ਮੌਕੇ ਹੋਰ ਵੀ ਵਧ ਜਾਂਦੇ ਹਨ। ਇਸ ਤੋਂ ਇਲਾਵਾ ਇਹ ਏਜੰਸੀਆਂ ਕਿਸੇ ਵੀ ਕਾਨੂੰਨੀ ਦਾਇਰੇ ਵਿੱਚ ਨਹੀਂ ਆਉਂਦੀਆਂ। ਇਸ ਕਰਕੇ ਕੰਮ ਦੇ ਘੰਟੇ, ਅਦਾਇਗੀ, ਵਾਧੂ ਕੰਮ ਦੀ ਉਜਰਤ ਜਾਂ ਕੰਮ ਦੌਰਾਨ ਮਿਲਣ ਵਾਲੀਆਂ ਹੋਰ ਸਹੂਲਤਾਂ ਜਿਵੇਂ ਚਾਹ-ਪਾਣੀ, ਭੋਜਨ, ਤੀਜ ਤਿਉਹਾਰ 'ਤੇ ਮਿਲਣ ਵਾਲੇ ਤੋਹਫੇ, ਕੱਪੜੇ-ਲੀੜੇ ਆਦਿ ਬਾਰੇ ਕੁਝ ਵੀ ਸਪੱਸ਼ਟ 'ਤੇ ਨਿਸ਼ਚਿਤ ਨਹੀਂ ਕੀਤਾ ਜਾਂਦਾ। ਦੂਜੇ ਪਾਸੇ ਕੰਮ ਲੱਭਣ ਵਾਲਿਆਂ ਦੀ ਸੌਦਾਬਾਜ਼ੀ ਕਰਨ ਦੀ ਤਾਕਤ ਵੀ ਨਿਗੂਣੀ ਹੀ ਹੁੰਦੀ ਹੈ। ਇਸ ਸਮੱਸਿਆਂ ਉੱਪਰ ਕਾਬੂ ਪਾਉਣ ਲਈ ਇਹਨਾਂ ਏਜੰਸੀਆਂ ਦੀ ਰਜਿਸਟਰੇਸ਼ਨ ਲਾਜ਼ਮੀ ਹੋਣੀ ਚਾਹੀਦੀ ਹੈ, ਤਾਂ ਕਿ ਇਹ ਆਪਣੇ ਮਨ ਮਰਜ਼ੀ ਅਨੁਸਾਰ ਕਿਸੇ ਨਾਲ ਇਸ ਪ੍ਰਕਾਰ ਦਾ ਧੱਕਾ ਨਾ ਕਰ ਸਕਣ।

ਸਪੱਸ਼ਟ ਹੈ ਕਿ ਮੇਡ ਅਤੇ ਘਰ ਦੀਆਂ ਸੁਆਣੀਆਂ ਦੀ ਇੱਕ-ਦੂਜੇ ਉੱਪਰ ਨਿਰਭਰਤਾ ਨਿਤ ਪ੍ਰਤੀ ਦਿਨ ਵਧ ਰਹੀ ਹੈ। ਜਦੋਂ ਗਰੀਬ ਅਤੇ ਥੁੜ੍ਹੇ ਟੁੱਟੇ ਪਰਵਾਰਾਂ ਦੀਆਂ ਔਰਤਾਂ ਸ਼ਹਿਰੀ ਲੋਕਾਂ ਦੇ ਸੰਪਰਕ ਵਿੱਚ ਆਉਂਦੀਆਂ ਹਨ ਤਾਂ ਉਹਨਾਂ ਦੇ ਜੀਵਨ ਢੰਗ ਅਤੇ ਸੋਚ ਵਿੱਚ ਤਬਦੀਲੀ ਆਉਣੀ ਸੁਭਾਵਿਕ ਹੈ। ਅਨੇਕਾਂ ਉਦਾਹਰਨਾਂ ਹਨ, ਜਿੱਥੇ ਪਹਿਲਾਂ ਕੰਮ ਕਰਨ ਵਾਲੀਆਂ ਇਕ ਸਮੇਂ ਪੈਦਲ ਚੱਲ ਕੇ ਕੰਮ 'ਤੇ ਜਾਂਦੀਆਂ ਸਨ, ਹੁਣ ਉਹਨਾਂ ਵਿੱਚੋਂ ਬਹੁਤੀਆਂ ਕੋਲ ਸਾਈਕਲ ਹਨ। ਕਈ ਨੌਜਵਾਨ ਕੁੜੀਆਂ ਕੋਲ ਤਾਂ ਮੋਪਿਡ ਤੇ ਪੁਰਾਣੇ ਸਕੂਟਰ ਵੀ ਹਨ, ਜਿਹੜੇ ਉਹਨਾਂ ਆਪਣੀਆਂ ਬੀਬੀਆਂ ਤੋਂ ਥੋੜ੍ਹੇ ਜਿਹੇ ਪੈਸੇ ਦੇ ਕੇ ਖਰੀਦੇ ਹੁੰਦੇ ਹਨ। ਔਸਤਨ ਹਰੇਕ ਘਰ ਵਿੱਚ ਪੁਰਾਣੇ ਟੀ ਵੀ ਸੈੱਟ, ਛੱਤ 'ਤੇ ਲੱਗੇ ਪੱਖੇ ਤੇ ਫਰਿੱਜ ਆਦਿ ਮੌਜੂਦ ਹਨ। ਉਹ ਹੁਣ ਆਪਣੀ ਸਾਫ-ਸਫਾਈ ਪ੍ਰਤੀ ਵੀ ਸੁਚੇਤ ਹਨ। ਇਹ ਨਿਸਚਿਤ ਹੈ ਕਿ ਜਿੱਥੋਂ ਤੱਕ ਸੰਭਵ ਹੋ ਸਕਿਆ, ਉਹ ਆਪਣੇ ਬੱਚਿਆਂ ਖਾਸ ਕਰਕੇ ਕੁੜੀਆਂ ਨੂੰ ਇਸ ਕੰਮ ਵਿੱਚ ਨਹੀਂ ਲਗਾਉਣਾ ਚਾਹੁੰਦੀਆਂ, ਪਰ ਇਸ ਸਾਰੇ ਕੁਝ ਵਿੱਚ ਇੱਕ ਔਰਤ ਹੋਣ ਦੇ ਨਾਤੇ ਉਹ ਆਪਣੇ ਆਪ ਉਪਰ ਅਨੇਕਾਂ ਦੁੱਖ-ਤਕਲੀਫਾਂ ਦੇ ਭਾਰ ਦੀ ਪੰਡ ਚੁੱਕੀ ਫਿਰਦੀਆਂ ਹਨ। ਸ਼ਰਾਬੀ ਕਬਾਬੀ ਪਤੀਆਂ ਤੋਂ ਰੋਜ਼ ਦਿਹਾੜੀ ਕੁੱਟ ਵੀ ਖਾਂਦੀਆਂ ਹਨ, ਕੀਤੀ ਗਈ ਕਮਾਈ ਬਾਰੇ ਤਾਅਨੇ-ਮਿਹਣੇ ਵੀ ਸੁਣਦੀਆਂ ਹਨ, ਸਮੇਂ ਸਿਰ ਕੰਮ 'ਤੇ ਪਹੁੰਚਣ ਲਈ ਆਪਣੇ ਘਰ ਦੇ ਕੰਮ ਨੂੰ ਬਹੁਤੀ ਵਾਰ ਨਜ਼ਰਅੰਦਾਜ਼ ਵੀ ਕਰਦੀਆਂ ਹਨ, ਪਰ ਫਿਰ ਵੀ ਬੱਚਿਆਂ ਦੀ ਖਾਤਰ ਤੁਰੀਆਂ ਫਿਰਦੀਆਂ ਹਨ। ਅਸਲ ਵਿੱਚ ਮੇਡ /ਘਰੇਲੂ ਵਰਕਰਾਂ ਦੇ ਇਹੋ ਜਿਹੇ ਹਾਲਾਤ ਦਾ ਮੁੱਖ ਕਾਰਨ ਉਹਨਾਂ ਦਾ ਅਸੰਗਠਿਤ ਖੇਤਰ ਵਿੱਚ ਹੋਣਾ ਹੈ, ਜਿੱਥੇ ਇਨ੍ਹਾਂ ਦੀ ਕਿਸੇ ਮਾਪ ਦੰਡ ਤਹਿਤ ਕੋਈ ਗਿਣਤੀ ਨਹੀਂ, ਇਹਨਾਂ ਦੇ ਕੰਮ ਪ੍ਰਤੀ ਕੋਈ ਰਜਿਸਟਰੇਸ਼ਨ ਆਦਿ ਨਹੀਂ ਹੁੰਦੀ ਤੇ ਨਾ ਹੀ ਇਹਨਾਂ ਦੀ ਕੋਈ ਟਰੇਡ ਯੂਨੀਅਨ ਹੈ। ਇਸ ਲਈ ਇਹਨਾਂ ਦੇ ਕੰਮ ਦੇ ਘੰਟੇ, ਉਜਰਤ ਅਤੇ ਹੋਰ ਸੁੱਖ-ਸਹੂਲਤਾਂ ਪ੍ਰਤੀ ਕੁਝ ਵੀ ਸਾਡੇ ਦੇਸ਼ ਵਿੱਚ ਨਿਸਚਿਤ ਨਹੀਂ।

ਹੁਣ ਕਿਉਂਕਿ ਇਹ ਸਾਡੇ ਸਮਾਜ ਦਾ ਅਨਿਖੜਵਾਂ ਅੰਗ ਬਣ ਚੁੱਕੇ ਹਨ, ਇਸ ਲਈ ਇਹਨਾਂ ਦੇ ਹਾਲਾਤ ਵਿੱਚ ਸੁਧਾਰ ਕਰਨ ਲਈ ਸਰਕਾਰੀ, ਗੈਰ-ਸਰਕਾਰੀ ਸੰਸਥਾਵਾਂ/, ਸੰਗਠਨਾਂ ਦੁਆਰਾ ਠੋਸ ਕਦਮ ਚੁੱਕੇ ਜਾਣੇ ਚਾਹੀਦੇ ਹਨ। ਭਾਵੇਂ ਭਾਰਤ ਨੇ 2004 ਵਿੱਚ ਅੰਤਰਰਾਸ਼ਟਰੀ ਮਜ਼ਦੂਰ ਸੰਗਠਨ ਦੁਆਰਾ ਸੁਝਾਏ ਲੇਬਰ ਕਾਨੂੰਨਾਂ ਦੀ ਧਾਰਾ, ਸੀ-189 ਨੂੰ ਮੰਨ ਲਿਆ ਗਿਆ ਸੀ, ਪਰ ਇਨ੍ਹਾਂ ਡੋਮੈਸਟਿਕ ਵਰਕਰਾਂ ਬਾਰੇ ਇਸ ਵਿੱਚ ਕੋਈ ਵੀ ਜ਼ਿਕਰ ਨਹੀਂ ਕੀਤਾ ਗਿਆ। ਨਾ ਹੀ ਇਹਨਾਂ ਨੂੰ ਕਾਮਗਰ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਆਪਣੇ ਜਮਹੂਰੀ ਹੱਕਾਂ ਪ੍ਰਤੀ ਸੁਚੇਤ ਔਰਤਾਂ ਅਤੇ ਔਰਤ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਉਹ ਸਮਾਜ ਦੇ ਇਸ ਅਣਗੌਲੇ ਸੈਕਸ਼ਨ ਨੂੰ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਲਾਮਬੰਦ ਕਰਨ, ਤਾਂ ਕਿ ਉਨ੍ਹਾਂ ਦੇ ਜੀਵਨ ਢੰਗ ਵਿੱਚ ਵੀ ਸੁਧਾਰ ਹੋ ਸਕੇ। ਵਿਅਕਤੀ ਹੱਥੋਂ ਵਿਅਕਤੀ ਦੀ ਲੁੱਟ-ਖਸੁੱਟ ਖਤਮ ਕਰਦੇ ਹੋਏ ਸੁਚਾਰੂ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਨਾ ਹੀ ਸਮੇਂ ਦੀ ਜ਼ਰੂਰਤ ਹੈ।

# ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਵਾਉਣ ਲਈ ਸੰਘਰਸ਼ ਜਾਰੀ ਰਹੇਗਾ : ਜਗਰੂਪ, ਖੋਸਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਬਲਾਕ ਮੋਗਾ 2 ਤੇ ਬਲਾਕ ਮੋਗਾ 1 ਦਾ ਬੀ.ਡੀ.ਪੀ.ਓ. ਦਫਤਰ ਅੱਗੇ ਸਾਂਝਾ ਧਰਨਾ ਦਿੱਤਾ ਗਿਆ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ ’ਤੇ ਪਹੁੰਚੇ ਯੂਨੀਅਨ ਦੇ ਮੁੱਖ ਸਲਾਹਕਾਰ ਕਾਮਰੇਡ ਜਗਰੂਪ ਸਿੰਘ ਤੇ ਸੂਬਾ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰਾਂ ਕਿਰਤੀ ਲੋਕਾਂ ਨਾਲ ਧ੍ਰੋਹ ਕਮਾ ਰਹੀਆਂ ਹਨ, ਜਿਸ ਦਾ ਖਮਿਆਜ਼ਾ ਇਨ੍ਹਾਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਭੁਗਤਣਾ ਪਵੇਗਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਸਬਜ਼ਬਾਗ ਦਿਖਾ ਕੇ ਵੋਟਾਂ ਵਟੋਰ ਕੇ ਇਹ ਸਰਮਾਏਦਾਰ ਪੱਖੀ ਸਰਕਾਰਾਂ ਨੇ ਕੰਮ ਕਰਨ ਵਾਲੇ ਲੋਕਾਂ ਦੀ ਜ਼ਿੰਦਗੀ ਨਰਕ ਵਰਗੀ ਬਣਾ ਦਿੱਤੀ ਹੈ। ਪੰਜਾਬ ਵਿੱਚ ਨਰੇਗਾ ਦਿਹਾੜੀ ਰੇਟ 431 ਰੁਪਏ ਬਣਦਾ ਹੈ, ਸਾਨੂੰ 322 ਦਿੱਤਾ ਜਾ ਰਿਹਾ ਹੈ, ਪੰਜਾਬ ਸਰਕਾਰ ਕੇਂਦਰ ਸਰਕਾਰ ਨੂੰ 431 ਰੁਪਏ ਦੀ ਸਿਫਾਰਸ਼ ਕਰੇ। ਮਹਿੰਗਾਈ ਨੂੰ ਮੁੱਖ ਰੱਖਦਿਆਂ ਇਸ ਨੂੰ ਵਧਾ ਕੇ 1000 ਰੁਪਏ ਕੀਤਾ ਜਾਵੇ ਤੇ 100 ਦਿਨ ਕੰਮ ਦੀ ਗਾਰੰਟੀ ਵਧਾ ਕੇ 200 ਦਿਨ ਕੀਤਾ ਜਾਵੇ। ਨਰੇਗਾ ਬਣਨ ਸਮੇਂ ਮਜ਼ਦੂਰਾਂ ਦੇ ਕੰਮ ਦਾ ਸਮਾਂ 6 ਘੰਟੇ ਸੀ, ਜੋ ਬਾਅਦ ਵਿੱਚ 9 ਘੰਟੇ ਕਰ ਦਿੱਤਾ ਹੈ। ਅਸੀਂ ਮੰਗ ਕਰਦੇ ਹਾਂ ਕਿ ਇਸ ਨੂੰ 6 ਘੰਟੇ ਬਹਾਲ ਕੀਤਾ ਜਾਵੇ। ਨਰੇਗਾ ਫੰਡ ਰਾਸ਼ੀ ਦੀ ਵੰਡ ਅਨੁਪਾਤ (40:60) ਦੀ ਦੁਰਵਰਤੋਂ ਰੋਕੀ ਜਾਵੇ। ਕਾਮਿਆਂ ਨੂੰ ਕੋਈ ਕਹੀ, ਬੱਠਲ ਨਹੀਂ ਦਿੱਤਾ ਜਾਂਦਾ, ਉਹ ਦਿੱਤਾ ਜਾਵੇ। ਇਸ ਅਨੁਪਾਤ ਨੂੰ ਹੁਣ ਸੋਧਿਆ ਜਾਵੇ। ਗਰਾਮ ਸੇਵਕ ਤੇ ਮੇਟ ਨਿਯਮਾਂ ਮੁਤਾਬਿਕ ਭਰਤੀ ਕੀਤੇ ਜਾਣ, ਉਨ੍ਹਾਂ ਦੇ ਕੰਮ ਤੇ ਜ਼ਿੰਮੇਵਾਰੀ ਦੇ ਬੋਰਡ ਲਿਖ ਕੇ ਲਾਏ ਜਾਣ। ਹਰ ਕਾਮੇ ਦੇ ਜਾਬ ਕਾਰਡ ’ਤੇ ਹਾਜ਼ਰੀ ਲਗਾਉਣੀ ਯਕੀਨੀ ਬਣਾਈ ਜਾਵੇ। ਕੰਮ ’ਤੇ ਹਾਜ਼ਰ ਵਿਅਕਤੀ ਦੀ ਹਾਜ਼ਰੀ ਕਾਰਡ ਉੱਤੇ ਨਾ ਲਾਉਣਾ, ਆਰਥਿਕ ਅਪਰਾਧ ਮੰਨ ਕੇ ਅਮਲ ਹੋਵੇ। ਮਸਟਰੋਲ ਤੇ ਹਾਜ਼ਰੀ ਰੋਜ਼ਾਨਾ ਕੰਮ ਸਥਾਨ ’ਤੇ ਹੀ ਲੱਗੇ ਤੇ ਕਾਮੇ ਨੂੰ ਕਹਿਣ ’ਤੇ ਦਿਖਾਈ ਜਾਵੇ। ਆਨਲਾਈਨ ਹਾਜ਼ਰੀ ਦੀ ਰਿਪੋਰਟ 12 ਵਜੇ ਤੱਕ ਜ਼ਿਲ੍ਹਾ ਦਫ਼ਤਰ ਜ਼ਰੂਰ ਪੁੱਜੇ, ਇਸ ਦੀ ਜਾਣਕਾਰੀ ਯੂਨੀਅਨ ਦੇ ਆਗੂਆਂ ਨੂੰ ਮੰਗਣ ’ਤੇ ਦਿੱਤੀ ਜਾਵੇ। ਇਸ ਨਾਲ ਪਾਰਦਰਸ਼ਤਾ ਵਧੇਗੀ ਤੇ ਕੁਰੱਪਸ਼ਨ ਘਟੇਗੀ। ਜਾਬ ਕਾਰਡ ਉੱਪਰ ਉਹ ਸਾਰਾ ਕੁਝ ਦਰਜ਼ ਹੋਵੇ, ਜੋ ਹਦਾਇਤ ਹੈ। ਇਸ ਲਈ ਗਰਾਮ ਸੇਵਕ ਜ਼ਿੰਮੇਵਾਰ ਹੋਵੇ, ਜੇਕਰ ਕਾਮੇ ਦੀ ਅਦਾਇਗੀ ਵਿੱਚ ਦੇਰੀ ਹੋਏ ਤਾਂ ਜ਼ਿੰਮੇਵਾਰ ’ਤੇ ਐਕਸ਼ਨ ਲਿਆ ਜਾਵੇ। ਕਾਨੂੰਨ ਅਨੁਸਾਰ ਹਰਜਾਨੇ ਸਮੇਤ ਅਦਾਇਗੀ ਹੋਵੇ। ਸਮੇਂ ਅਨੁਸਾਰ ਕੰਮ ਜਾਂ ਹਿੱਸੇ ਆਏ ਕੰਮ ਦਾ ਐਲਾਨ ਪਹਿਲਾਂ ਹੋਵੇ, ਦੋਵੇਂ ਨਿਯਮ ਇਕੱਠੇ ਨਾ ਲਾਗੂ ਕੀਤੇ ਜਾਣ। ਸੌ ਦਿਨ ਦਾ ਕੰਮ, ਗਾਰੰਟੀ ਹੱਕ ਹੈ। ਇਹ ਕੰਮ ਇੱਛਾ ਤੇ ਲੋੜ ਅਨੁਸਾਰ ਲੈਣ ਦਾ ਹੱਕ ਹੈ, ਇਸ ਨੂੰ ‘ਕੰਮ ਦੇਣ ਜਾਂ ਨਾ ਦੇਣ ਦੀ ਮਨਮਾਨੀ ਹੈਂਕੜ ਬਣਨ’ ’ਤੇ ਸਖ਼ਤੀ ਨਾਲ ਰੋਕਿਆ ਜਾਵੇ। ਕੰਮ ਦੀ ਮੰਗ 14 ਦਿਨ ਤੋਂ ਘੱਟ ਨਹੀਂ ਹੋ ਸਕਦੀ, ਫਿਰ 6 ਦਿਨ ਦਾ ਇੱਕ ਹੀ ਮਸਟਰੋਲ ਕੱਢ ਕੇ, ਅਗਲਾ ਮਸਟਰੋਲ ਨਾ ਕੱਢਣ ਤੇ ਜ਼ਿੰਮੇਵਾਰੀ ਤੈਅ ਹੋਵੇ ਅਤੇ ਕਾਮੇ ਨੂੰ ਬੇਰੁਜ਼ਗਾਰੀ ਭੱਤਾ ਦੇਣਾ ਯਕੀਨੀ ਬਣਾਇਆ ਜਾਵੇ। ਅੰਤ ਵਿੱਚ ਉਨ੍ਹਾਂ ਕਿਹਾ ਕਿ ਨਰੇਗਾ ਨੂੰ ਪਾਰਦਰਸ਼ੀ ਢੰਗ ਨਾਲ ਲਾਗੂ ਕਰਵਾਉਣ ਲਈ ਸੰਘਰਸ਼ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ। ਮਜ਼ਦੂਰਾਂ ਦੀਆਂ ਮੰਗਾਂ ਨਾਲ ਸਬੰਧਤ ਮੰਗ ਪੱਤਰ ਦੋਹਾਂ ਬੀ.ਡੀ.ਪੀ.ਓਜ਼ ਨੂੰ ਦਿੱਤੇ ਗਏ।

ਇਸ ਇਕੱਠ ਨੂੰ ਯੂਨੀਅਨ ਦੇ ਸੀਨੀਅਰ ਆਗੂ ਸ਼ੇਰ ਸਿੰਘ ਦੌਲਤਪੁਰਾ, ਸਰਬ ਭਾਰਤ ਨੌਜਵਾਨ ਸਭਾ ਦੀ ਆਗੂ ਕਰਮਵੀਰ ਕੌਰ ਬੱਧਨੀ, ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਸਰਬਜੀਤ ਕੌਰ ਖੋਸਾ, ਸਵਰਾਜ ਸਿੰਘ ਢੁੱਡੀਕੇ, ਲਖਵੀਰ ਸਿੰਘ ਰਾਜੂ ਮਹੇਸ਼ਰੀ, ਸੁੱਖਾ ਪੇਂਟਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਜਬਰਜੰਗ ਮਹੇਸ਼ਰੀ, ਬੋਹੜ ਸਿੰਘ ਬੁੱਟਰ, ਜਸਵੀਰ ਸਿੰਘ ਮੱਲ੍ਹੀ, ਬਿੰਦਰ ਸਿੰਘ ਝੰਡੇਆਣਾ, ਪੂਜਾ ਕੌਰ ਖੋਸਾ, ਰਮਨਦੀਪ ਕੌਰ ਡਰੋਲੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨਰੇਗਾ ਕਾਮੇ ਹਾਜ਼ਰ ਸਨ।

# ਲੋਕ ਆਮ ਆਦਮੀ ਪਾਰਟੀ ਦੀਆਂ ਗਰੰਟੀਆਂ ਤੋਂ ਸੰਤੁਸ਼ਟ : ਮੀਤ ਹੇਅਰ



**ਮੂਨਕ (ਰਾਜਪਾਲ ਸਿੰਗਲਾ)**-ਲੋਕ ਆਮ ਆਦਮੀ ਪਾਰਟੀ ਦੀਆਂ ਗਰੰਟੀਆਂ ਤੋਂ ਸੰਤੁਸ਼ਟ ਹਨ, ਇਸ ਲਈ ਇਸ ਵਾਰ ਦੋ ਲੱਖ ਤੋਂ ਵੱਧ ਵੋਟਾਂ ਦੇ ਫਰਕ ਨਾਲ ਸੰਗਰੂਰ ਲੋਕ ਸਭਾ ਹਲਕਾ ਜਿੱਤਾਂਗੇ। ਇਹ ਵਿਚਾਰ ਸੰਗਰੂਰ ਲੋਕ ਸਭਾ ਹਲਕੇ ਤੋਂ ਆਪ ਦੇ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਅਗਰਵਾਲ ਧਰਮਸ਼ਾਲਾ ਮੂਨਕ ਵਿਖੇ ਪਾਰਟੀ ਵਰਕਰਾਂ ਤੇ ਆਮ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਉਨ੍ਹਾ ਕਿਹਾ ਕਿ ਜਦੋਂ ਆਪਣੇ ਤੌਰ ’ਤੇ ਪਿੰਡਾਂ ਦੀਆਂ ਸੱਥਾਂ ਵਿੱਚ ਜਾ ਕੇ ਲੋਕਾਂ ਨਾਲ ਸੰਪਰਕ ਕੀਤਾ ਤਾਂ ਉਹ ਬਹੁਤ ਸੰਤੁਸ਼ਟ ਸਨ ਕਿ ਆਮ ਆਦਮੀ ਪਾਰਟੀ ਨੇ ਨਜ਼ਾਰਾ ਲਿਆ ਦਿੱਤਾ ਕਿ ਹਰ ਘਰ ਦੀ ਬਿਜਲੀ ਮਾਫ ਕਰ ਦਿੱਤੀ, ਜਿਸ ਵਿੱਚ ਪੰਜਾਬ ਦੇ 80% ਤੋਂ ਜ਼ਿਆਦਾ ਲੋਕਾਂ ਦੇ ਬਿਜਲੀ ਬਿਲ ਜ਼ੀਰੋ ਸਨ, ਜਿਸ ਨਾਲ ਹਰ ਘਰ ਨੂੰ 25 ਤੋਂ 50 ਹਜ਼ਾਰ ਰੁਪਏ ਸਾਲਾਨਾ ਫਾਇਦਾ ਹੋਇਆ।ਉਨ੍ਹਾਂ ਕਿਹਾ ਕਿ ਇਹ ਪੰਜਾਬ, ਦੇਸ, ਪਾਰਟੀ ਦੇ ਵਡੇਰੇ ਹਿੱਤਾਂ ਦੀ ਲੜਾਈ ਹੈ, ਜੋ ਤੁਹਾਨੂੰ ਤਕੜੇ ਹੋ ਕੇ ਲੜਨੀ ਪਵੇਗੀ।ਦੇਸ, ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਲਈ ਭਾਜਪਾ ਨੂੰ ਹਰਾਉਣਾ ਜ਼ਰੂਰੀ ਹੈ।ਆਮ ਆਦਮੀ ਪਾਰਟੀ ਪੰਜਾਬ ਵਿੱਚ ਕੀਤੇ ਵਿਕਾਸ ਕਾਰਜਾਂ ਕਰਕੇ ਪੰਜਾਬ ਦੀਆਂ ਸਾਰੀਆਂ 13 ਦੀਆਂ 13 ਸੀਟਾਂ ’ਤੇ ਜਿੱਤ ਪ੍ਰਾਪਤ ਕਰੇਗੀ ਤੇ ਸਭ ਤੋਂ ਵੱਡੀ ਲੀਡ ਲੋਕ ਸਭਾ ਹਲਕਾ ਸੰਗਰੂਰ ਤੋਂ ਹੋਵੇਗੀ।ਇਸ ਸਮੇਂ ਹਲਕਾ ਵਿਧਾਇਕ ਸ੍ਰੀ ਵਰਿੰਦਰ ਗੋਇਲ ਨੇ ਵਿਸ਼ਵਾਸ ਦਿਵਾਇਆ ਕਿ ਵਿਧਾਨ ਸਭਾ ਹਲਕਾ ਲਹਿਰਾ ਤੋਂ ਪਾਰਟੀ ਉਮੀਦਵਾਰ ਮੀਤ ਹੇਅਰ ਨੂੰ ਵੱਡੀ ਜਿੱਤ ਦਿਵਾਵਾਂਗੇ।ਇਸ ਸਮੇਂ ਉਨ੍ਹਾਂ ਨਾਲ ਗੁਰਮੇਲ ਸਿੰਘ ਘਰਾਚੋਂ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ, ਬੱਬੂ ਮੂਨਕ, ਤਰਸੇਮ ਰਾਉ, ਸੋਨੀ ਜੈਲਦਾਰ, ਵਿਕਰਮ ਜੈਨ, ਸਤੀਸ਼ ਕੁਮਾਰ, ਓ ਐੱਸ ਡੀ ਰਾਕੇਸ਼ ਗੁਪਤਾ ਵਿੱਕੀ, ਮਹਿੰਦਰ ਸਿੰਘ, ਰਿੰਕੂ ਸਿੰਗਲਾ, ਕੁਲਜਿੰਦਰ ਸਿੰਘ, ਕੁੱਕੀ ਦੁਗਾਲ, ਭੋਲਾ ਸਿੰਘ, ਬਬਲੀ ਸਰਪੰਚ ਆਦਿ ਹਾਜ਼ਰ ਸਨ।

# ਸਮਾਜਿਕ ਕ੍ਰਾਂਤੀ ਦਾ ਦਗਦਾ ਸੂਰਜ ਸਨ ਬਾਬਾ ਸਾਹਿਬ : ਵਿਜੇ ਧੀਰ

## ■ ਈ ਰਿਕਸ਼ਾ ਮਜ਼ਦੂਰ ਸੰਘ ਨੇ ਮਨਾਇਆ ਡਾ. ਅੰਬੇਦਕਰ ਦਾ ਜਨਮ ਦਿਨ



**ਮੋਗਾ (ਇਕਬਾਲ ਸਿੰਘ ਖਹਿਰਾ)**
ਦਲਿਤਾਂ ਦੇ ਮਸੀਹਾ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਜੀ ਟੀ ਰੋਡ ’ਤੇ ਸ਼ਹੀਦ ਭਗਤ ਸਿੰਘ ਮਾਰਕੀਟ ਨੇੜੇ ਸਥਿਤ ਭਾਰਤੀਯ ਮਜ਼ਦੂਰ ਸੰਘ ਨਾਲ ਸੰਬੰਧਤ ਈ ਰਿਕਸ਼ਾ ਮਜ਼ਦੂਰ ਸੰਘ ਦੇ ਅਹਾਤੇ ਵਿੱਚ ਈ ਰਿਕਸ਼ਾ ਮਜ਼ਦੂਰ ਸੰਘ ਵੱਲੋਂ ਪ੍ਰਧਾਨ ਜਸਵਿੰਦਰ ਸਿੰਘ ਡੱਡ, ਜਨਰਲ ਸਕੱਤਰ ਮੇਜਰ ਸਿੰਘ ਲੰਢੇਕੇ ਤੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਜਸਵੰਤ ਸਿੰਘ ਜੱਸਾ ਦੀ ਅਗਵਾਈ ਵਿੱਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਇਸ ਸਮਾਗਮ ਵਿੱਚ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ, ਪੱਲੇਦਾਰਾਂ ਦੇ ਸੂਬਾ ਆਗੂ ਕੇਵਲ ਸਿੰਘ ਸਾਬਕਾ ਮੈਂਬਰ ਪਾਰਲੀਮੈਂਟ, ਮਿੱਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ, ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਤੇ ਖਜ਼ਾਨਚੀ ਸਤਨਾਮ ਸਿੰਘ, ਐੱਲ ਪੀ ਜੀ ਗੈਸ ਸਪਲਾਈ ਵਰਕਰਜ਼ ਯੂਨੀਅਨ ਦੇ ਪ੍ਰਧਾਨ ਰਾਮ ਬਚਨ ਰਾਓ, ਮਿਉਂਸਪਲ ਇੰਪਲਾਈਜ਼ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਮਦਨ ਲਾਲ ਬੋਹਤ, ਮਿਨੀ ਕੈਂਟਰ ਯੂਨੀਅਨ ਦੇ ਪ੍ਰਧਾਨ ਅਮਰੀਕ ਸਿੰਘ ਜੋੜਾ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਇਸ ਮੌਕੇ ਵਰਕਰਾਂ ਨੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਤਸਵੀਰ ਅੱਗੇ ਫੁੱਲ ਮਾਲਾਵਾਂ ਅਰਪਣ ਕਰਕੇ ਉਨ੍ਹਾਂ ਸਨਮੁੱਖ ਨਤਮਸਤਕ ਹੋਏ ਤੇ ਉਨ੍ਹਾਂ ਵੱਲੋਂ ਦਰਸਾਏ ਮਾਰਗ ’ਤੇ ਚੱਲਣ ਦਾ ਪ੍ਰਣ ਲਿਆ। ਇਸ ਮੌਕੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜੀਵਨ ਤੇ ਚਾਨਣਾ ਪਾਉਂਦਿਆਂ ਭਾਰਤੀਯ ਮਜ਼ਦੂਰ ਸੰਘ ਦੇ ਜਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਕੇਵਲ ਦਲਿਤਾਂ ਦੇ ਹੀ ਨਹੀਂ ਬਲਕਿ ਭਾਰਤ ਦੇ ਕੌਮੀ ਨੇਤਾ ਸਨ ਜਿਨ੍ਹਾਂ ਜ਼ਾਤ ਪਾਤ ਵਿਰੁੱਧ ਲੜਾਈ ਕੇਵਲ ਦਲਿਤ ਮੁਕਤੀ ਲਈ ਨਹੀਂ ਸੀ ਲੜੀ ਪ੍ਰੰਤੂ ਉਨ੍ਹਾਂ ਦੀ ਇਹ ਲੜਾਈ ਰਾਸ਼ਟਰ ਦੇ ਨਿਰਮਾਣ ਲਈ ਇਕ ਸਾਰਥਕ ਕਦਮ ਸੀ। ਔਰਤਾਂ ਨੂੰ ਮਰਦਾਂ ਦੇ ਬਰਾਬਰ ਵੋਟ ਦਾ ਅਧਿਕਾਰ ਦੇ ਕੇ ਡਾਕਟਰ ਭੀਮ ਰਾਓ ਅੰਬੇਡਕਰ ਨੇ ਸਮੂਚੀ ਔਰਤ ਜਾਤ ਦਾ ਸਵੈ ਮਾਨ ਵਧਾਇਆ। ਧੀਰ ਨੇ ਕਿਹਾ ਕਿ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਮਾਜਿਕ ਕ੍ਰਾਂਤੀ ਦਾ ਦਗਦਾ ਸੂਰਜ ਸਨ, ਜਿਨ੍ਹਾਂ ਸੰਵਿਧਾਨ ਵਿੱਚ ਸਮਾਨਤਾ ਦੇ ਮੌਲਿਕ ਅਧਿਕਾਰ ਦੀ ਵਿਵਸਥਾ ਕੀਤੀ। ਇਸ ਮੌਕੇ ਮਿੱਡ ਡੇ ਮੀਲ ਕੁੱਕ ਯੂਨੀਅਨ ਦੇ ਸੂਬਾ ਪ੍ਰਧਾਨ ਕਰਮ ਚੰਦ ਚੰਡਾਲੀਆ ਤੇ ਸਾਬਕਾ ਮੈਂਬਰ ਪਾਰਲੀਮੈਂਟ ਕੇਵਲ ਸਿੰਘ ਲੰਡੇ ਕੇ ਨੇ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਦਕਰ ਨੇ ਦਲਿਤ ਵਰਗ ਨੂੰ ਅਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਦਾ ਨਾਅਰਾ ਦਿੱਤਾ ਸੀ। ਇਸ ਮੌਕੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਕਿਹਾ ਕਿ ਡਾਕਟਰ ਭੀਮ ਰਾਓ ਅੰਬੇਡਕਰ ਮਜ਼ਦੂਰਾਂ ਦੇ ਵੀ ਆਗੂ ਸਨ, ਜਿਨ੍ਹਾਂ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦਾ ਗਠਨ ਕੀਤਾ ਸੀ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਅਨਿਲ ਯਾਦਾ, ਵਿਜੇ ਛਪਰੀ, ਸੋਨੂੰ ਗੰਨੇ ਵਾਲਾ, ਰਾਜਾ ਪ੍ਰਜਾਪਤੀ, ਦਰਸ਼ਨ ਲਾਲ, ਪੱਪੂ , ਹਰਜਿੰਦਰ ਸਿੰਘ ਸਾਬਕਾ ਫੌਜੀ, ਹਰਜਿੰਦਰ ਕੌਰ, ਕਮਲਜੀਤ ਕੌਰ ਮੱਦੋ ਕੇ, ਪੱਪੂ ਹਾਜ਼ਰ ਸਨ।

## ਕਾਤਰਾਂ

### ਸੜਕ ’ਤੇ ਡਿੱਗਿਆ ਏ.ਟੀ.ਐੱਮ. ਕਾਰਡ ਕੀਤਾ ਵਾਪਸ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ) :** ਸਥਾਨਕ ਸਲਾਈਟ ਡੀਮਡ ਯੂਨੀਵਰਸਿਟੀ ਲੌਂਗੋਵਾਲ ਦੇ ਡਾਇਰੈਕਟਰ ਦੇ ਨਿੱਜੀ ਸਕੱਤਰ ਸਰਬਜੀਤ ਸਿੰਘ ਨੂੰ ਸਵੇਰੇ ਸੈਰ ਕਰਨ ਸਮੇਂ ਸੜਕ ’ਤੇ ਡਿੱਗਿਆ ਇੱਕ ਏ.ਟੀ.ਐੱਮ. ਲੱਭਿਆ। ਇਸ ਏ.ਟੀ.ਐੱਮ. ਦੇ ਮਾਲਕ ਦੀ ਭਾਲ ਕਰਨ ਉਪਰੰਤ ਪਤਾ ਚੱਲਿਆ ਕਿ ਇਹ ਏ.ਟੀ.ਐੱਮ. ਰੁਪਿੰਦਰ ਸਿੰਘ ਵਾਸੀ ਲੌਂਗੋਵਾਲ ਦਾ ਹੈ, ਜੋ ਇਸ ਸੰਸਥਾ ਦੇ ਹੋਸਟਲ ਨੰਬਰ 5 ਵਿੱਚ ਮੁਨੀਮ ਦੇ ਤੌਰ ’ਤੇ ਡਿਊਟੀ ਕਰ ਰਿਹਾ ਹੈ।ਇਸ ਨੌਜਵਾਨ ਨੂੰ ਬੁਲਾ ਕੇ ਸਰਬਜੀਤ ਸਿੰਘ ਨਿੱਜੀ ਸਕੱਤਰ ਨੇ ਏ.ਟੀ.ਐੱਮ. ਸੌਂਪ ਦਿੱਤਾ।ਵਰਨਣਯੋਗ ਹੈ ਕਿ ਸਰਬਜੀਤ ਸਿੰਘ ਨਿੱਜੀ ਸਕੱਤਰ ਗਰੀਬਾਂ ਦੇ ਹਮਦਰਦ ਤੇ ਮਿੱਠੇ ਸੁਭਾਅ ਦੇ ਮਾਲਕ ਹਨ।

### ਫਾਇਰਿੰਗ ਦੀ ਘਟਨਾ ਅੱਧੇ ਘੰਟੇ ’ਚ ਟ੍ਰੇਸ, ਹਥਿਆਰ ਸਮੇਤ ਦੋਸ਼ੀ ਕਾਬੂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਡਾ. ਪ੍ਰਗਿਆ ਜੈਨ ਐਸ.ਐਸ.ਪੀ ਦੀ ਅਗਵਾਈ ਹੇਠ ਪੁਲਸ ਪੂਰੀ ਚੌਕਸ ਦਿਖਾਈ ਦੇ ਰਹੀ ਹੈ।ਅੱਜ ਕਿਸੇ ਵੱਲੋਂ ਪੰਜਾਬ ਪੁਲਿਸ ਹੈਲਪਲਾਈਨ ਨੰਬਰ 112 ਤੇ ਜਾਣਕਾਰੀ ਦਿੱਤੀ ਗਈ ਕਿ ਖਾਲਸਾ ਕਾਲਜ ਅਬੋਹਰ ਦੇ ਬਾਹਰ ਕੁਝ ਸ਼ਰਾਰਤੀ ਅਨਸਰ ਇਕੱਠੇ ਹੋ ਰਹੇ ਹਨ, ਜਿਸ ’ਤੇ ਸ੍ਰੀ ਅਰੁਨ ਮੁੰਡਨ ਡੀ.ਐਸ.ਪੀ ਅਬੋਹਰ ਤੇ ਇੰਸਪੈਕਟਰ ਨਵਪ੍ਰੀਤ ਸਿੰਘ ਸਮੇਤ ਪੁਲਸ ਪਾਰਟੀ ਤੁਰੰਤ ਮੌਕੇ ’ਤੇ ਪਹੁੰਚ ਕੇ ਘਟਨਾ ਦਾ ਜਾਇਜ਼ਾ ਲਿਆ ਅਤੇ ਫਾਇਰਿੰਗ ਕਰਨ ਵਾਲੇ ਅਨਸਰਾਂ ਨੂੰ ਕਾਬੂ ਕਰਕੇ ਉਹਨਾਂ ਪਾਸੋਂ ਘਟਨਾ ਸਮੇਂ ਵਰਤਿਆ ਹਥਿਆਰ ਅਤੇ ਰੌਂਦ ਬਰਾਮਦ ਕੀਤੇ ਗਏ ਹਨ।ਫਾਇਰਿੰਗ ਦੀ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਖਿਲਾਫ਼ ਥਾਣਾ ਸਿਟੀ-1 ਅਬੋਹਰ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।ਕਾਬੂ ਕੀਤੇ ਦੋਸ਼ੀਆਂ ਤੇ ਘਟਨਾ ਬਾਰੇ ਪੂਰੀ ਜਾਣਕਾਰੀ ਪ੍ਰੈੱਸ ਕਾਨਫਰੰਸ ਕਰਕੇ ਸਾਂਝੀ ਕੀਤੀ ਜਾਵੇਗੀ। ਡਾ. ਪ੍ਰਗਿਆ ਜੈਨ ਐਸ.ਐਸ.ਪੀ ਵੱਲੋਂ ਘਟਨਾ ਦੀ ਖਬਰ ਮਿਲਦੇ ਹੀ ਮੌਕੇ ’ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜ਼ਿਲ੍ਹੇ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਸੁਖਾਵੀ ਘਟਨਾ ਨੂੰ ਅੰਜਾਮ ਦੇਣ ਵਾਲੇ ਸ਼ਰਾਰਤੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਹਨਾਂ ਕਿਹਾ ਕਿ ਸਥਿਤੀ ਪੂਰੀ ਕੰਟਰੋਲ ਅਧੀਨ ਹੈ।

### 50 ਬੋਤਲਾਂ ਨਜਾਇਜ਼ ਸ਼ਰਾਬ ਤੇ ਲਾਹਣ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਫਿਰੋਜ਼ਪੁਰ ਤੇ ਥਾਣਾ ਮੱਲਾਂਵਾਲਾ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 50 ਬੋਤਲਾਂ ਨਜਾਇਜ਼ ਸ਼ਰਾਬ ਤੇ 45 ਲੀਟਰ ਲਾਹਣ ਬਰਾਮਦ ਕਰਕੇ ਦੋ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਚੈਕਿੰਗ ਸਬੰਧੀ ਬਾਂਸੀ ਗੇਟ ਸਿਟੀ ਫਿਰੋਜ਼ਪੁਰ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਦੀ ਇਤਲਾਹ ’ਤੇ ਛਾਪੇਮਾਰੀ ਕਰਕੇ ਮੁਲਜ਼ਮ ਚਰਨ ਸਿੰਘ ਪੁੱਤਰ ਫੁੰਮਣ ਸਿੰਘ ਵਾਸੀ ਬਸਤੀ ਬਾਗ ਵਾਲੀ, ਅਲੀ ਕੇ ਰੋਡ ਸਿਟੀ ਫਿਰੋਜ਼ਪੁਰ ਨੂੰ ਕਾਬੂ ਕੀਤਾ ਗਿਆ ਤੇ ਮੌਕੇ ’ਤੇ 50 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਹੋਈ। ਉਧਰ ਥਾਣਾ ਮੱਲਾਂਵਾਲਾ ਪੁਲਸ ਦੇ ਸਹਾਇਕ ਥਾਣੇਦਾਰ ਸੁਖਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਚੈਕਿੰਗ ਦੇ ਸਬੰਧ ਵਿੱਚ ਸੁਨਵਾਂ ਚੌਕ ਮੱਲਾਂਵਾਲਾ ਪਾਸ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਦੀ ਇਤਲਾਹ ਤੇ ਛਾਪੇਮਾਰੀ ਕਰਕੇ ਮੁਲਜ਼ਮ ਮਨਪ੍ਰੀਤ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਪਿੰਡ ਨੌਰੰਗ ਸਿੰਘ ਵਾਲਾ ਦੇ ਘਰੋਂ 45 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੀ, ਪਰ ਮੁਲਜ਼ਮ ਮੌਕੇ ਤੋਂ ਫਰਾਰ ਹੋ ਗਿਆ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਅਲਾਇੰਸ ਇੰਟਰਨੈਸ਼ਨਲ ਸਕੂਲ ਨੇ ਸਥਾਪਨਾ ਦਿਵਸ ਮਨਾਇਆ



**ਰਾਜਪੁਰਾ (ਰਮੇਸ਼ ਕਟਾਰੀਆ)**-ਅਲਾਇੰਸ ਇੰਟਰਨੈਸ਼ਨਲ ਸਕੂਲ ਬਨੂੰੜ ਨੇ 15 ਅਪ੍ਰੈਲ ਨੂੰ ਆਪਣਾ ਸਥਾਪਨਾ ਦਿਵਸ ਬੜੇ ਜੋਸ਼ ਤੇ ਉਤਸ਼ਾਹ ਨਾਲ ਮਨਾਇਆ।ਸਮਾਰੋਹ ਦੀ ਸ਼ੁਰੂਆਤ ਇੱਕ ਸ਼ੁਭ ਰਸਮ ਨਾਲ ਹੋਈ, ਜਿਸ ਵਿੱਚ ਮਾਣਯੋਗ ਪਤਵੰਤੇ ਸੱਜਣਾਂ, ਫੈਕਲਟੀ ਮੈਂਬਰਾਂ, ਵਿਦਿਆਰਥੀਆਂ ਤੇ ਮਾਪਿਆਂ ਨੇ ਸ਼ਿਰਕਤ ਕੀਤੀ।ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸ਼ਾਲਿਨੀ ਖੁੱਲਰ ਨੇ ਸਕੂਲ ਦੀ ਤਰੱਕੀ ਦੇ ਸਫ਼ਰ ਤੇ ਅਕਾਦਮਿਕ ਉੱਚ ਪੱਧਰੀ ਗੁਣਵੱਤਾ ਪ੍ਰਤੀ ਸਕੂਲ ਦੀ ਅਟੁੱਟ ਵਚਨਬੱਧਤਾ ਨੂੰ ਉਜਾਗਰ ਕਰਦੇ ਹੋਏ ਭਾਸ਼ਣ ਦਿੱਤਾ, ਜਿਸ ਵਿੱਚ ਮੈਨੇਜਮੈਂਟ ਦੀ ਭੂਮਿਕਾ ਤੇ ਬੱਚਿਆਂ ਦੁਆਰਾ ਖੇਡਾਂ ਤੇ ਪੜ੍ਹਾਈ ਵਿੱਚ ਯੋਗਦਾਨ ਪਾਉਣ ਬਾਰੇ ਦੱਸਿਆ।ਨਾਚ, ਸੰਗੀਤ ਤੇ ਨਾਟਕ ਸਮੇਤ ਬਹੁਤ ਸਾਰੀਆਂ ਸੱਭਿਆਚਾਰਕ ਪੇਸ਼ਕਾਰੀਆਂ ਨੇ ਦਰਸ਼ਕਾਂ ਨੂੰ ਮੋਹ ਲਿਆ ਅਤੇ ਸਕੂਲ ਦੇ ਵਿਦਿਆਰਥੀਆਂ ਦੀਆਂ ਵਿਭਿੰਨ ਪ੍ਰਤਿਭਾਵਾਂ ਦਾ ਪ੍ਰਦਰਸ਼ਨ ਕੀਤਾ।ਇਸ ਮੌਕੇ ਮੈਨੇਜਮੈਂਟ ਮੈਂਬਰ ਸ੍ਰੀ ਅਸ਼ਵਨੀ ਗਰਗ, ਚੇਅਰਮੈਨ ਐੱਸ ਵੀ ਜੀ ਓ ਆਈ, ਸ੍ਰੀ ਅਸ਼ੋਕ ਗਰਗ ਪ੍ਰੈਜ਼ੀਡੈਂਟ ਐਸ.ਵੀ.ਜੀ.ਓ.ਆਈ, ਸ੍ਰੀ ਵਿਸ਼ਾਲ ਗਰਗ (ਡਾਇਰੈਕਟਰ ਸਕੱਤਰ), ਸ੍ਰੀ ਅੰਕੁਰ ਗੁਪਤਾ (ਐੱਮ ਡੀ), ਸ੍ਰੀ ਸਾਹਿਲ ਗਰਗ (ਅਕਾਦਮਿਕ ਡਾਇਰੈਕਟਰ), ਸ੍ਰੀ ਸ਼ੁਭਮ ਗਰਗ (ਮੈਨੇਜਮੈਂਟ ਮੈਂਬਰ) ਹਾਜ਼ਰ ਸਨ।

ਚੇਅਰਮੈਨ ਸ੍ਰੀ ਅਸ਼ਵਨੀ ਗਰਗ ਤੇ ਪ੍ਰੈਜ਼ੀਡੈਂਟ ਸ੍ਰੀ ਅਸ਼ੋਕ ਗਰਗ ਨੇ ਸਕੂਲ ਦੀਆਂ ਪ੍ਰਾਪਤੀਆਂ ’ਤੇ ਪ੍ਰਿੰਸੀਪਲ, ਬੱਚੇ ਤੇ ਸਟਾਫ਼ ਨੂੰ ਵਧਾਈ ਦਿੱਤੀ ਅਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।ਸ੍ਰੀਮਤੀ ਸ਼ਾਲਿਨੀ ਖੁੱਲਰ ਪ੍ਰਿੰਸੀਪਲ ਨੇ ਸਾਰੇ ਮਾਪਿਆਂ, ਵਿਦਿਆਰਥੀਆਂ ਦਾ ਸਥਾਪਨਾ ਦਿਵਸ ’ਚ ਪਹੁਚੰਣ ’ਤੇ ਧੰਨਵਾਦ ਕੀਤਾ।

# ਭਾਜਪਾ ਕੇਜਰੀਵਾਲ ਦੀ ਤਾਕਤ ਤੋਂ ਡਰੀ ਹੋਈ : ਮੀਤ ਹੇਅਰ

**ਲਹਿਰਾਗਾਗਾ (ਪਵਨ)**
ਲੋਕ ਸਭਾ ਹਲਕਾ ਸੰਗਰੂਰ ਤੋਂ ‘ਆਪ’ ਉਮੀਦਵਾਰ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕਾਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਦੇਸ਼, ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਲਈ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਦਾ ਸੱਦਾ ਦਿੱਤਾ।ਉਨ੍ਹਾਂ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਤੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਆਜ਼ਾਦ ਭਾਰਤ ਦੇ ਇਤਿਹਾਸ ਦੇ ਕਾਲੇ ਦਿਨ ਵਜੋਂ ਜਾਣਿਆ ਜਾਵੇਗਾ। ਭਾਜਪਾ ‘ਆਪ’ ਤੋਂ ਡਰੀ ਹੋਈ ਹੈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਈ ਡੀ ਤੇ ਸੀਬੀਆਈ ਦੀ ਦੁਰਵਰਤੋਂ ਕਰਦਿਆਂ ‘ਆਪ’ ਦੀ ਸੀਨੀਅਰ ਲੀਡਰਸ਼ਿਪ ਨੂੰ ਡਰਾ ਧਮਕਾ ਕੇ ਜੇਲ੍ਹ ਵਿੱਚ ਸੁੱਟਿਆ ਜਾ ਰਿਹਾ ਹੈ, ਪਰ ਕੇਂਦਰ ਦੀ ਭਾਜਪਾ ਸਰਕਾਰ ਦੀ ਇਹ ਕਾਰਵਾਈ ਭਾਜਪਾ ਦੇ ਸਿਆਸੀ ਕਫ਼ਨ ਵਿੱਚ ਆਖਰੀ ਕਿੱਲ ਸਾਬਤ ਹੋਵੇਗੀ। ਵਿਰੋਧੀ ਪਾਰਟੀਆਂ ਕੋਲ ਕੋਈ ਏਜੰਡਾ ਜਾਂ ਮੁੱਦਾ ਨਹੀਂ, ਜਦੋਂ ਕਿ ਆਮ ਆਦਮੀ ਪਾਰਟੀ ਦੋ ਸਾਲਾਂ ਵਿੱਚ ਕੀਤੇ ਕੰਮਾਂ ਦੇ ਆਧਾਰ ਤੇ ਵੋਟਾਂ ਮੰਗੇਗੀ, ਸੂਬੇ ਅੰਦਰ ‘ਆਪ’ ਸਰਕਾਰ ਬਣਦੇ ਹੀ ਹਰ ਵਰਗ ਲਈ 600 ਯੂਨਿਟ ਬਿਜਲੀ ਮਾਫ਼ ਕਰਨਾ, ਸਿਹਤ ਤੇ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣਾ, ਟੋਲ ਪਲਾਜ਼ਾ ਬੰਦ ਕਰਨਾ, 40 ਹਜ਼ਾਰ ਤੋਂ ਵੱਧ ਬੇਰੁਜ਼ਗਾਰਾਂ ਨੂੰ ਸਰਕਾਰੀ ਨੌਕਰੀਆਂ ਦੇਣ ਤੋਂ ਇਲਾਵਾ ਪਿੰਡਾਂ ਅੰਦਰ ਵਿਕਾਸ ਕੰਮ ਕਰਾਉਣਾ ਸਰਕਾਰ ਦੇ ਇਤਿਹਾਸਕ ਕੰਮ ਹਨ, ਜਿਨ੍ਹਾਂ ਨੂੰ ਇਤਿਹਾਸ ਦੇ ਸੁਨਹਿਰੇ ਪੰਨਿਆਂ ’ਤੇ ਲਿਖਿਆ ਜਾਵੇਗਾ।‘ਆਪ’ ਵੱਲੋਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ ਸਾਰੀਆਂ ਸੀਟਾਂ ’ਤੇ ਇਤਿਹਾਸਕ ਜਿੱਤ ਪ੍ਰਾਪਤ ਕਰਨ ਲਈ ਚਲਾਏ ਮਿਸ਼ਨ 13-0 ਦੇ ਤਹਿਤ ਆਮ ਆਦਮੀ ਪਾਰਟੀ ਦੇ ਉਮੀਦਵਾਰ ਇਤਿਹਾਸਕ ਜਿੱਤ ਪ੍ਰਾਪਤ ਕਰਕੇ ਵਿਰੋਧੀਆਂ ਦਾ ਸਿਆਸੀ ਖਾਤਮਾ ਕਰਨਗੇ। ਭੱਠਲ ਕਾਲਜ ਦੇ ਮੁੱਦੇ ’ਤੇ ਉਨ੍ਹਾਂ ਕਿਹਾ ਕਿ ਚੋਣਾਂ ਤੋਂ ਬਾਅਦ ਮੁਲਾਜ਼ਮਾਂ ਦੇ ਮਸਲੇ ਨੂੰ ਹੱਲ ਕਰ ਦਿੱਤਾ ਜਾਵੇਗਾ।ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਨੇ ਗੁਰਮੀਤ ਸਿੰਘ ਮੀਤ ਹੇਅਰ ਦਾ ਨਿੱਘਾ ਸਵਾਗਤ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਲਹਿਰਾ ਹਲਕੇ ਵਿੱਚੋਂ ਇਤਿਹਾਸਕ ਵੋਟਾਂ ’ਤੇ ਲੀਡ ਦਿਵਾਉਣਗੇ।

**ਬਾਘਾ ਪੁਰਾਣਾ (ਮਨੀ ਸਿਰਸਲਾ)**- ਵਿਧਾਨ ਸਭਾ ਹਲਕਾ ਧਰਮਕੋਟ ਤੋਂ ਲਗਾਤਾਰ ਤਿੰਨ ਵਾਰ ਵਿਧਾਇਕ ਰਹੇ ਸ਼ੀਤਲ ਸਿੰਘ ਦੇ ਸਪੁੱਤਰ ਰਾਜਵਿੰਦਰ ਸਿੰਘ ਨੂੰ ਲੋਕ ਸਭਾ ਹਲਕਾ ਫਰੀਦਕੋਟ ਤੋਂ ਟਿਕਟ ਦੇਣ 'ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹਲਕਾ ਧਰਮਕੋਟ ਦੇ ਇੰਚਾਰਜ ਬਰਜਿੰਦਰ ਸਿੰਘ ਬਰਾੜ ਦਾ ਧੰਨਵਾਦ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਸੀਨੀਅਰ ਆਗੂ ਤ੍ਰਿਲੋਚਨ ਸਿੰਘ ਕਾਲੇਕੇ ਅਤੇ ਯੂਥ ਆਗੂ ਅਰਸ਼ਪ੍ਰੀਤ ਸਿੰਘ ਸਦਿਓੜਾ ਨੇ ਪਾਰਟੀ ਦੇ ਫੈਸਲੇ ਦਾ ਸੁਆਗਤ ਕਰਦਿਆਂ ਕਿਹਾ ਕਿ ਰਾਜਵਿੰਦਰ ਸਿੰਘ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਭੇਜਾਂਗੇ ਅਤੇ ਬਾਘਾ ਪੁਰਾਣਾ ਹਲਕੇ ਤੋਂ ਵੱਡੀ ਲੀਡ ਸ਼੍ਰੋਮਣੀ ਅਕਾਲੀ ਦਲ ਉਮੀਦਵਾਰ ਰਾਜਵਿੰਦਰ ਸਿੰਘ ਨੂੰ ਦਿਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਰਾਜਵਿੰਦਰ ਸਿੰਘ ਨੂੰ ਭਾਰੀ ਬਹੁਮਤ ਨਾਲ ਜਿਤਾਉਣ ਲਈ ਅੱਜ ਤੋਂ ਹੀ ਸਰਗਰਮੀਆਂ ਸ਼ੁਰੂ ਕਰ ਰਹੇ ਹਨ ਅਤੇ ਵੋਟਰਾਂ ਨਾਲ ਲਗਾਤਾਰ ਸੰਪਰਕ ਵਿਚ ਰਹਿਣਗੇ ਤਾਂ ਜੋ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਜਾਵੇ। ਇਸ ਪ੍ਰਤੀਨਿਧੀ ਨਾਲ ਗੱਲਬਾਤ ਕਰਦਿਆਂ ਤ੍ਰਿਲੋਚਨ ਸਿੰਘ ਕਾਲੇਕੇ ਅਤੇ ਯੂਥ ਆਗੂ ਅਰਸ਼ਪ੍ਰੀਤ ਸਿੰਘ ਸਦਿਓੜਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਬਹੁਤ ਹੀ ਵਧੀਆ ਫੈਸਲਾ ਲਿਆ ਕਿ ਲੋਕ ਸਭਾ ਹਲਕਾ ਫਰੀਦਕੋਟ ਤੋਂ ਇਕ ਨੌਜਵਾਨ ਚਿਹਰੇ ਨੂੰ ਟਿਕਟ ਦੇ ਨਾਲ ਨਿਵਾਜਿਆ ਹੈ। ਉਨ੍ਹਾਂ ਕਿਹਾ ਕਿ ਦੂਸਰੀਆਂ ਪਾਰਟੀਆਂ ਨੇ ਬਾਹਰਲੇ ਹਲਕਿਆਂ ਤੋਂ ਉਮੀਦਵਾਰ ਚੋਣ ਮੈਦਾਨ 'ਚ ਉਤਾਰੇ ਹਨ ਜਦੋਂ ਕਿ ਸ਼੍ਰੋਮਣੀ ਅਕਾਲੀ ਦਲ ਹੀ ਅਜਿਹੀ ਪਾਰਟੀ ਹੈ ਜਿਸ ਨੇ ਲੋਕ ਸਭਾ ਹਲਕਾ ਫਰੀਦਕੋਟ ਦੇ ਨਾਲ ਹੀ ਸਬੰਧਤ ਉਮੀਦਵਾਰ ਨੂੰ ਚੋਣ ਮੈਦਾਨ ਦੇ ਵਿਚ ਉਤਾਰਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਿਸਾਨ, ਮਜਦੂਰ, ਮੁਲਾਜ਼ਮ ਸਾਰੇ ਅੱਖੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੇ ਫੈਸਲਾ ਕਰ ਲਿਆ ਹੈ ਕਿ ਹੁਣ ਅਕਾਲੀ ਦਲ ਨਾਲ ਡਟ ਕੇ ਖੜ੍ਹੇ ਹੋਣਾ ਹੈ। ਅੰਤ ਵਿਚ ਉਕਤ ਆਗੂਆਂ ਨੇ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਅਗਵਾਈ ਵਿਚ ਘਰ ਘਰ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਅਤੇ ਕੀਤੇ ਹੋਏ ਵਿਕਾਸ ਬਾਰੇ ਜਾਣੂ ਕਰਵਾ ਕੇ ਲੋਕਾਂ ਅਕਾਲੀ ਦਲ ਦੇ ਹੱਕ ਵਿਚ ਆਪਣੀ ਵੋਟ ਪਾਉਣ ਲਈ ਪ੍ਰੇਰਿਆ ਜਾਵੇਗਾ। ਇਸ ਮੌਕੇ ਪਾਰਟੀ ਆਗੂ ਅਤੇ ਹੋਰ ਵੀ ਵਰਕਰ ਹਾਜ਼ਰ ਸਨ।

# ਭਾਵਾਧਸ ਨੇ ਡਾ. ਅੰਬੇਡਕਰ ਦਾ ਜਨਮ ਦਿਨ ਮਨਾਇਆ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)** ਬੀਤੇ 14 ਅਪ੍ਰੈਲ ਨੂੰ ਭਾਰਤੀ ਵਾਲਮੀਕੀ ਧਰਮ ਸਮਾਜ ਭਾਵਾਧਸ ਜ਼ਿਲ੍ਹਾ ਸੰਗਠਨ ਫਰੀਦਕੋਟ ਦੀ ਸਮੁੱਚੀ ਟੀਮ ਵੱਲੋਂ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਨ ਸ਼ਰਧਾ ਪੂਰਵਕ ਵੀਰ ਕਿਸ਼ੋਰ ਨਾਗਵੰਸ਼, ਜ਼ਿਲ੍ਹਾ ਪ੍ਰਧਾਨ ਭਾਵਾਧਸ, ਡਾ. ਜਿਤੇਂਦਰ ਕੁਮਾਰ ਹੰਸਾ, ਜ਼ਿਲ੍ਹਾ ਜਨਰਲ ਸੈਕ੍ਰੇਟਰੀ ਭਾਵਾਧਸ ਫਰੀਦਕੋਟ ਦੀ ਯੋਗ ਅਗਵਾਈ 'ਚ ਕੇਕ ਕੱਟ ਕੇ ਮਨਾਇਆ ਗਿਆ।ਇਸ ਸਮਾਗਮ ਵਿੱਚ ਓਮ ਪ੍ਰਕਾਸ਼ ਬੋਹਤ ਆਲ ਇੰਡੀਆ ਜਨਰਲ ਸਕੱਤਰ ਭਾਰਤੀ ਵਾਲਮੀਕੀ ਧਰਮ ਸਮਾਜ ਭਾਵਾਧਸ ਬਤੌਰ ਮੁੱਖ ਮਹਿਮਾਨ ਸ਼ਾਮਲ ਹੋ ਕੇ ਰਿਬਨ ਕੱਟਣ ਦੀ ਰਸਮ ਅਦਾ ਕੀਤੀ।ਇਸ ਮੌਕੇ ਓਮ ਪ੍ਰਕਾਸ਼ ਬੋਹਤ ਨੇ ਕਿਹਾ ਕਿ ਅੱਜ ਸਾਰਿਆਂ ਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਲੋੜ ਹੈ ਤੇ ਆਪਣੇ ਜੀਵਨ ਨੂੰ ਪੜ੍ਹ ਲਿਖ ਕੇ ਕਾਮਯਾਬ ਕਰਨ ਦੀ ਸਾਰਿਆਂ ਨੂੰ ਅਪੀਲ ਕੀਤੀ। ਇਸ ਮੌਕੇ ਵੀਰ ਕਿਸ਼ੋਰ ਨਾਗਵੰਸ਼ ਨੇ ਆਏ ਹੋਏ ਸਾਰੇ ਟੀਮ ਦੇ ਮੈਂਬਰ ਤੇ ਅਹੁਦੇਦਾਰ ਸਾਹਿਬਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।ਡਾ. ਜਿਤੇਂਦਰ ਕੁਮਾਰ ਹੰਸਾ ਜ਼ਿਲ੍ਹਾ ਜਨਰਲ ਸਕੱਤਰ ਭਾਵਾਧਸ ਫਰੀਦਕੋਟ ਨੇ ਦੱਸਿਆ ਕਿ ਇਸ ਮੌਕੇ ਭਾਵਾਧਸ ਦੀ ਸਮੁੱਚੀ ਟੀਮ ਨੇ ਓਮ ਪ੍ਰਕਾਸ਼ ਬੋਹਤ ਆਲ ਇੰਡੀਆ, ਜਨਰਲ ਸਕੱਤਰ ਭਾਵਾਧਸ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।ਉਨ੍ਹਾਂ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ 'ਤੇ ਪੜ੍ਹ ਲਿਖ ਕੇ ਆਪਣਾ ਜੀਵਨ ਸਫਲ ਬਣਾਉਣ ਦੀ ਅਪੀਲ ਕੀਤੀ।ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਵੀ ਰੁਚੀ ਰੱਖਣ ਦੀ ਅਪੀਲ ਕੀਤੀ।ਇਸ ਸਮਾਗਮ ਵਿੱਚ ਓਮ ਪ੍ਰਕਾਸ਼ ਬੋਹਤ, ਕਿਸ਼ੋਰ ਨਾਗਵੰਸ਼, ਡਾ. ਜਿਤੇਂਦਰ ਕੁਮਾਰ ਹੰਸਾ, ਮਿੰਟੂ ਗਾਂਧੀ, ਟੀਨੂ, ਡਾਕਟਰ ਜਗਰੂਪ ਦਾਸ, ਵਿਨੋ ਤੰਬੋਲੀ, ਵਿੰਦਰ, ਬਲਦੇਵ, ਵਿਸ਼ਾਲ ਡੀਕਾਓ, ਰਜਿੰਦਰ, ਅਸ਼ੋਕ ਐੱਮ ਸੀ, ਕਾਲਾ, ਜਸਵੰਤ ਸਿੰਘ, ਜਸਵਿੰਦਰ ਸਿੰਘ, ਰੋਸ਼ਨ, ਰਾਜੂ ਰਾਜਪੂਤ, ਧੰਨਾ ਸਮੇਤ ਸਮੂਹ ਭਾਵਾਧਸ ਟੀਮ, ਜ਼ਿਲ੍ਹਾ ਸੰਗਠਨ ਫਰੀਦਕੋਟ ਹਾਜ਼ਰ ਸਨ।

# ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕਰਨ ਦੀ ਮੰਗ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22 ਬੀ, ਚੰਡੀਗੜ੍ਹ ਦੇ ਸੂਬਾਈ ਵਰਕਿੰਗ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਤੇ ਅਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਪੰਜਾਬ ਦੇ ਮੁੱਖ ਸਕੱਤਰ ਸ੍ਰੀ ਅਨੁਰਾਗ ਵਰਮਾ ਦੇ ਨਾਂਅ ਇੱਕ ਪੱਤਰ ਲਿਖ ਕੇ ਧਿਆਨ ਵਿੱਚ ਲਿਆਂਦਾ ਹੈ ਕਿ ਪੰਜਾਬ ਦੇ ਵੱਖ-ਵੱਖ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿੱਚ ਕੰਮ ਕਰਦੇ ਲੱਖਾਂ ਮੁਲਾਜ਼ਮਾਂ ਅਤੇ ਸੇਵਾਮੁਕਤ ਹੋਏ ਪੈਨਸ਼ਨਰਾਂ ਦੀਆਂ ਬਹੁਤ ਸਾਰੀਆਂ ਮੰਗਾਂ ਲਮਕ ਅਵਸਥਾ ਵਿੱਚ ਪਈਆਂ ਹੋਈਆਂ ਹਨ।ਲੋਕ ਸਭਾ ਚੋਣਾਂ ਲਈ ਚੋਣ ਜਾਬਤਾ ਲੱਗ ਜਾਣ ਕਰਕੇ ਪੰਜਾਬ ਸਰਕਾਰ ਨੇ ਇਨ੍ਹਾਂ ਸਾਰੀਆਂ ਮੰਗਾਂ ਨੂੰ ਲਾਗੂ ਕਰਨ ਸਬੰਧੀ ਪੂਰੀ ਤਰ੍ਹਾਂ ਚੁੱਪ ਵੱਟ ਕੇ ਰੱਖੀ ਹੋਈ ਹੈ ਤੇ ਇਹ ਸਾਰੀਆਂ ਮੰਗਾਂ ਚੋਣ ਜ਼ਾਬਤੇ ਦੀ ਆੜ ਵਿੱਚ ਖੂਹ ਖਾਤੇ ਪਾ ਦਿੱਤੀਆਂ ਹਨ, ਜਿਵੇਂ ਕਿ 1 ਜਨਵਰੀ 2004 ਤੋਂ ਬਾਅਦ ਪੰਜਾਬ ਦੇ ਵੱਖ-ਵੱਖ ਵਿਭਾਗਾਂ ਵਿੱਚ ਭਰਤੀ ਦੋ ਲੱਖ ਤੋਂ ਵਧੇਰੇ ਮੁਲਾਜ਼ਮ ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਬਹਾਲ ਕਰਨ ਬਾਰੇ ਪੰਜਾਬ ਮੰਤਰੀ ਮੰਡਲ ਦੀ ਪ੍ਰਵਾਨਗੀ ਮਿਲਣ ਦੇ ਬਾਵਜੂਦ ਅਜੇ ਤੱਕ ਇਨ੍ਹਾਂ ਮੁਲਾਜ਼ਮਾਂ ਦੇ ਜੀ ਪੀ ਐੱਫ ਖਾਤੇ ਖੋਲ੍ਹਣ ਵਿੱਚ ਵੀ ਨਾਕਾਮ ਰਹੀ ਹੈ, ਇਸ ਕਰਕੇ ਜੀ ਪੀ ਐਫ ਖਾਤੇ ਤੁਰੰਤ ਖੋਲ੍ਹੇ ਜਾਣ, ਵੱਖ-ਵੱਖ ਵਿਭਾਗਾਂ ਦੇ ਹਜ਼ਾਰਾਂ ਕੱਚੇ, ਠੇਕਾ ਅਧਾਰਤ ਅਤੇ ਆਊਟ ਸੋਰਸ ਮੁਲਾਜ਼ਮ ਰੈਗੂਲਰ ਹੋਣ ਤੇ ਆਪਣਾ ਹੋ ਰਿਹਾ ਆਰਥਿਕ ਸੋਸ਼ਣ ਤੁਰੰਤ ਖਤਮ ਕੀਤਾ ਜਾਵੇ, ਆਸ਼ਾ ਵਰਕਰ, ਮਿਡ ਡੇਅ ਮੀਲ ਵਰਕਰ, ਆਂਗਣਵਾੜੀ ਵਰਕਰਾਂ ਦਾ ਆਰਥਿਕ ਸ਼ੋਸ਼ਣ ਤੁਰੰਤ ਬੰਦ ਕਰਕੇ ਇਨ੍ਹਾਂ ਵਰਕਰਾਂ ਨੂੰ ਵੀ ਤੁਰੰਤ ਇਨਸਾਫ਼ ਦਿੱਤਾ ਜਾਵੇ, ਪੰਜਾਬ ਦੇ ਲੱਖਾ ਮੁਲਾਜ਼ਮ ਤੇ ਪੈਨਸ਼ਨਰ ਇਸ ਸਮੇਂ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਨਾਲੋਂ 12 ਫੀਸਦੀ ਡੀ ਏ ਘੱਟ ਲੈ ਰਹੇ ਹਨ।ਕੇਂਦਰ ਤੇ ਹੋਰ ਵੱਖ-ਵੱਖ ਰਾਜਾਂ ਦੇ ਮੁਲਾਜ਼ਮ ਇਸ ਸਮੇਂ 50 ਫ਼ੀਸਦੀ ਮਹਿੰਗਾਈ ਭੱਤਾ ਲੈ ਰਹੇ ਹਨ, ਜਦਕਿ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਇਸ ਸਮੇਂ ਸਿਰਫ਼ 38 ਫ਼ੀਸਦੀ ਡੀ ਏ ਹੀ ਮਿਲ ਰਿਹਾ ਹੈ, ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਜਨਵਰੀ 2016 ਤੋਂ ਬਾਅਦ ਸਾਢੇ ਪੰਜ ਸਾਲਾਂ ਦਾ ਸੋਧੀਆਂ ਤਨਖਾਹਾਂ ਅਤੇ ਸੋਧੀਆਂ ਪੈਨਸ਼ਨਾਂ ਦਾ ਬਣਦਾ ਬਕਾਇਆ ਪੰਜਾਬ ਸਰਕਾਰ ਵੱਲ ਖੜਾ ਹੈ, ਜੋ ਅਦਾ ਨਹੀਂ ਕੀਤਾ ਜਾ ਰਿਹਾ ਤੇ ਇਹ ਬਕਾਇਆ ਮਿਲਣ ਦੀ ਉਡੀਕ ਕਰਦੇ ਕਈ ਪੈਨਸ਼ਨਰ ਹੁਣ ਤੱਕ ਰੱਬ ਨੂੰ ਪਿਆਰੇ ਹੋ ਗਏ ਹਨ, ਪੰਜਾਬ ਦੇ ਛੇਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਪੈਨਸ਼ਨਰ ਸੋਧ ਗੁਣਾਂਕ 2.59 ਲਾਗੂ ਕੀਤਾ ਜਾਵੇ, ਪਰਖ ਕਾਲ ਦੇ ਸਮੇਂ ਦੌਰਾਨ ਘੱਟ ਤਨਖਾਹਾਂ ਦੇਣ ਸਬੰਧੀ ਪੰਜਾਬ ਸਰਕਾਰ ਦੇ ਪ੍ਰਸੋਨਲ ਵਿਭਾਗ ਵੱਲੋਂ 15 ਜਨਵਰੀ 2015 ਨੂੰ ਜਾਰੀ ਪੱਤਰ ਨੂੰ ਰੱਦ ਕਰਨ ਸਬੰਧੀ ਮਾਨਯੋਗ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਫੈਸਲਾ ਤੁਰੰਤ ਲਾਗੂ ਕੀਤਾ ਜਾਵੇ, ਕੇਂਦਰੀ ਤਨਖਾਹ ਸਕੇਲਾਂ ਅਨੁਸਾਰ ਪੰਜਾਬ ਦੇ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਸਬੰਧੀ 17 ਜੁਲਾਈ 2020 ਦਾ ਪੱਤਰ ਤੁਰੰਤ ਰੱਦ ਕੀਤਾ ਜਾਵੇ। ਆਗੂਆਂ ਨੇ ਆਪਣੇ ਪੱਤਰ ਰਾਹੀਂ ਅਧਿਕਾਰੀ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਬਹੁਤ ਸਾਲ ਪਹਿਲਾਂ ਆਦੇਸ਼ ਦਿੱਤੇ ਸਨ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਪੈਂਡਿੰਗ ਮੰਗਾਂ ਤੇ ਚੋਣ ਜਾਬਤਾ ਲਾਗੂ ਨਹੀਂ ਹੁੰਦਾ।ਆਗੂਆਂ ਨੇ ਅਧਿਕਾਰੀ ਤੋਂ ਮੰਗ ਕੀਤੀ ਹੈ ਕਿ ਮੌਜੂਦਾ ਦੌਰ ਵਿੱਚ ਸਾਰੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਲਮਕ ਅਵਸਥਾ ਵਿੱਚ ਪਈਆਂ ਸਾਰੀਆਂ ਮੁੱਖ ਮੰਗਾਂ ਦਾ ਤੁਰੰਤ ਨਿਪਟਾਰਾ ਕਰਕੇ ਲਾਗੂ ਕੀਤੀਆਂ ਜਾਣ।

# ਉਪਭੋਗਤਾ ਅਧਿਕਾਰ ਸੰਗਠਨ ਨੇ ਸੰਮੇਲਨ ਕੀਤਾ





**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਉਪਭੋਗਤਾ ਅਧਿਕਾਰ ਸੰਗਠਨ ਵੱਲੋਂ ਇੱਕ ਸੰਮੇਲਨ ਪੰਜਾਬ ਪ੍ਰਧਾਨ ਪੰਕਜ ਸੂਦ ਦੀ ਅਗਵਾਈ ਹੇਠ ਰੱਖਿਆ ਗਿਆ, ਜਿਸ ਵਿੱਚ ਸੰਸਥਾ ਦੇ ਕੌਮੀ ਪ੍ਰਧਾਨ ਨਵੀਨ ਸ਼ਰਮਾ ਨੇ ਦਿੱਲੀ ਤੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸੰਸਥਾ ਵੱਲੋਂ ਗਤੀਵਿਧੀਆਂ ਨੂੰ ਦੇਖਦੇ ਹੋਏ ਅਜੀਤ ਵਰਮਾ ਐਡਵੋਕੇਟ ਨੂੰ ਸੰਸਥਾ ਦੇ ਲੀਗਲ ਸੈੱਲ ਦਾ ਪੰਜਾਬ ਪ੍ਰਧਾਨ ਤੇ ਆਸ਼ੀਸ਼ ਗਰੋਵਰ ਐਡੋਵਕੇਟ ਨੂੰ ਜ਼ਿਲਾ ਪ੍ਰਧਾਨ ਨਿਯੁਕਤ ਕੀਤਾ ਗਿਆ।ਇਸ ਮੌਕੇ ਅਜੀਤ ਵਰਮਾ ਐਡਵੋਕੇਟ ਤੇ ਆਸ਼ੀਸ਼ ਗਰੋਵਰ ਐਡੋਵਕੇਟ ਨੇ ਆਪਣੀ ਟੀਮ ਵਿੱਚ ਵਾਧਾ ਕਰਦੇ ਹੋਏ ਲਵੀਸ਼ ਅਰੋੜਾ ਐਡਵੋਕੇਟ ਚੰਡੀਗੜ੍ਹ ਨੂੰ ਉਪ ਪ੍ਰਧਾਨ ਪੰਜਾਬ, ਅਨਮੋਲ ਬਜਾਜ ਐਡਵੋਕੇਟ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ, ਤੇਜਿੰਦਰ ਕੁਮਾਰ ਐਡਵੋਕੇਟ ਇੰਚਾਰਜ ਨਿਹਾਲ ਸਿੰਘ ਵਾਲਾ, ਨਸੀਬ ਸਿੰਘ ਸਿੱਧੂ ਐਡਵੋਕੇਟ ਇੰਚਾਰਜ ਧਰਮਕੋਟ, ਪ੍ਰਵੀਨ ਕੁਮਾਰ ਮਿੱਤਲ ਐਡਵੋਕੇਟ ਇੰਚਾਰਜ ਮੋਗਾ, ਲਖਵਿੰਦਰ ਸਿੰਘ ਗਿੱਲ ਐਡਵੋਕੇਟ ਇੰਚਾਰਜ ਜ਼ੀਰਾ ਨਿਯੁਕਤ ਕੀਤਾ ਗਿਆ।ਇਸ ਮੌਕੇ ਅਜੀਤ ਵਰਮਾ ਐਡਵੋਕੇਟ ਤੇ ਆਸ਼ੀਸ਼ ਗਰੋਵਰ ਐਡੋਵਕੇਟ ਨੇ ਸੰਸਥਾ ਦੇ ਕੌਮੀ ਪ੍ਰਧਾਨ ਅਤੇ ਪੰਜਾਬ ਪ੍ਰਧਾਨ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਨ੍ਹਾਂ ਨੂੰ ਤੇ ਉਨ੍ਹਾਂ ਦੀ ਲੀਗਲ ਸੈੱਲ ਦੀ ਟੀਮ ਨੂੰ ਜੋ ਜ਼ਿੰਮੇਵਾਰੀ ਦਿੱਤੀ ਗਈ, ਉਸ ਨੂੰ ਸਭ ਮੈਂਬਰ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

## ਮੇਰਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸੰਬੰਧ ਨਹੀਂ : ਰਕੇਸ਼ ਗਰਗ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਰਕੇਸ਼ ਗਰਗ ਜੋ ਪਿਛਲੇ ਚਾਰ ਸਾਲਾਂ ਤੋਂ ਕੰਮ ਕਰ ਰਹੇ ਸਨ, ਉਨ੍ਹਾਂ ਹੁਣ ਆਪਣੇ ਇਸ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਮੌਕੇ ਰਕੇਸ਼ ਗਰਗ ਨੇ ਕਿਹਾ ਕਿ ਉਨ੍ਹਾਂ ਦਾ ਭਾਜਪਾ ਜਾਂ ਕਿਸੇ ਹੋਰ ਸਿਆਸੀ ਪਾਰਟੀ ਨਾਲ ਕੋਈ ਸੰਬੰਧ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ ਪਿਛਲੇ ਕਈ ਸਾਲਾਂ ਤੋਂ ਸਮਾਜ ਸੇਵਾ ਦੇ ਕੰਮਾਂ ਵਿੱਚ ਯੋਗਦਾਨ ਪਾ ਰਹੇ ਸਨ, ਜੋ ਹੁਣ ਸਿਰਫ ਸਮਾਜ ਸੇਵੀ ਦੇ ਕੰਮਾਂ ਵਿੱਚ ਹੀ ਯੋਗਦਾਨ ਪਾਉਣਗੇ। ਉਨ੍ਹਾਂ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਵੀ ਸੰਬੰਧ ਨਹੀਂ।

# ਹੋਲੀ ਹਾਰਟ ਸਕੂਲ 'ਚ ਡਾ. ਅੰਬੇਡਕਰ ਜੈਅੰਤੀ ਧੂਮਧਾਮ ਨਾਲ ਮਨਾਈ



**ਅਜੀਤਵਾਲ (ਨਛੱਤਰ ਸੰਧੂ)**- ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਡਾਕਟਰ ਭੀਮ ਰਾਓ ਅੰਬੇਡਕਰ ਨੇ ਆਪਣਾ ਸਾਰਾ ਜੀਵਨ ਦੱਬੇ ਕੁਚਲੇ, ਔਰਤਾਂ ਤੇ ਮਜ਼ਦੂਰਾਂ ਨੂੰ ਸਮਰਪਤ ਕੀਤਾ।ਉਨ੍ਹਾ ਦਾ ਜਨਮ 14 ਅਪ੍ਰੈਲ 1891 ਵਿੱਚ ਹੋਇਆ। ਡਾਕਟਰ ਅੰਬੇਦਕਰ ਦੇ ਪਿਤਾ ਸੂਬੇਦਾਰ ਰਾਮ ਜੀ ਮਾਲੋਜੀ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚ ਨੌਕਰੀ ਕਰਦੇ ਸਨ ।ਮਾਤਾ ਭੀਮਾ ਬਾਈ ਬੜੀ ਨੇਕ ਔਰਤ ਸੀ। ਅਛੂਤ ਹੋਣ ਕਾਰਨ ਅੰਬੇਡਕਰ ਨੂੰ ਬਾਕੀ ਵਿਦਿਆਰਥੀਆਂ ਨਾਲੋਂ ਅਲੱਗ ਬਿਠਾਇਆ ਜਾਂਦਾ ਸੀ।ਕ੍ਰਿਕਟ ਦਾ ਸ਼ੌਕ ਹੋਣ ਦੇ ਬਾਵਜੂਦ ਉਨ੍ਹਾ ਨੂੰ ਦੂਜੇ ਵਿਦਿਆਰਥੀਆਂ ਨਾਲ ਖੇਡਣ ਦੀ ਆਗਿਆ ਨਹੀਂ ਸੀ।ਘਰ ਦੀ ਹਾਲਤ ਠੀਕ ਨਾ ਹੋਣ ਦੇ ਬਾਵਜੂਦ ਉਨ੍ਹਾ ਨੇ ਮੁੰਬਈ ਕਾਲਜ ਵਿਚ ਬੀ ਏ ਪਾਸ ਕਰ ਲਈ। ਬੜੌਦਾ ਸਿਆਸਤ ਦੇ ਮਹਾਰਾਜਾ ਨੇ 1913 ਵਿੱਚ ਕੁਝ ਲੜਕੀਆਂ ਨੂੰ ਉੱਚੀ ਵਿਦਿਆ ਹਾਸਲ ਕਰ ਲਈ ਅਮਰੀਕਾ ਭੇਜਿਆ ਜਿੰਨਾ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਵੀ ਸਨ। ਇਸ ਮੌਕੇ ਸਕੂਲ ਦੇ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ, ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਅਤੇ ਸਾਰਾ ਸਟਾਫ ਹਾਜ਼ਰ ਸੀ।

# ਸੱਟਾਂ ਮਾਰਨ ਦੇ ਦੋਸ਼ 'ਚ 4 ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਦੇ ਅਧੀਨ ਆਉਂਦੇ ਦਸਤੂਰ ਸਾਹਿਬ ਵਾਲਾ ਦਾਖਲੀ ਡੂੰਮਣੀ ਵਾਲਾ ਵਿਖੇ ਵਿਅਕਤੀ ਨੂੰ ਹਥਿਆਰਾਂ ਨਾਲ ਸੱਟਾਂ ਮਾਰ ਕੇ ਜ਼ਖਮੀਂ ਕਰਨ ਦੇ ਦੋਸ਼ ਵਿੱਚ ਪੁਲਸ ਨੇ 4 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਮਨਜੀਤ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਪਿੰਡ ਫੱਤੂਵਾਲਾ ਨੇ ਦੱਸਿਆ ਕਿ 8 ਅਪ੍ਰੈਲ 2024 ਨੂੰ ਕਰੀਬ 9 ਵਜੇ ਰਾਤ ਉਹ ਆਪਣੀ ਕੰਬਾਇਨ ਦੇ ਡਰਾਈਵਰ ਪ੍ਰੇਮ ਨੂੰ ਉਸ ਦੇ ਪਿੰਡ ਦਸਤੂਰ ਸਾਹਿਬ ਦਾਖਲੀ ਪਿੰਡ ਡੂੰਮਣੀ ਵਾਲਾ ਵਿਖੇ ਦੋਸਤ ਬਲਕਾਰ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਝੋਕ ਹਰੀਹਰ ਦੇ ਨਾਲ ਉਸ ਦੀ ਕਾਰ ਰਿਟਜ਼ ਨੰਬਰ ਪੀਬੀ 05 ਏਐੱਮ 8166 'ਤੇ ਛੱਡਣ ਲਈ ਆਏ ਸੀ। ਜਦ ਉਹ ਪ੍ਰੇਮ ਦੇ ਘਰ ਪਾਸ ਪੁੱਜੇ ਤਾਂ ਦੋਸ਼ੀਆਨ ਬਿੱਲਾ ਪੁੱਤਰ ਮੰਗਲ, ਜਗਰੂਪ ਉਰਫ ਅਰਸ਼ ਪੁੱਤਰ ਮੰਗਲ, ਗਗਨ ਉਰਫ ਲਾਡੀ ਪੁੱਤਰ ਬੁੱਧ ਰਾਮ ਤੇ ਜਸਵਿੰਦਰ ਕੌਰ ਵਿਧਵਾ ਮੰਗਲ ਵਾਸੀਅਨ ਦਸਤੂਰ ਸਾਹਿਬ ਵਾਲੀ ਦਾਖਲੀ ਡੂੰਮਣੀ ਵਾਲਾ, ਜੋ ਮੁੱਸਲਾ ਕਾਪਾ, ਕਿਰਪਾਨ, ਬੇਸਬਾਲ ਆਦਿ ਨੇ ਉਸ ਉੱਪਰ ਜਾਨੋਂ ਮਾਰ ਦੇਣ ਦੀ ਨੀਅਤ ਨਾਲ ਸੱਟਾਂ ਮਾਰੀਆਂ। ਮਨਜੀਤ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ।

AXIS BANK

ਰਿਟੇਲ ਐੱਸਟਸ ਸੈਂਟਰ : ਐਕਸਿਸ ਬੈਂਕ ਲਿਮਟਿਡ, : ਦੂਜੀ ਤੇ ਤੀਜੀ ਮੰਜ਼ਲ, ਜਾਇਦਾਦ ਨੰ: 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001.
ਰੀਟੇਲ ਐਸਟਸ ਸੈਂਟਰ : ਐਕਸਿਸ ਬੈਂਕ ਲਿਮ: ਤੀਜੀ ਮੰਜ਼ਲ, ਐੱਸ ਸੀ ਓ 367-368, ਅਕਾਸ਼ ਇੰਸਟੀਚਿਊਟ ਸੈਕਟਰ 34 ਏ, ਚੰਡੀਗੜ੍ਹ 160022,
ਕਾਰਪੋਰੇਟ ਦਫਤਰ : ਤੀਜੀ ਮੰਜ਼ਲ, ਬਲਾਕ-ਬੀ, ਬੰਬੇ ਡਾਇੰਗ ਮਿੱਲਜ਼ ਕੰਪਾਊਂਡ, ਪਾਂਡੂਰੰਗ ਬੁਧਕਰ ਮਾਰਗ, ਵਰਲੀ, ਮੁੰਬਈ-400025
ਰਜਿਸਟਰਡ ਦਫਤਰ : 'ਤ੍ਰਿਸ਼ੂਲ', ਤੀਜੀ ਮੰਜ਼ਲ, ਸਾਹਮਣੇ ਸਮਰਥੇਸ਼ਵਰ ਮੰਦਰ, ਲਾਅ ਗਾਰਡਨ, ਐਲਿਸਬ੍ਰਿਜ ਅਹਿਮਦਾਬਾਦ-380006

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਸ ਦਾ ਪਤਾ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਖੜ੍ਹੀ ਰਕਮ | ਕਰਜ਼ੇ ਦੀ ਰਕਮ | ਸਕਿਉਰਡ ਐਸਟਸ ਦਾ ਜਾਇਦਾਦੀ ਪਤਾ |
|---|---|---|---|---|---|---|
| 1. ਮੈਸ: ਐੱਸ ਡੀ ਟ੍ਰੇਡਰਜ਼ (ਰਾਹੀਂ ਇਸ ਦੇ ਮਾਲਕ) ਫੋਕਲ ਪੁਆਇੰਟ, ਤਾਰਾਗੜ੍ਹ, ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ-143534 | 2. ਸਾਹਿਬ ਦਿਆਲ ਸੈਣੀ ਪੁੱਤਰ ਗੁਰਪ੍ਰੇਮ ਸਰੂਪ (ਮਾਲਕ) ਪਿੰਡ ਪੱਖੋ ਚੱਕ, ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ-143534 (3) ਵੀਨਾ ਦੇਵੀ ਪਤਨੀ ਸਾਹਿਬ ਦਿਆਲ (ਗਰੰਟਰ) ਪਿੰਡ ਪੱਖੋ ਚੱਕ, ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ-143534 | 28 ਫਰਵਰੀ 2024 | 26 ਮਾਰਚ 2024 | ਰੁਪਏ 82,61,698/- (ਬਿਆਸੀ ਲੱਖ ਇਕਾਹਠ ਹਜ਼ਾਰ ਛੇ ਸੌ ਅਠਾਨਵੇਂ ਰੁਪਏ ਕੇਵਲ) | ਰੁਪਏ 66,79,000/- (ਛਿਆਹਠ ਲੱਖ ਉਨਾਸੀ ਹਜ਼ਾਰ ਰੁਪਏ ਕੇਵਲ) | ਬੈਨਾਮਾ ਨੰ. 3561, ਮਿਤੀ 23.08.2012 ਅਨੁਸਾਰ ਵੀਨਾ ਦੇਵੀ ਪਤਨੀ ਸਾਹਿਬ ਦਿਆਲ ਦੇ ਨਾਂਅ 'ਤੇ ਜਾਇਦਾਦ/ਪਲਾਟ ਰਕਬਾ 01 ਕਨਾਲ -18 ਮਰਲੇ, ਖਸਰਾ 10 ਕਿਲਾ 1/2 (3-14), ਖਸਰਾ 4 ਕਿਲਾ 21 (6-7) ਪਿੰਡ ਪੱਖੋ ਚੱਕ, ਤਹਿਸੀਲ ਤੇ ਜ਼ਿਲ੍ਹਾ ਪਠਾਨਕੋਟ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਹੋਰਨਾਂ ਦੀ ਜਾਇਦਾਦ, ਉੱਤਰ : ਹੋਰਨਾਂ ਦੀ ਜਾਇਦਾਦ, ਦੱਖਣ : ਹੋਰਨਾਂ ਦੀ ਜਾਇਦਾਦ। |

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਰਹਿਣਕਾਰਾਂ ਦੇ ਸਕਿਉਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ। ਕ੍ਰਿਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਰ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕੋਈ ਸਕਿਉਰਡ ਐੱਸਟਸ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 17.04.2024 , ਸਥਾਨ : ਪੰਜਾਬ   ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਐੱਸ ਐੱਸ ਪੀ ਦੀਪਕ ਪਾਰਿਕ ਤੇ ਡਾ. ਵਿਵੇਕ ਜਿੰਦਲ ਸਨਮਾਨਤ



**ਭੀਖੀ (ਧਰਮਵੀਰ ਸ਼ਰਮਾ)**-ਸ਼੍ਰੀ ਸਨਾਤਨ ਧਰਮ ਪੰਜਾਬ ਮਹਾਂਵੀਰ ਦਲ ਹੈੱਡ ਆਫਿਸ ਮਾਇਸਰ ਖਾਨਾ ਵਿਖੇ ਲੱਗੇ ਛਿਮਾਹੀ ਮੇਲੇ ਮੌਕੇ ਮਾਤਾ ਜੀ ਦੀ ਛੱਟ ਪੂਜਾ ਦੀ ਰਸਮ ਪ੍ਰਧਾਨ ਪਵਨ ਬਾਂਸਲ, ਸਕੱਤਰ ਮਹਿੰਦਰਪਾਲ ਮੌਜੀ, ਦਿਲ ਦੀਆਂ ਬਿਮਾਰੀਆਂ ਦੇ ਮਾਹਰ ਡਾ. ਵਿਵੇਕ ਜਿੰਦਲ ਡੀ ਐੱਮ ਕਾਰਡੀਓਲੋਜੀ ਤੇ ਡਾ. ਮਮਤਾ ਜਿੰਦਲ ਡੀ ਐੱਮ ਨੇ ਵਿਧੀਪੂਰਵਕ ਨਿਭਾਈ, ਜਿਸ ਨੂੰ ਮੁੱਖ ਪੁਜਾਰੀ ਪੰਡਤ ਰਾਜਬੀਰ ਸਾਸ਼ਤਰੀ ਨੇ ਸੰਪੰਨ ਕਰਵਾਇਆ।ਇਸ ਮੌਕੇ ਪੰਡਤ ਰਾਜਬੀਰ ਸ਼ਾਸਤਰੀ ਨੇ ਕਿਹਾ ਕਿ ਸਨਾਤਨ ਧਰਮ ਵਿੱਚ ਜਿੱਥੇ ਨਵਰਾਤਿਆਂ ਦੀ ਵਿਸ਼ੇਸ਼ ਪੂਜਾ ਹੁਦੀ ਹੈ, ਉੱਥੇ ਇਸ ਮੰਦਰ ਵਿਖੇ ਛੱਟ ਪੂਜਾ ਦਾ ਵਿਸ਼ੇਸ਼ ਮੱਹਤਵ ਹੈ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਵੀ ਮੰਦਰ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਐੱਸ ਐੱਸ ਪੀ ਦੀਪਕ ਪਾਰਿਕ ਤੇ ਡਾ. ਵਿਵੇਕ ਜਿੰਦਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦਰਬਾਰ ਵਿੱਚ ਆ ਕੇ ਦਿਲੀ ਸਕੂਨ ਮਿਲਿਆ ਹੈ ਤੇ ਉਹ ਮੰਦਰ ਕਮੇਟੀ ਨੂੰ ਆਪਣਾ ਬਣਦਾ ਸਹਿਯੋਗ ਸਦਾ ਦਿੰਦੇ ਰਹਿਣਗੇ।ਇਸ ਮੌਕੇ ਮੰਦਰ ਕਮੇਟੀ ਵੱਲੋਂ ਆਏ ਮਹਿਮਾਨਾਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਮੰਦਰ ਕਮੇਟੀ ਦੇ ਪ੍ਰਧਾਨ ਪਵਨ ਬਾਂਸਲ ਤੇ ਦਫਤਰ ਸਕੱਤਰ ਰਾਜਿੰਦਰ ਰਾਜੀ ਨੇ ਮੇਲਾ ਵਧੀਆ ਢੰਗ ਨਾਲ ਸੰਪੂਰਨ ਹੋਣ 'ਤੇ ਸਮੂਹ ਲੋਕਾਂ ਨੂੰ ਵਧਾਈ ਦਿੱਤੀ।ਇਸ ਮੌਕੇ ਜ਼ਿਲ੍ਹਾ ਕੈਪਟਨ ਕੇਵਲ ਕ੍ਰਿਸ਼ਨ ਹੈਪੀ, ਕੈਸ਼ੀਅਰ ਅਮਰਜੀਤ ਗਿਰੀ, ਜੋਗਿੰਦਰਪਾਲ ਜੋਗੀ, ਸੂਰਜ ਭਾਨ ਬਠਿੰਡਾ, ਭੀਮ ਸੈਨ, ਰਜਨੀਸ਼ ਹੈਪੀ ਬਠਿੰਡਾ, ਲਛਮਣ ਸਿੰਘ ਕੰਗ, ਹੀਰਾ ਲਾਲ ਮੁਕਤਸਰ, ਸੁਰੇਸ਼ ਕੁਮਾਰ ਗੋਨਿਆਣਾ ਤੇ ਮੈਨੇਜਰ ਪ੍ਰਵੀਨ ਸ਼ਰਮਾ ਹਾਜ਼ਰ ਸਨ।

## ਗ੍ਰੀਸ਼ਮਕਾਲੀਨ ਵਿਸ਼ੇਸ਼ ਰੇਲਗੱਡੀਆਂ-2024 ਦੀ ਗਿਣਤੀ ਵਿਚ ਵਾਧਾ

ਪਹਿਲਾ ਘੋਸ਼ਿਤ ਗ੍ਰੀਸ਼ਮਕਾਲੀਨ ਸਪੈਸ਼ਲ ਸੇਵਾਵਾਂ ਦੇ ਨਾਲ-ਨਾਲ ਹੇਠਾ ਲਿਖੀ ਅਤਿਰਿਕਤ ਗ੍ਰੀਸ਼ਮਕਾਲੀਨ ਰੇਲ ਸੇਵਾਵਾਂ ਵੀ ਹੇਠਾਨੁਸਾਰ ਸੰਚਾਲਿਤ ਕੀਤੀ ਜਾਵੇਗੀ :-

**05656/05655 ਗੁਵਾਹਟੀ - ਜੰਮੂ ਤਵੀ - ਗੁਵਾਹਾਟੀ ਗ੍ਰੀਸ਼ਮਕਾਲੀਨ ਵਿਸ਼ੇਸ਼ ਰੇਲਗੱਡੀ — 18 ਫੇਰੇ**

| ਰੇਲਗੱਡੀ ਨੰ: 05656 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 05655 ਆਉਣਾ | ਜਾਣਾ |
|---|---|---|---|---|
| ---- | 20:30 | ਗੁਵਾਹਾਟੀ | 13:20 | ---- |
| 17:35 | ---- | ਜੰਮੂ ਤਵੀ | ---- | 10:00 |

ਚਲਨ ਦੇ ਦਿਨ : 05656 ਗੁਵਾਹਾਟੀ ਤੋਂ ਹਰੇਕ ਸੋਮਵਾਰ ਮਿਤੀ 06.05.2024 ਤੋਂ 01.07.2024 ਤਕ ਅਤੇ 05655 ਜੰਮੂ ਤਵੀ ਤੋਂ ਹਰੇਕ ਵੀਰਵਾਰ ਮਿਤੀ 09.05.2024 ਤੋਂ 04.07.2024 ਤਕ।
ਠਹਿਰਾਵ : ਕਾਮਖਯਾ ਜੰ:, ਰੰਗਿਯਾ ਜੰ:, ਬਰਪੇਟਾਰੋਡ, ਨਯੂ ਬੰਗਾਈ ਗਾਂਵ ਜੰ:, ਕੋਕਰਾਝਾਰ, ਨੂਯ ਕੋਚਬਿਹਾਰ, ਨਯੂ ਜਲਪਾਈਗੁਡੀ, ਕਿਸ਼ਨਗੰਜ, ਕਟਿਹਾਰ ਜੰ:, ਨਵਗਛਿਯਾ, ਖਗੜਿਯਾ ਜੰ:, ਬੇਗੁਸਰਾਯ, ਬਰੋਨੀ ਜੰ:, ਸ਼ਾਹਜਪੁਰ ਪਟੋਰੀ, ਦੇਸਰੀ, ਹਾਜੀਪੁਰ ਜੰ:, ਸੋਨਪੁਰ ਜੰ:, ਸਿਵਾਨ ਜੰ:, ਭਟਨੀ ਜੰ:, ਦੇਵਰਿਯਾ ਸਦਰ, ਗੋਰਖਪੁਰ ਜੰ:, ਗੋਂਡਾ ਜੰ:, ਲਖਨਊ ਐਨਆਰ, ਹਰਦੋਈ, ਬਰੇਲੀ ਜੰ:, ਮੁਰਾਦਾਬਾਦ ਜੰ:, ਲਕਸਰ ਜੰ:, ਰੁੜਕੀ, ਸਹਾਰਨਪੁਰ ਜੰ:, ਯਮੁਨਾਨਗਰ ਜਗਾਧਰੀ, ਅੰਬਾਲਾ ਕੈਂਟ, ਲੁਧਿਆਣਾ ਜੰ:, ਜਲੰਧਰ ਕੈਂਟ, ਪਠਾਨਕੋਟ ਕੈਂਟ, ਅਤੇ ਕਠੂਆ ਸਟੇਸ਼ਨ।

**09405/09406 ਸਾਬਰਮਤੀ - ਪਟਨਾ ਜੰ: - ਸਾਬਰਮਤੀ ਗ੍ਰੀਸ਼ਮਕਾਲੀਨ ਵਿਸ਼ੇਸ਼ ਰੇਲਗੱਡੀ — 22 ਫੇਰੇ**

| ਰੇਲਗੱਡੀ ਨੰ: 09405 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 09406 ਆਉਣਾ | ਜਾਣਾ |
|---|---|---|---|---|
| ---- | 18:10 | ਸਾਬਰਮਤੀ | 13:30 | ---- |
| 15:35 | 15:45 | ਲਖਨਊ | 16:05 | 16:15 |
| 02:00 | ---- | ਪਟਨਾ ਜੰ: | ---- | 05:00 |

ਚਲਨ ਦੇ ਦਿਨ : 09405 ਸਾਬਰਮਤੀ ਤੋਂ ਹਰੇਕ ਮੰਗਲਵਾਰ ਮਿਤੀ 16.05.2024 ਤੋਂ 25.06.2024 ਤਕ ਅਤੇ 09406 ਪਟਨਾ ਜੰ: ਤੋਂ ਹਰੇਕ ਵੀਰਵਾਰ ਮਿਤੀ 18.04.2024 ਤੋਂ 27.06.2024 ਤਕ।
ਠਹਿਰਾਵ : ਮਹੇਸਾਨਾ ਜੰ:, ਪਾਲਨਪੁਰ ਜੰ:, ਆਬੂਰੋਡ, ਅਜਮੇਰ ਜੰ:, ਫੁਲੇਰਾ ਜੰ:, ਜੈਪੁਰ, ਬਾਂਦੀਕੂੰਈ ਜੰ:, ਭਰਤਪੁਰ ਜੰ:, ਅਛਨੇਰਾ ਜੰ:, ਆਗਰਾ ਫੋਰਟ, ਟੂੰਡਲਾ ਜੰ:, ਕਾਨਪੁਰ ਸੈਂਟਰਲ, ਲਖਨਊ ਐਨਆਰ, ਸੁਲਤਾਨਪੁਰ, ਵਾਰਾਣਸੀ ਜੰ:, ਪੰ. ਦੀਨ ਦਯਾਲ ਉਪਾਦਯੇ ਜੰ:, ਬਕਸਰ ਅਤੇ ਆਰਾ ਸਟੇਸ਼ਨ।
ਜਗ੍ਹਾਂ : ਵਾਤਾ.-3 ਟੀਯਰ, ਸਲੀਪਰ ਅਤੇ ਸਮਾਨਯ।

**ਪਹਿਲਾ ਘੋਸ਼ਿਤ ਰੇਲਗੱਡੀ ਨੰਬਰ 09309/09310 ਇੰਦੋਰ - ਨਵੀਂ ਦਿੱਲੀ -ਇੰਦੋਰ ਸੁਪਰਫਾਸਟ ਦਿਵ-ਸਪਤਾਹਿਕ ਸਪੈਸ਼ਲ ਰੇਲਗੱਡੀ ਹੁਣ ਇੰਦੋਰ-ਹਜ਼ਰਤ ਨਿਜ਼ਾਮੁਦੀਨ-ਇੰਦੋਰ ਦੇ ਵਿਚ ਹੇਠਾ ਲਿਖੇ ਵੇਰਵੇ ਦੇ ਅਨੁਸਾਰ ਚਲਾਈ ਜਾਵੇਗੀ : — 42 ਫੇਰੇ**

| ਰੇਲਗੱਡੀ ਨੰ: 09309 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 09310 ਆਉਣਾ | ਜਾਣਾ |
|---|---|---|---|---|
| ---- | 17:00 | ਇੰਦੋਰ | 21:00 | ---- |
| 04:30 | ---- | ਹਜ਼ਰਤ ਨਿਜ਼ਾਮੁਦੀਨ | ---- | 08:20 |

ਚਲਨ ਦੇ ਦਿਨ : 09309 ਇੰਦੋਰ ਤੋਂ ਹਰੇਕ ਸ਼ੁੱਕਰਵਾਰ ਅਤੇ ਐਤਵਾਰ ਮਿਤੀ 19.04.2024 ਤੋਂ 30.06.2024 ਤਕ ਅਤੇ 09310 ਹਜ਼ਰਤ ਨਿਜ਼ਾਮੁਦੀਨ ਤੋਂ ਹਰੇਕ ਸ਼ਨੀਵਾਰ ਅਤੇ ਸੋਮਵਾਰ ਮਿਤੀ 20.04.2024 ਤੋਂ 01.07.2024 ਤਕ।
ਠਹਿਰਾਵ : ਦੇਵਾਸ, ਉਜੈਨ ਜੰ:, ਨਾਗਦਾ ਜੰ:, ਸ਼ਾਮਗੜ੍ਹ, ਰਾਮਗੰਜ ਮੰਡੀ, ਕੋਟਾ ਜੰ:, ਸਵਾਈ ਮਾਧੋਪੁਰ, ਗੰਗਾਪੁਰਸਿਟੀ, ਭਰਤਪੁਰ ਜੰ: ਅਤੇ ਮਥੁਰਾ ਜੰ: ਸਟੇਸ਼ਨ।
ਜਗ੍ਹਾਂ : ਵਾਤਾ. 2 ਟੀਯਰ, ਵਾਤਾ.-3 ਟੀਯਰ, ਸਲੀਪਰ ਅਤੇ ਸਮਾਨਯ।

**09064 ਗੋਰਖਪੁਰ ਜੰ: - ਉਘਨਾ ਜੰ: ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ — 01 ਫੇਰਾ**

| ਸਟੇਸ਼ਨ | ਰੇਲਗੱਡੀ ਨੰ: 09064 ਆਉਣਾ | ਜਾਣਾ |
|---|---|---|
| ਗੋਰਖਪੁਰ | ---- | 04:45 |
| ਲਖਨਊ | 13:05 | 13:10 |
| ਉਘਨਾ ਜੰ: | 15:30 | ---- |

ਚਲਨ ਦੇ ਦਿਨ : 09064 ਗੋਰਖਪੁਰ ਜੰ: ਤੋਂ ਮਿਤੀ 16.04.2024 (ਮੰਗਲਵਾਰ) ਨੂੰ।
ਠਹਿਰਾਵ : ਆਨੰਦ ਨਗਰ ਜੰ:, ਸਿਦਾਰਥ ਨਗਰ, ਬਢਨ, ਗੈਂਸੜੀ, ਤੁਲਸੀਪੁਰ, ਬਲਰਾਮੁਪਰ, ਗੋਂਡਾ ਜੰ:, ਬਾਰਾਬੰਕੀ ਜੰ:, ਲਖਨਊ ਐਨਆਰ, ਕਾਨਪੁਰ ਸੈਂਟਰਲ, ਉਰਈ, ਵੀਰਾਂਗਨਾ ਲਖਸ਼ਮੀਬਾਈ ਝਾਂਸੀ, ਬੀਨਾ, ਬਿਦਿਸ਼ਾ, ਰਾਨੀ ਕਮਲਾਪਤੀ, ਇਟਾਰਸੀ ਜੰ:, ਖੰਡਵਾ ਜੰ:, ਭੂਸਾਵਲ ਜੰ:, ਨੰਦੁਰਬਾਰ, ਬਾਰਡੋਲੀ ਅਤੇ ਚਲਥਾਨ ਸਟੇਸ਼ਨ।
ਜਗ੍ਹਾਂ : ਸਲੀਪਰ ਅਤੇ ਸਮਾਨਯ।

**04145/04146 ਪ੍ਰਯਾਗਰਾਜ - ਆਨੰਦ ਵਿਹਾਰ (ਟ) - ਪ੍ਰਯਾਗਰਾਜ ਸੁਪਰਫਾਸਟ ਵਿਸ਼ੇਸ਼ ਰੇਲਗੱਡੀ — 12 ਫੇਰੇ**

| ਰੇਲਗੱਡੀ ਨੰ: 04145 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 04146 ਆਉਣਾ | ਜਾਣਾ |
|---|---|---|---|---|
| ---- | 21:20 | ਪ੍ਰਯਾਗਰਾਜ | 19:20 | ---- |
| 08:00 | ---- | ਆਨੰਦ ਵਿਹਾਰ (ਟ) | ---- | 09:30 |

ਚਲਨ ਦੇ ਦਿਨ : 04145 ਪ੍ਰਯਾਗਰਾਜ ਤੋਂ ਹਰੇਕ ਸ਼ੁੱਕਰਵਾਰ ਮਿਤੀ 26.04.2024 ਤੋਂ 31.05.2024 ਤਕ ਅਤੇ 04146 ਆਨੰਦ ਵਿਹਾਰ (ਟ) ਤੋਂ ਹਰੇਕ ਸ਼ਨੀਵਾਰ ਮਿਤੀ 27.04.2024 ਤੋਂ 01.06.2024 ਤਕ।
ਠਹਿਰਾਵ : ਫਤੇਹਪੁਰ, ਕਾਨਪੁਰ ਸੈਂਟਰਲ, ਇਟਾਵਾ, ਟੂੰਡਲਾ ਜੰ: ਅਤੇ ਅਲੀਗੜ੍ਹ ਸਟੇਸ਼ਨ।
ਜਗ੍ਹਾਂ : ਵਾਤਾ.-2 ਟੀਯਰ, ਵਾਤਾ.-3 ਟੀਯਰ, ਸਲੀਪਰ ਅਤੇ ਸਮਾਨਯ।

**08475/08476 ਪੁਰੀ - ਹਜ਼ਰਤ ਨਿਜ਼ਾਮੁਦੀਨ - ਪੁਰੀ ਵਿਸ਼ੇਸ਼ ਰੇਲਗੱਡੀ — 20 ਫੇਰੇ**

| ਰੇਲਗੱਡੀ ਨੰ: 08475 ਆਉਣਾ | ਜਾਣਾ | ਸਟੇਸ਼ਨ | ਰੇਲਗੱਡੀ ਨੰ: 08476 ਆਉਣਾ | ਜਾਣਾ |
|---|---|---|---|---|
| ---- | 04:50 | ਪੁਰੀ | 06:55 | ---- |
| 17:40 | ---- | ਹਜ਼ਰਤ ਨਿਜ਼ਾਮੁਦੀਨ | ---- | 23:35 |

ਚਲਨ ਦੇ ਦਿਨ : 08475 ਪੁਰੀ ਤੋਂ ਹਰੇਕ ਸ਼ੁੱਕਰਵਾਰ ਮਿਤੀ 19.04.2024 ਤੋਂ 28.06.2024 ਤਕ ਅਤੇ 08476 ਹਜ਼ਰਤ ਨਿਜ਼ਾਮੁਦੀਨ ਤੋਂ ਹਰੇਕ ਸ਼ਨੀਵਾਰ ਮਿਤੀ 20.04.2024 ਤੋਂ 29.06.2024 ਤਕ।
ਠਹਿਰਾਵ : ਖੋਰਘਾ ਰੋਡ, ਭੁਵਨੇਸ਼ਵਾਰ, ਨਰਾਜ ਮਾਰਥਾਪੁਰ, ਢੇਂਕਾਨਾਲ, ਅਨੁਗੁਲ, ਰੇਵਾਖੋਲ, ਸੰਭਲਪੁਰ ਸਿਟੀ, ਝਾਰਸੁਗੁਡਾ ਰੋਡ, ਬਿਲਾਸਪੁਰ, ਕਟਨੀ, ਮੁੜਵਾਰਾ, ਦਮੋਹ, ਸਾਗਰ, ਬੀਰਾਂਗਨਾ ਲਖਸ਼ਮੀਬਾਈ ਝਾਂਸੀ, ਗਵਾਲੀਅਰ, ਆਗਰਾ ਕੈਂਟ ਅਤੇ ਮਥੁਰਾ ਜੰ: ਸਟੇਸ਼ਨ।
ਜਗ੍ਹਾਂ : ਵਾਤਾ.-2 ਟੀਯਰ, ਵਾਤਾ.-3 ਟੀਯਰ, ਸਲੀਪਰ ਅਤੇ ਸਮਾਨਯ।

**05051 ਛਪਰਾ ਜੰ: - ਦਿੱਲੀ ਜੰ: ਅਣਰਿਜ਼ਰਵ ਵਿਸ਼ੇਸ਼ ਰੇਲਗੱਡੀ — 01 ਫੇਰਾ**

| ਸਟੇਸ਼ਨ | ਰੇਲਗੱਡੀ ਨੰ: 05051 ਆਉਣਾ | ਜਾਣਾ |
|---|---|---|
| ਛਪਰਾ | ---- | 11:25 |
| ਲਖਨਊ | 22:00 | 22:10 |
| ਦਿੱਲੀ ਜੰ: | 11:40 | ---- |

ਚਲਨ ਦੇ ਦਿਨ : 05051 ਛਪਰਾ ਜੰ: ਤੋਂ ਮਿਤੀ 16.04.2024 (ਮੰਗਲਵਾਰ) ਨੂੰ।
ਠਹਿਰਾਵ : ਬਲਿਯਾ, ਇੰਦਾਰਾ ਜੰ:, ਮਊ ਜੰ:, ਆਜਮਗੜ੍ਹ, ਖੋਰਾਸਨ ਰੋਡ, ਸ਼ਾਹਗੰਜ ਜੰ:, ਅਯਧਿਆ ਕੈਂਟ, ਲਖਨਊ, ਮੁਰਾਦਾਬਾਦ ਅਤੇ ਗਾਜੀਆਬਾਦ ਸਟੇਸ਼ਨ।
ਜਗ੍ਹਾਂ : ਸਲੀਪਰ ਅਤੇ ਸਮਾਨਯ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਉਪਰੋਕਤ ਰੇਲਗੱਡੀਆਂ ਦੇ ਮਾਰਗ ਵਿਚ ਪੈਣ ਵਾਲੇ ਸਟੇਸ਼ਨਾਂ ਅਤੇ ਉਨ੍ਹਾਂ ਦੀ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ।

ਰੇਲਮਦਦ ਵੇਬਸਾਈਟ ਦੇਖੋ:- www.railmadad.indianrailways.gov.in   ਰੇਲਮਦਦ ਐਪ ਡਾਊਨਲੋਡ ਕਰੋ

ਉਤੇ ਸਾਨੂੰ ਫਾਲੋ ਕਰੋ   ਆਜ਼ਾਦੀ ਕਾ ਅੰਮ੍ਰਿਤ ਮਹੋਤਸਵ   ਉੱਤਰ ਰੇਲਵੇ   ਤੁਹਾਡੀ ਸੁਵਿਧਾ - ਸਾਡਾ ਸ਼੍ਰੇਯ   ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ATAM VALVES LIMITED

Registered Office : 1051, Industrial Area, Jalandhar, Punjab-144004
CIN: L27109PB1985PLC006476,Website: www.atamvalves.in
Tel:+91 181 5001111, Email : cs@atamfebi.com

**ਆਤਮ ਵਾਲਵਜ਼ ਲਿਮਟਿਡ ਦੀ 31 ਦਸੰਬਰ, 2023 ਨੂੰ ਖਤਮ ਹੋਈ ਤਿਮਾਹੀ ਅਤੇ 9 ਮਹੀਨਿਆਂ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਬਿਆਨ 'ਚ ਸੋਧ**

ਅਸੀਂ, ਆਤਮ ਵਾਲਵਜ਼ ਲਿਮਟਿਡ (ਦਾ ਕੰਪਨੀ) ਦੇ ਸਾਰੇ ਮੈਂਬਰਾਂ/ਹਿੱਸੇਦਾਰਾਂ ਦਾ ਧਿਆਨ ਆਤਮ ਵਾਲਵਜ਼ ਲਿਮਟਿਡ ਦੀ 31 ਦਸੰਬਰ, 2023 ਨੂੰ ਖ਼ਤਮ ਹੋਈ ਤਿਮਾਹੀ ਅਤੇ 9 ਮਹੀਨਿਆਂ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਬਿਆਨ ਵੱਲ ਦਿਵਾਉਂਦੇ ਹਾਂ।

ਕ੍ਰਿਪਾ ਕਰਕੇ ਹਵਾਲਾ ਲਵੋ :-

1. 31.12.2023 ਨੂੰ ਖ਼ਤਮ ਹੋਈ ਤਿਮਾਹੀ (ਅਣ-ਪੜਤਾਲੇ) ਲਈ ਇਕੁਇਟੀ ਸ਼ੇਅਰ ਕੈਪੀਟਲ 1146.30 (ਲੱਖਾਂ 'ਚ) ਅਤੇ 31.12.2023 ਨੂੰ ਖ਼ਤਮ ਹੋਏ 9 ਮਹੀਨਿਆਂ (ਅਣ-ਪੜਤਾਲੇ) ਲਈ 1146.30 (ਲੱਖਾਂ 'ਚ) ਹੈ, ਬਿਜਾਏ ਦੋਵਾਂ ਅੰਕੜਿਆਂ 'ਚ 1294.80 (ਲੱਖਾਂ 'ਚ) ਦੇ।
2. ਕਮਾਈ ਪ੍ਰਤੀ ਸ਼ੇਅਰ ਬੇਸਿਕ ਅਤੇ ਟ੍ਰਿਬਿਊਟਿਡ 'ਚ ਹੇਠਾਂ ਸਾਰਣੀ ਦੇ ਅਨੁਸਾਰ ਤਬਦੀਲ ਕੀਤੀ ਗਈ ਹੈ।
3. ਇਸ ਲਈ, ਮੌਜੂਦਾ ਸਾਰਣੀ ਹੇਠਾਂ ਦਰਸਾਏ ਅਨੁਸਾਰ ਬਦਲੀ ਜਾਵੇਗੀ :

| ਵੇਰਵੇ | ਤਿਮਾਹੀ ਖਤਮ 31.12.2023 | ਤਿਮਾਹੀ ਖਤਮ 30.9.2023 | ਤਿਮਾਹੀ ਖਤਮ 31.12.2022 | ਨੌ ਮਹੀਨੇ ਖਤਮ 31.12.2023 | ਨੌ ਮਹੀਨੇ ਖਤਮ 31.12.2022 | ਸਾਲ ਖਤਮ 31.03.2023 |
|---|---|---|---|---|---|---|
| ਕਾਰੋਬਾਰ ਤੋਂ ਕੁੱਲ ਆਮਦਨ (ਸ਼ੁੱਧ) | (ਅਣ-ਪੜਤਾਲੇ) | (ਅਣ-ਪੜਤਾਲੇ) | (ਅਣ-ਪੜਤਾਲੇ) | (ਅਣ-ਪੜਤਾਲੇ) | (ਅਣ-ਪੜਤਾਲੇ) | (ਪੜਤਾਲੇ) |
| ਕੁੱਲ ਲਾਭ/(ਹਾਨੀ) ਮਿਆਦ ਲਈ (ਟੈਕਸ ਅਤੇ ਖਾਸ ਵਸਤੂਆਂ ਤੋਂ ਪਹਿਲਾਂ) | 1 ,218.65 | 1,276.19 | 1,097.32 | 3,535.24 | 2,920.57 | 4900.89 |
| ਕੁੱਲ ਲਾਭ/(ਹਾਨੀ) ਮਿਆਦ ਲਈ ਟੈਕਸ ਤੋਂ ਪਹਿਲਾਂ (ਖਾਸ ਵਸਤੂਆਂ ਤੋਂ ਬਾਅਦ) | 144.98 | 184.45 | 270.18 | 442.52 | 583.33 | 1003.53 |
| ਕੁੱਲ ਲਾਭ/(ਹਾਨੀ) ਮਿਆਦ ਲਈ ਟੈਕਸ ਤੋਂ ਬਾਅਦ (ਖਾਸ ਵਸਤੂਆਂ ਤੋਂ ਬਾਅਦ) | 144.98 | 184.45 | 270.18 | 442.52 | 583.33 | 1003.53 |
| ਕੁੱਲ ਵਿਆਪਕ ਆਮਦਨ/(ਹਾਨੀ) ਮਿਆਦ ਲਈ | 98.75 | 131.93 | 201.82 | 314.75 | 436.82 | 766.76 |
| ਇਕੁਇਟੀ ਸ਼ੇਅਰ ਕੈਪੀਟਲ | 98.75 | 131.93 | 201.82 | 314.75 | 436.82 | 770.73 |
| ਹੋਰ ਇਕੁਇਟੀ (ਰੀਵੈਲਿਊਏਸ਼ਨ ਰਿਜ਼ਰਵ ਤੋਂ ਬਗੈਰ) | 1,146.30 | 1,054.80 | 1,054.80 | 1,146.80 | 1,054.80 | 1054.80 |
| | – | – | – | – | – | 1444.50 |
| ਕਮਾਈ ਪ੍ਰਤੀ ਸ਼ੇਅਰ (ਰੁ: 10/- ਹਰੇਕ ਦੀ ਫੇਸ ਵੈਲਿਊ) | | | | | | |
| (ਏ) ਬੇਸਿਕ | 0.87 | 1.20 | 1.83 | 2.83 | 4.25 | 7.34 |
| (ਬੀ) ਡੀਲਿਊਟਿਡ | 0.87 | 1.08 | 1.65 | 2.83 | 3.68 | 6.66 |

31 ਦਸੰਬਰ, 2023 ਨੂੰ ਖ਼ਤਮ ਹੋਈ ਤਿਮਾਹੀ ਅਤੇ 9 ਮਹੀਨਿਆਂ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਬਿਆਨ ਦੀ ਸਾਰੀ ਹੋਰ ਸਮੱਗਰੀ ਬੇਬਦਲ ਰਹੇਗੀ। ਕੰਪਨੀ ਇਮਾਨਦਾਰੀ ਨਾਲ ਕਿਸੇ ਅਸੁਵਿਧਾ ਲਈ ਖੇਦ ਪ੍ਰਗਟ ਕਰਦੀ ਹੈ। ਇਸ ਸੰਬੰਧੀ ਇੱਕ ਜਨਤਕ ਨੋਟਿਸ ਅਖ਼ਬਾਰਾਂ 'ਚ ਪ੍ਰਕਾਸ਼ਿਤ ਕੀਤਾ ਜਾਵੇਗਾ। ਸੋਧ, 15 ਫਰਵਰੀ 2024 ਨੂੰ ਖ਼ਤਮ ਹੋਈ ਤਿਮਾਹੀ ਅਤੇ 9 ਮਹੀਨਿਆਂ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਬਿਆਨ ਦਾ ਇੱਕ ਅਨਿੱਖੜਵਾਂ ਅੰਗ ਰਹੇਗੀ। ਇਸ ਲਈ ਸਾਰੇ ਸੰਬੰਧਤ ਸ਼ੇਅਰ ਹੋਲਡਰ, ਸਟਾਕ ਐਕਸਚੇਂਜ ਅਤੇ ਹੋਰ ਸੰਬੰਧਤ ਵਿਅਕਤੀਆਂ ਨੂੰ ਉਪਰੋਕਤ ਸੋਧ ਵੱਲ ਧਿਆਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ ਅਤੇ 31 ਦਸੰਬਰ, 2023 ਨੂੰ ਖ਼ਤਮ ਹੋਈ ਤਿਮਾਹੀ ਅਤੇ ਨੌਂ ਮਹੀਨਿਆਂ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਬਿਆਨ ਇਸ ਸੋਧ ਦੇ ਨਾਲ ਪੜ੍ਹਿਆ ਜਾਵੇ।

ਵਾਸਤੇ ਅਤੇ ਧੰਨਵਾਦ ਸਾਹਿਤ
ਆਤਮ ਵਾਲਵਜ਼ ਲਿਮਟਿਡ
ਸਹੀ/-
ਅਮਿਤ ਜੈਨ
ਮੈਨੇਜਿੰਗ ਡਾਇਰੈਕਟਰ
(ਡੀ ਆਈ ਐੱਨ -01063087)

ਮਿਤੀ : 15/04/2024
ਸਥਾਨ : ਜਲੰਧਰ

17-April-PAGE-8.qxd 4/16/2024 10:25 PM Page 1



# ਵਿਸਾਖੀ ਨੂੰ ਸਮਰਪਤ ਪਵਿੱਤਰ ਵੇਈਂ ਕਿਨਾਰੇ ਕਰਵਾਇਆ ਕੀਰਤਨ ਤੇ ਕਵੀ ਦਰਬਾਰ



**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)**ਵਿਸਾਖੀ ਨੂੰ ਸਮਰਪਿਤ ਪਵਿੱਤਰ ਵੇਂਈ ਕਿਨਾਰੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਹੇਠ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ 20 ਤੋਂ ਵੱਧ ਕਵੀਆਂ ਵੱਲੋਂ ਭਾਗ ਲਿਆ ਗਿਆ ਤੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਇਸ ਕਵੀ ਦਰਬਾਰ ਦੌਰਾਨ ਪੰਜਾਬੀ ਸੱਥ ਯੂ.ਕੇ ਦੇ ਸੰਚਾਲਕ ਮੋਤਾ ਸਿੰਘ ਸਰਾਏ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਹਨਾਂ ਆਪਣੇ ਸੰਬੋਧਨ ਰਾਹੀ ਬਲੇਮ ਗੇਮ ਦਾ ਜ਼ਿਕਰ ਕਰਦਿਆਂ ਕਿਹਾ ਕਿ ਸੰਤ ਸੀਚੇਵਾਲ ਨੇ ਇਹਨਾਂ ਸ਼ਬਦਾਂ ਤੋਂ ਉਪਰ ਉਠ ਕਿ ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਕਾਲੀ ਵੇਂਈ ਦੀ ਕਾਰਸੇਵਾ ਕਰਕੇ ਦੁਨੀਆਂ ਨੂੰ ਵੱਡਾ ਤੋਹਫਾ ਦਿੱਤਾ ਹੈ। ਉਹਨਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਅਸੀ ਕੇਵਲ ਵੇਈਂਆਂ ਤੇ ਦਰਿਆਵਾਂ ਨੂੰ ਹੀ ਪ੍ਰਦੂਸ਼ਿਤ ਕੀਤਾ ਸਗੋਂ ਆਪਣੀ ਮਾਂ ਬੋਲੀ ਵੱਲ ਵੀ ਪਿੱਠ ਕਰਕੇ ਖੜ੍ਹ ਗਏ ਹਾਂ। ਉਹਨਾਂ ਕਿਹਾ ਕਿ ਸਾਨੂੰ ਅੱਜ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਸੱਭਿਆਚਾਰ ਤੇ ਵਿਰਾਸਤ ਨੂੰ ਸੰਭਾਲਣ ਲਈ ਉਪਰਾਲੇ ਕਰਨ ਦੀ ਲੋੜ ਹੈ।

ਕਵੀ ਦਰਬਾਰ ਦੀ ਸ਼ੁਰੂਆਤ ਕਰਦਿਆ ਹੋਇਆ ਮੁਖਤਿਆਰ ਸਿੰਘ ਚੰਦੀ ਵੱਲੋਂ ਮਨੁੱਖਤਾ ਅਤੇ ਖਾਲਸਾ ਪੰਥ ਬਾਰੇ ਰਚਨਾ ਪੇਸ਼ ਕਰਕੇ ਕੀਤੀ ਗਈ।ਸੰਤ ਸਿੰਘ ਸੰਧੂ ਵੱਲੋਂ ਆਪਣੀ ਰਚਨਾ ਵਿੱਚ ਸੰਤ ਸੀਚੇਵਾਲ ਤੇ ਉਹਨਾਂ ਦੀ ਸੰਗਤ ਵੱਲੋਂ ਕੀਤੇ ਕਾਰਜਾਂ ਦੀ ਉਸਤਤ ਕੀਤੀ ਗਈ।ਇਸੇ ਤਰ੍ਹਾਂ ਕਲਵੰਤ ਸਿੰਘ ਔਜਲਾ ਵੱਲੋਂ ਪੰਜਾਬ ਦਾ ਖਾਬ, ਲਾਡੀ ਭੁਲੱਰ ਵੱਲੋਂ ਕੇਸਗੜ੍ਹ ਤੇ ਹਾੜੀ, ਗੁਰਮੈਲ ਜੈਨਪੁਰੀ ਵੱਲੋਂ ਜ਼ੋਰ ਜ਼ੁਲਮ ਤੇ ਤਰਸ ਅਤੇ ਕੁਲਵਿੰਦਰ ਕੌਰ ਕੰਵਲ ਵੱਲੋਂ ਅਮਨ ਏਕਤਾ ਰਾਹੀ ਖੁਸ਼ੀਆਂ, ਵਰਗੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ ਰਵਿੰਦਰ ਰੌਕੀ ਵੱਲੋਂ ਮਾਂ ਬੋਲੀ ਪੰਜਾਬੀ ਨੂੰ ਸੰਭਾਲਣ ਉਪਰ ਜ਼ੋਰ ਦਿੱਤਾ ਗਿਆ। ਕਵੀ ਦਰਬਾਰ ਤੋਂ ਪਹਿਲਾਂ ਪਵਿੱਤਰ ਵੇਂਈ ਕਿਨਾਰੇ ਗੁਰਦੁਆਰਾ ਗੁਰਪ੍ਰਕਾਸ਼ ਸਾਹਿਬ ਵਿਖੇ ਕੀਰਤਨ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਸੰਤ ਅਵਤਾਰ ਸਿੰਘ ਯਾਦਗਾਰੀ ਸਕੂਲ ਦੇ ਬੱਚਿਆਂ ਵੱਲੋਂ ਕੀਰਤਨ ਕੀਤਾ ਗਿਆ ਤੇ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜੀ ਰੱਖਿਆ।

ਇਸ ਮੌਕੇ ਆਏ ਕਵੀਆਂ ਨੂੰ ਜੀ ਆਇਆਂ ਕਹਿੰਦੇ ਹੋਏ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਹਵਾ, ਪਾਣੀ ਤੇ ਧਰਤੀ ਪ੍ਰਦੂਸ਼ਣ ਮੁਕਤ ਹੋਣ ਨਾਲ ਹੀ ਸਾਰਾ ਸੰਸਾਰ ਹਸਦਾ ਵਸਦਾ ਰਹਿ ਸਕਦਾ ਹੈ। ਕਵੀਆਂ ਨੂੰ ਸਿਰਪਾਓ ਤੇ ਬੂਟਿਆਂ ਦਾ ਪ੍ਰਸ਼ਾਦ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ਼ ਸੈਕਟਰੀ ਦੀ ਭੂਮਿਕਾ ਸੰਤ ਸੁਖਜੀਤ ਸਿੰਘ ਵੱਲੋਂ ਨਿਭਾਈ ਗਈ।ਇਸ ਮੌਕੇ ਸੰਤ ਗੁਰਮੇਜ਼ ਸਿੰਘ, ਕੁਲਵਿੰਦਰ ਸਿੰਘ ਸਰਾਏ, ਬਹਾਦਰ ਸਿੰਘ ਸੰਧੂ, ਸੁਰਜੀਤ ਸਿੰਘ ਸ਼ੰਟੀ, ਪਿਆਰਾ ਸਿੰਘ ਗ੍ਰੰਥੀ, ਗੁਰਦੀਪ ਸਿੰਘ ਖੁਰਾਣਾ, ਸਵਰਨ ਸਿੰਘ, ਬਲਵੀਰ ਸ਼ੇਰਪੁਰੀ, ਗੁਰਭਜਨ ਸਿੰਘ ਲਾਸਾਨੀ, ਜਾਪ ਕੌਰ, ਸਵਰਨ ਸਿੰਘ ਔਜਲਾ, ਬੂਟਾ ਸਿੰਘ, ਹਰਦੇਵ ਸਿੰਘ ਭੁੱਲਰ, ਕੰਵਰ ਇਕਬਾਲ, ਕਸ਼ਮੀਰ ਸਿੰਘ, ਅਮਰਜੀਤ ਸਿੰਘ, ਰਵਿੰਦਰਪਾਲ, ਬੁੱਕਣ ਸਿੰਘ, ਮੇਜ਼ਰ ਸਿੰਘ ਆਦਿ ਹਾਜ਼ਰ ਰਹੇ।

# ਐੱਸ ਡੀ ਐੱਮ ਸ਼ਾਹਕੋਟ ਨੇ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਕਰਵਾਈ



*ਕਣਕ ਦੀ ਬੋਲੀ ਕਰਵਾਉਂਦੇ ਹੋਏ ਰਿਸ਼ਭ ਬਾਂਸਲ ਐਸ. ਡੀ. ਐਮ. ਸ਼ਾਹਕੋਟ, ਤਜਿੰਦਰ ਕੁਮਾਰ ਸਕੱਤਰ ਤੇ ਹੋਰ।*

ਸ਼ਾਹਕੋਟ(ਗਿਆਨ ਸੈਦਪੁਰੀ)–ਸਥਾਨਕ ਅਨਾਜ ਮੰਡੀ ਵਿੱਚ ਰਿਸ਼ਭ ਬਾਂਸਲ ਐਸ. ਡੀ. ਐਮ. ਸ਼ਾਹਕੋਟ ਨੇ ਕਣਕ ਦੀ ਸਰਕਾਰੀ ਖ਼ਰੀਦ ਸ਼ੁਰੂ ਕਰਵਾਈ। ਖ਼ਰੀਦ ਸ਼ੁਰੂ ਕਰਵਾਉਣ ਉਪਰੰਤ ਰਿਸ਼ਭ ਬਾਂਸਲ ਐਸ. ਡੀ. ਐਮ. ਸ਼ਾਹਕੋਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਾਰਕਿਟ ਕਮੇਟੀ ਸ਼ਾਹਕੋਟ ਅਧੀਨ ਆਉਂਦੀਆਂ ਸਾਰੀਆਂ ਮੰਡੀਆਂ ਵਿੱਚ ਕਣਕ ਦੀ ਸਰਕਾਰੀ ਖ਼ਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਹਨ। ਕਣਕ ਦੀ ਪਹਿਲੀ ਬੋਲੀ ਕਿਸ਼ਨ ਚੰਦ ਐਂਡ ਸੰਨਜ਼ ਦੀ ਆੜ੍ਹਤ 'ਤੇ ਹੋਈ। ਅੰਮ੍ਰਿਤਪਾਲ ਸਿੰਘ ਪੁੱਤਰ ਬਖਤਾਵਰ ਸਿੰਘ ਪਿੰਡ ਰਾਈਵਾਲ ਦੋਨਾ ਨੇ ਵੇਚੀ ਹੈ ਤੇ ਇਸ ਦੀ ਖਰੀਦ ਪਨਸਪ ਵੱਲੋਂ ਕੀਤੀ ਗਈ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਜਿੰਦਰ ਕੁਮਾਰ ਸਕੱਤਰ ਮਾਰਕਿਟ ਕਮੇਟੀ ਸ਼ਾਹਕੋਟ, ਸ਼ਾਮ ਲਾਲ ਦੌਧਰ ਅਤੇ ਅਮਨਦੀਪ ਸਿੰਘ ਟੁਰਨਾ(ਦੋਵੇਂ ਮੰਡੀ ਸੁਪਰਵਾਈਜ਼ਰ), ਨਵਦੀਪ ਸਿੰਘ ਇਸਪੈਕਟਰ ਪਨਸਪ ਬਲਕਾਰ ਸਿੰਘ ਇਸਪੈਕਟਰ ਪਨਗਰੇਨ, ਪ੍ਰਦੀਪ ਕੁਮਾਰ ਇਸਪੈਕਟਰ ਪਨਗਰੇਨ, ਜਗਦੀਪ ਸਿੰਘ ਮੈਨੇਜਰ ਮਾਰਕਫੈੱਡ, ਪਵਨ ਅਗਰਵਾਲ ਪ੍ਰਧਾਨ ਕੱਚਾ ਆੜ੍ਹਤੀਆ ਐਸੋਸੀਏਸ਼ਨ, ਯਸ਼ ਪਾਲ ਗੁਪਤਾ ਸਾਬਕਾ ਵਾਇਸ ਚੇਅਰਮੈਨ ਮਾਰਕਿਟ ਕਮੇਟੀ ਸ਼ਾਹਕੋਟ, ਗਗਨਦੀਪ ਸਿੰਘ, ਤਰਸੇਮ ਲਾਲ, ਸੰਜੀਵ ਗੁਪਤਾ, ਭਾਰਤ ਭੂਸ਼ਣ,ਵਿਸ਼ਾਲ ਬਾਂਸਲ, ਜੀਵਨ ਦਾਸ ਗੁਪਤਾ,ਰਵੀਸ਼ ਗੋਇਲ,ਸੰਜੇ ਗੁਪਤਾ,ਪ੍ਰੇਮ ਸ਼ਰਮਾ,ਪਰਮਜੀਤ ਸਿੰਘ,ਕਮਲੇਸ਼ ਮਿੱਤਲ, ਤਿਲਕ ਰਾਜ ਮਹਿਤਾ, ਪਵਨ ਮਿੱਤਲ, ਦਿਵਾਕਰ ਗੁਪਤਾ ਆਦਿ ਹਾਜ਼ਰ ਸਨ।

# ਰਿਆਤ ਬਾਹਰਾ ਫਾਰਮੇਸੀ ਕਾਲਜ ਵਿਖੇ ਅਲੂਮਨੀ ਮੀਟ ਕਰਵਾਈ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਫਾਰਮੇਸੀ ਕਾਲਜ ਵਿਖੇ ਐਲੂਮਨੀ ਮੀਟ-2024 ਦਾ ਆਯੋਜਨ ਕੀਤਾ ਗਿਆ। ਜਿਸ ਦੀ ਪ੍ਰਧਾਨਗੀ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਕੀਤੀ। ਇਸ ਮੌਕੇ ਕਾਲਜ ਦੇ 50 ਦੇ ਕਰੀਬ ਸਾਬਕਾ ਵਿਦਿਆਰਥੀਆਂ ਨੇ ਪ੍ਰੋਗਰਾਮ ਵਿੱਚ ਭਾਗ ਲਿਆ। ਇਸ ਮੌਕੇ ਕਾਲਜ ਇੰਚਾਰਜ ਡਾ: ਅਮਿਤ ਸ਼ਰਮਾ ਨੇ ਆਏ ਹੋਏ ਸਾਰੇ ਸਾਬਕਾ ਵਿਦਿਆਰਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਲੂਮਨੀ ਮੀਟਿੰਗ ਵਿੱਚ ਆਪਣੇ ਸਾਬਕਾ ਵਿਦਿਆਰਥੀਆਂ ਨਾਲ ਗੱਲਬਾਤ ਕਰਨਾ ਇੱਕ ਮਹੱਤਵਪੂਰਨ ਅਤੇ ਉਤਸ਼ਾਹਜਨਕ ਅਨੁਭਵ ਹੁੰਦਾ ਹੈ। ਇਹ ਇੱਕ ਅਜਿਹਾ ਮੌਕਾ ਹੈ ਜਦੋਂ ਅਸੀਂ ਸਾਰੇ ਆਪਣੇ ਸ਼ੁਰੂਆਤੀ ਦਿਨਾਂ ਦੀਆਂ ਯਾਦਾਂ ਨੂੰ ਤਾਜ਼ਾ ਕਰਨ ਲਈ ਇਕੱਠੇ ਹੁੰਦੇ ਹਾਂ। ਡਾ: ਚੰਦਰ ਮੋਹਨ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਅਲੂਮਨੀ ਮੀਟ ਰਾਹੀਂ ਅਸੀਂ ਨਾ ਸਿਰਫ਼ ਆਪਣੇ ਸੰਗਠਨ ਨੂੰ ਮਜ਼ਬੂਤ ਕਰਦੇ ਹਾਂ ਬਲਕਿ ਅਸੀਂ ਆਪਣੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਬਿਹਤਰ ਸਫਲਤਾ ਲਈ ਤਿਆਰ ਕਰਦੇ ਹਾਂ ਅਤੇ ਇੱਕ ਦੂਜੇ ਨਾਲ ਸਾਂਝਾ ਕਰਦੇ ਹਾਂ। ਉਨ੍ਹਾਂ ਕਿਹਾ ਕਿ ਐਲੂਮਨੀ ਰਾਹੀਂ ਪ੍ਰਾਪਤ ਹੋਣ ਵਾਲੇ ਤਜਰਬੇ ਵਿੱਚ ਨੈੱਟਵਰਕਿੰਗ ਸਹੂਲਤਾਂ, ਕਰੀਅਰ ਸਲਾਹ ਅਤੇ ਆਪਸੀ ਸਹਿਯੋਗ ਸ਼ਾਮਲ ਹੋ ਸਕਦਾ ਹੈ ਜਿਸ ਤੋਂ ਸਿੱਖਿਆ ਹਾਸਲ ਕਰ ਰਹੇ ਵਿਦਿਆਰਥੀ ਲਾਭ ਉਠਾ ਸਕਦੇ ਹਨ। ਇਸ ਮੌਕੇ ਸਾਬਕਾ ਵਿਦਿਆਰਥੀਆਂ ਨੇ ਮੌਜੂਦਾ ਵਿਦਿਆਰਥੀਆਂ ਨਾਲ ਆਪਣੇ ਅਨੁਭਵ ਸਾਂਝੇ ਕੀਤੇ। ਇਸ ਅਲੂਮਨੀ ਮੀਟ ਦਾ ਸੰਚਾਲਨ ਸਿਮਰਜੀਤ ਕੌਰ ਨੇ ਕੀਤਾ। ਇਸ ਮੌਕੇ ਡਾ: ਪੰਕਜੀ ਪੰਡਿਤ, ਹਰਿੰਦਰ ਜਸਵਾਲ, ਡਾ: ਕੁਲਦੀਪ ਵਾਲੀਆ, ਸੀ.ਵੀ. ਜੋਸ਼ੀ ਅਤੇ ਕਾਲਜ ਦਾ ਸਮੂੰਹ ਸਟਾਫ ਹਾਜ਼ਰ ਸੀ।

# ਸੇਂਟ ਸੋਲਜ਼ਰ ਮੈਨੇਜਮੈਂਟ ਐਂਡ ਟੈਕਨੀਕਲ ਇੰਸਟੀਚਿਊਟ ਵੱਲੋਂ ਉਦਯੋਗਿਕ ਦੌਰਾ



**ਜਲੰਧਰ, (ਇਕਬਾਲ ਸਿੰਘ ਉਭੀ)**: ਸੇਂਟ ਸੋਲਜ਼ਰ ਮੈਨੇਜਮੈਂਟ ਐਂਡ ਟੈਕਨੀਕਲ ਇੰਸਟੀਚਿਊਟ ਜਲੰਧਰ ਦੇ ਮੈਡੀਕਲ ਲੈਬ ਸਾਇੰਸ ਵਿਭਾਗ ਵੱਲੋਂ ਵੇਰਕਾ ਮਿਲਕ ਪਲਾਂਟ ਦਾ ਉਦਯੋਗਿਕ ਦੌਰਾ ਕੀਤਾ ਗਿਆ। ਇਸ ਦੌਰੇ ਵਿੱਚ ਐਚ.ਓ.ਡੀ ਪ੍ਰਭਜੋਤ ਕੌਰ, ਸਹਾਇਕ ਪ੍ਰੋਫੈਸਰ ਸ਼ਰਨਜੀਤ ਕੌਰ ਅਤੇ ਸਹਾਇਕ ਪ੍ਰੋ. ਗਰਿਮਾ ਨੇ ਵਿਦਿਆਰਥੀਆਂ ਨੂੰ ਉਦਯੋਗਿਕ ਦੌਰੇ ਦੀ ਮਹੱਤਤਾ ਅਤੇ ਲੋੜ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਦੁੱਧ ਦੀ ਪ੍ਰੋਸੈਸਿੰਗ, ਦੁੱਧ ਦੀ ਪੇਸਟੁਰਾਈਜ਼ੇਸ਼ਨ ਦੀ ਪ੍ਰਕਿਰਿਆ, ਮੱਖਣ, ਦਹੀਂ ਅਤੇ ਖੀਰ ਦੀ ਪ੍ਰਕਿਰਿਆ, ਦੁੱਧ, ਲੱਸੀ, ਖੀਰ ਨੂੰ ਫਿਲਟਰੇਸ਼ਨ, ਕਲੀਅਰਿੰਗ ਅਤੇ ਪੈਕਿੰਗ ਬਾਰੇ ਸਿੱਖਿਆ। ਵਿਦਿਆਰਥੀ ਕੱਚੇ ਦੁੱਧ ਦੀ ਜਾਂਚ ਲਈ ਮਾਈਕ੍ਰੋਬਾਇਓਲੋਜੀ ਲੈਬ ਵਿੱਚ ਵੀ ਗਏ। ਇਹ ਇੱਕ ਸਫਲ ਦੌਰਾ ਸੀ ਅਤੇ ਇਹ ਐਕਸਪੋਜਰ ਵਿਦਿਆਰਥੀਆਂ ਨੂੰ ਉਹਨਾਂ ਦੀ ਅਗਲੀ ਪੜ੍ਹਾਈ ਵਿੱਚ ਮਦਦ ਕਰੇਗਾ। ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਪ੍ਰਿੰਸੀਪਲ, ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਇਨ੍ਹਾਂ ਦੌਰਿਆਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

# ਗੁਰੂ ਗੋਬਿੰਦ ਸਿੰਘ 'ਵਰਸਿਟੀ ਕਾਲਜ ਵਿਖੇ ਸਾਲਾਨਾ ਸਮਾਗਮ ਕਰਵਾਇਆ



**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )** ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਵੱਲੋਂ ਸਾਲਾਨਾ ਸਮਾਗਮ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਹੋਈ। ਮੁੱਖ ਮਹਿਮਾਨ ਡਾ: ਜਸਪਾਲ ਸਿੰਘ ਰੰਧਾਵਾ ਸਾਬਕਾ ਓ.ਐੱਸ.ਡੀ, ਜੰਡਿਆਲਾ ਕਾਲਜ ਦੇ ਪ੍ਰਿੰਸੀਪਲ ਡਾ: ਸੁਖਵਿੰਦਰ ਸਿੰਘ ਰੰਧਾਵਾ , ਕਾਲਜ ਦੇ ਸਾਬਕਾ ਪ੍ਰੋਫੈਸਰ ਦਵਿੰਦਰ ਸਿੰਘ ਸੁੰਨੜ,ਪ੍ਰੋਫੈਸਰ ਮੇਜਰ ਸਿੰਘ ਸੋਹੀ, ਕਾਲਜ ਦੇ ਸਾਬਕਾ ਵਿਦਿਆਰਥੀ ਡਾਕਟਰ ਲਖਵਿੰਦਰ ਸਿੰਘ ਜੌਹਲ, ਡਾਕਟਰ ਜੁਗਿੰਦਰ ਸਿੰਘ ਭੰਗਾਲੀਆ, ਤਰਸੇਮ ਸਿੰਘ ਅਤੇ ਵੱਖ-ਵੱਖ ਪਤਵੰਤਿਆਂ ਵੱਲੋਂ ਸ਼ਮ੍ਹਾਂ ਰੌਸ਼ਨ ਕੀਤੀ ਗਈ । ਵਿਦਿਆਰਥੀਆਂ ਵੱਲੋਂ ਸੱਭਿਆਚਾਰਕ ਪੇਸ਼ਕਾਰੀ ਕੀਤੀ ਗਈ। ਡਾ: ਜਸਪਾਲ ਸਿੰਘ ਰੰਧਾਵਾ ਨੇ ਪ੍ਰੇਰਨਾਦਾਇਕ ਭਾਸ਼ਣ ਦੌਰਾਨ ਸਿੱਖਿਆ ਅਤੇ ਵਿਅਕਤੀਗਤ ਵਿਕਾਸ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਕਾਲਜ ਦੀ ਵਿਸ਼ੇਸ਼ਤਾ ਇਹ ਹੈ ਕਿ ਇਥੇ ਪੜ੍ਹਨ ਵਾਲੇ ਹੋਣਹਾਰ ਵਿਦਿਆਰਥੀਆਂ ਦੀਆਂ ਫੀਸਾਂ ਲੋਕ ਭਲਾਈ ਮੰਚ ਜੰਡਿਆਲਾ ਅਤੇ ਬਦੇਸ਼ਾਂ ਵਿੱਚ ਵਸਦੇ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਵਲੋਂ ਦਿੱਤੀਆਂ ਜਾਂਦੀਆਂ ਹਨ। ਕਾਲਜ ਇਕ ਤਰ੍ਹਾਂ ਨਾਲ ਪੰਜਾਬ ਦਾ ਇਕੋ-ਇਕ ਮੁਫਤ ਵਿਦਿਆ ਵਾਲਾ ਕਾਲਜ ਹੈ

# ਪੀ ਸੀ ਐੱਮ ਐੱਸ. ਡੀ ਕਾਲਜ ਵੱਲੋਂ 'ਟੈਮਿੰਗ ਦਿ ਐਗਜ਼ਾਮ ਡਰੈਗਨਜ਼' 'ਤੇ ਲੈਕਚਰ

**ਜਲੰਧਰ ( ਇਕਬਾਲ ਸਿੰਘ ਉੱਭੀ )** ਪੀਸੀਐਮ ਐਸ.ਡੀ ਕਾਲਜ ਫ਼ਾਰ ਵੂਮੈਨ ਦੇ ਮਨੋਵਿਗਿਆਨ ਵਿਭਾਗ ਵੱਲੋਂ ਟੈਮਿੰਗ ਦਿ ਐਗਜ਼ਾਮ ਡਰੈਗਨਜ਼ ਵਿਸ਼ੇ ਉੱਤੇ ਵਿਚਾਰ-ਪ੍ਰੇਰਕ ਲੈਕਚਰ ਦਾ ਆਯੋਜਨ ਕੀਤਾ ਗਿਆ।ਜਿਸ ਵਿਚ ਮੁੱਖ ਬੁਲਾਰੇ ਡਾ.ਇੰਦਰਪ੍ਰੀਤ ਸੰਧੂ (ਸਹਾਇਕ ਪ੍ਰੋਫ਼ੈਸਰ, ਮਨੋਵਿਗਿਆਨ) ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ।ਇਸ ਲੈਕਚਰ ਦਾ ਉਦੇਸ਼ ਵਿਦਿਆਰਥੀਆਂ ਵਿੱਚ ਪ੍ਰੀਖਿਆ ਤਣਾਅ ਦੇ ਪ੍ਰਚਲਿਤ ਮੁੱਦਿਆਂ ਨੂੰ ਹੱਲ ਕਰਨਾ ਅਤੇ ਇਨ੍ਹਾਂ ਨੂੰ ਦੂਰ ਕਰਨ ਲਈ ਪ੍ਰਭਾਵਸ਼ਾਲੀ ਰਣਨੀਤੀਆਂ ਪ੍ਰਦਾਨ ਕਰਨਾ ਸੀ। ਡਾ.ਇੰਦਰਪ੍ਰੀਤ ਸੰਧੂ ਨੇ ਲੈਕਚਰ ਦੀ ਸ਼ੁਰੂਆਤ ਪ੍ਰੀਖਿਆ ਦੇ ਤਣਾਅ ਵਿੱਚ ਯੋਗਦਾਨ ਪਾਉਣ ਵਾਲੇ ਵੱਖ-ਵੱਖ ਕਾਰਕਾਂ 'ਤੇ ਚਾਨਣਾ ਪਾਉਂਦਿਆਂ, ਅਕਾਦਮਿਕ ਦਬਾਅ ਅਤੇ ਮਾਨਸਿਕ ਸਿਹਤ ਦੇ ਵਿਚਕਾਰ ਗੁੰਝਲਦਾਰ ਸਬੰਧਾਂ ਨੂੰ ਉਜਾਗਰ ਕਰਦਿਆਂ ਕੀਤਾ। ਉਨ੍ਹਾਂ ਨੇ ਆਪਣੇ ਕੀਮਤੀ ਵਿਚਾਰ ਸਾਂਝੇ ਕਰਦਿਆਂ ਹੋਇਆਂ ਦੱਸਿਆ ਕਿ ਤਣਾਅ ਦੇ ਮਨੋਵਿਗਿਆਨਕ ਪਹਿਲੂਆਂ ਦੀ ਉਨ੍ਹਾਂ ਨੇ ਖੋਜ ਕੀਤੀ, ਵਿਦਿਆਰਥੀਆਂ ਦੀ ਸਮੁੱਚੀ ਭਲਾਈ ਤੇ ਇਸਦੇ ਨੁਕਸਾਨਦੇਹ ਪ੍ਰਭਾਵਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਮਤਿਹਾਨ ਦੇ ਤਣਾਅ ਨੂੰ ਘਟਾਉਣ ਲਈ ਨਵੀਨਤਾਕਾਰੀ ਅਤੇ ਵਿਹਾਰਕ ਤਕਨੀਕਾਂ ਵੀ ਪੇਸ਼ ਕੀਤੀਆਂ। ਉਨ੍ਹਾਂ ਨੇ ਪ੍ਰੀਖਿਆ ਦੀ ਤਿਆਰੀ ਲਈ ਇੱਕ ਸੰਪੂਰਨ ਪਹੁੰਚ ਦੀ ਗੱਲ ਕੀਤੀ,ਜਿਸ ਵਿੱਚ ਸਰੀਰਕ, ਭਾਵਨਾਤਮਕ ਅਤੇ ਮਨੋਵਿਗਿਆਨਕ ਤੰਦਰੁਸਤੀ ਸ਼ਾਮਲ ਹੈ।ਇਹ ਲੈਕਚਰ ਵਿਚਾਰਾਂ ਦਾ ਇੱਕ ਗਤੀਸ਼ੀਲ ਵਟਾਂਦਰਾ ਸੀ ਜਿੱਥੇ ਸਪੀਕਰ ਨੇ ਹਾਜ਼ਰੀਨ ਵਿਦਿਆਰਥੀਆਂ ਨਾਲ ਸਵਾਲ ਜਵਾਬ ਰਾਹੀਂ ਖੁੱਲ੍ਹੀ ਚਰਚਾ ਲਈ ਇੱਕ ਸਹਾਇਕ ਮਾਹੌਲ ਨੂੰ ਉਤਸ਼ਾਹਿਤ ਕੀਤਾ ।ਇਹ ਲੈਕਚਰ ਵਿਦਿਆਰਥੀਆਂ ਲਈ ਗਿਆਨ ਭਰਪੂਰ ਅਤੇ ਸ਼ਕਤੀ ਪ੍ਰਦਾਨ ਕਰਨ ਵਾਲਾ ਅਨੁਭਵ ਸਾਬਤ ਹੋਇਆ। ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਨਰੇਸ਼ ਬੁਧੀਆ ,ਸੀਨੀਅਰ ਮੀਤ ਪ੍ਰਧਾਨ ਵਿਨੋਦ ਦਾਦਾ, ਪ੍ਰਬੰਧਕੀ ਕਮੇਟੀ ਦੇ ਹੋਰ ਮੈਂਬਰਾਂ ਅਤੇ ਪ੍ਰਿੰਸੀਪਲ ਪ੍ਰੋ. (ਡਾ.) ਪੂਜਾ ਪਰਾਸ਼ਰ ਨੇ ਮਨੋਵਿਗਿਆਨ ਵਿਭਾਗ ਦੀ

# ਸੰਤ ਸਮਾਜ ਨੇ ਸਿਆਸੀ ਪਾਰਟੀਆਂ ਅੱਗੇ ਰੱਖਿਆ ਵਾਤਾਵਰਣ ਦਾ ਏਜੰਡਾ



**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**-ਸੰਤ ਸਮਾਜ ਨੇ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਅੱਗੇ ਵਾਤਾਵਰਣ ਪੱਖੀ ਲੋਕ ਏਜੰਡਾ ਰੱਖਦਿਆ ਕਿਹਾ ਕਿ ਉਹ ਆਪੋ ਆਪਣੇ ਚੋਣ ਮਨੋਰਥ ਪੱਤਰਾਂ ਵਿੱਚ ਇਸ ਨੂੰ ਸ਼ਾਮਿਲ ਕਰਨ। ਇੱਥੇ ਪੰਜਾਬ ਪ੍ਰੈਸ਼ ਕਲੱਬ ਜਲੰਧਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਸੰਤ ਸਮਾਜ ਨੇ ਪੰਜਾਬ ਦੇ ਵੋਟਰਾਂ ਨੂੰ ਇਹ ਅਪੀਲ਼ ਵੀ ਕੀਤੀ ਕਿ ਉਹ ਵੋਟਾਂ ਮੰਗਣ ਲਈ ਆਉਣ ਵਾਲੇ ਉਮੀਦਵਾਰਾਂ ਕੋਲੋਂ ਸਾਫ ਪਾਣੀ ਤੇ ਸਾਫ ਹਵਾ ਵਰਗੇ ਜੀਵਨ ਨਾਲ ਜੁੜੇ ਮੁੱਦਿਆਂ ਬਾਰੇ ਜਰੂਰ ਸਵਾਲ ਕਰਨ। ਸੰਤ ਸਮਾਜ ਨੇ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੋਟ ਪਾਉਣ ਜਿਹੜੇ ਵਾਤਾਵਰਣ ਨੂੰ ਸਾਫ ਸੁਥਰਾ ਰੱਖਣ ਦਾ ਵਾਅਦਾ ਕਰਨਗੇ।ਸੰਤ ਸਮਾਜ ਦੀ ਅਗਵਾਈ ਕਰ ਰਹੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਉਹ 2002 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਲੈ ਹੁਣ ਤੱਕ ਹੋਣ ਵਾਲੀਆਂ ਸਾਰੀਆਂ ਚੋਣਾਂ ਦੌਰਾਨ ਵਾਤਾਵਰਣ ਦਾ ਮੁੱਦਾ ਚੋਣ ਮਨੋਰਥ ਪੱਤਰਾਂ ਵਿੱਚ ਸ਼ਾਮਿਲ ਕਰਨ ਦੀ ਮੰਗ ਕਰਦੇ ਆ ਰਹੇ ਹਨ।ਉਨ੍ਹਾਂ ਕਿਹਾ ਕਿ 1 ਜੂਨ ਨੂੰ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਲਈ ਵੋਟਾਂ ਪੈਣਗੀਆਂ।ਸਮੁੱਚੇ ਦੇਸ਼ ਦੇ ਚੋਣ ਨਤੀਜੇ 4 ਜੂਨ ਨੂੰ ਸਾਡੇ ਸਾਹਮਣੇ ਹੋਣਗੇ। ਲੋਕਾਂ ਨੇ ਆਉਂਦੇ 5 ਸਾਲਾਂ ਲਈ ਆਪਣੇ ਨੁਮਾਇੰਦੇ ਚੁਣਨੇ ਹਨ, ਇਹਨਾਂ 5 ਸਾਲਾਂ ਲਈ ਚੁਣੇ ਜਾਣ ਵਾਲੇ ਨੁਮਾਇੰਦੇ ਨੂੰ ਹਰ ਵੋਟਰ ਪੁੱਛੇ ਸਾਡੇ ਹਿੱਸੇ ਦਾ ਸਾਫ ਪਾਣੀ ਤੇ ਹਵਾ ਕਿੱਥੇ ਗਈ ਹੈ।ਸੰਤ ਸਮਾਜ ਵੱਲੋਂ ਪੇਸ਼ ਕੀਤੇ ਗਏ ਵਾਤਾਵਰਣ ਦੇ ਏਜੰਡੇ ਵਿੱਚ 12 ਨੁਕਤਿਆਂ 'ਤੇ ਗੱਲ ਕੀਤੀ ਗਈ ਹੈ ਤੇ ਇੰਨ੍ਹਾਂ ਚੋਣ ਮਨੋਰਥ ਪੱਤਰ ਨੂੰ ਕਾਨੂੰਨੀ ਦਸਤਾਵੇਜ਼ ਬਣਾਉਣ ਦੀ ਮੰਗ ਵੀ ਸ਼ਾਮਿਲ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਕਿਸਾਨੀ ਨੂੰ ਫਸਲੀ ਚੱਕਰ ਵਿੱਚੋਂ ਕੱਢਣ ਦੀ ਸਖਤ ਲੋੜ ਹੈ, ਝੋਨਾ ਪੰਜਾਬ ਦੀ ਫਸਲ ਨਹੀਂ ਸੀ ।ਇਸ ਮੌਕੇ ਸੰਤ ਤੇਜ਼ਾ ਸਿੰਘ ਐਮ ਏ,ਸੰਤ ਸੁਖਜੀਤ ਸਿੰਘ ਨਾਹਲਾਂ, ਸੰਤ ਗੁਰਬਚਨ ਸਿਮਘ ਪੰਡਵਾਂ, ਸੰਤ ਗੁਰਮੇਜ਼ ਸਿੰਘ, ਸੰਤ ਬਲਦੇਵ ਕ੍ਰਿਸ਼ਨ ਸਿੰਘ ਗਿੱਲਾਂ, ਸੰਤ ਸੁਖਜੀਤ ਸਿੰਘ ਸੀਚੇਵਾਲ, ਭਗਵਾਨ ਸਿੰਘ ਜੌਹਲ, ਵਿਸ਼ਵ ਚਿੰਤਕ ਡਾ. ਸਵਰਾਜ ਸਿੰਘ, ਸਾਬਕਾ ਚੇਅਰਮੈਨ ਮੋਹਣ ਲਾਲ ਸੂਦ, ਸੁਰਜੀਤ ਸਿੰਘ ਸ਼ੰਟੀ, ਬਹਾਦਰ ਸਿੰਘ ਸੰਧੂ, ਅਮਰਜੀਤ ਸਿੰਘ ਨਿੱਝਰ, ਜੋਗਾ ਸਿੰਘ ਸਰਪੰਚ ਚੱਕ ਚੇਲਾ ਅਤੇ ਹੋਰ ਸਮਾਜ ਸੇਵੀ ਜੱਥੇਬੰਦੀਆਂ ਦੇ ਆਗੂ ਹਾਜ਼ਰ ਸਨ।

# ਮਾਤਾ ਗੁਜਰੀ ਖ਼ਾਲਸਾ ਕਾਲਜ 'ਚ ਖ਼ਾਲਸਾ ਪੰਥ ਦੇ ਸਾਜਨਾ ਦਿਵਸ ਤੇ ਨਵੇਂ ਸੈਸ਼ਨ ਦੀ ਸ਼ੁੱਭ ਆਰੰਭਤਾ ਦੇ ਸਮਾਗਮ



**ਕਰਤਾਰਪੁਰ (ਹਰਮੇਸ਼ ਦੱਤ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਕਰਤਾਰਪੁਰ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਯੋਗ ਅਗਵਾਈ ਹੇਠ ਧਾਰਮਿਕ ਵਿਭਾਗ ਤੇ ਸੰਗੀਤ ਵਿਭਾਗ ਦੁਆਰਾ ਬੀਬੀ ਰਾਜਵਿੰਦਰ ਕੌਰ ਅਤੇ ਪ੍ਰੋ. ਗੁਰਇਕਬਾਲ ਸਿੰਘ ਦੀ ਦੇਖ-ਰੇਖ ਹੇਠ ਖ਼ਾਲਸਾ ਪੰਥ ਦਾ ਸਾਜਨਾ ਦਿਵਸ ਮਨਾਇਆ ਗਿਆ। ਇਸ ਮੌਕੇ ਬੀਬੀ ਰਾਜਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਖ਼ਾਲਸਾ ਪੰਥ ਦੀ ਸਾਜਨਾ ਦੇ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਸਿੱਖ ਰਹਿਤ ਮਰਿਆਦਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨਵੇਂ ਵਿੱਦਿਅਕ ਵਰ੍ਹੇ 2024-25 ਦੀ ਸ਼ੁੱਭ ਆਰੰਭਤਾ ਲਈ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੁਆਰਾ ਜਪੁਜੀ ਸਾਹਿਬ, ਚੌਪਈ ਸਾਹਿਬ, ਬਾਰਹ ਮਾਹ ਮਾਝ ਅਤੇ ਅਨੰਦ ਸਾਹਿਬ ਜੀ ਦੇ ਪਾਠ ਪੜ੍ਹੇ ਗਏ ਅਤੇ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਕੀਤੇ ਗਏ। ਇਸ ਉਪਰੰਤ ਨਵੇਂ ਸੈਸ਼ਨ ਦੀ ਸ਼ੁੱਭ ਆਰੰਭਤਾ ਅਤੇ ਵਿਦਿਆਰਥੀਆਂ ਦੀ ਚੰਗੀ ਕਾਰਗੁਜ਼ਾਰੀ ਲਈ ਅਰਦਾਸ ਕੀਤੀ ਗਈ ਅਤੇ ਕੜਾਹ ਪ੍ਰਸ਼ਾਦਿ ਦੀ ਦੇਗ ਵਰਤਾਈ ਗਈ। ਇਸ ਮੌਕੇ ਡਾ. ਸੁਚੇਤਾ ਰਾਣੀ ਨੇ ਦੱਸਿਆ ਕਿ ਕਾਲਜ ਵਿਖੇ 10+1, 10+2 (ਆਰਟਸ, ਕਾਮਰਸ, ਸਾਇੰਸ), ਡਿਗਰੀ ਅਤੇ ਡਿਪਲੋਮਾ ਕੋਰਸ ਸਫਲਤਾਪੂਰਵਕ ਚਲ ਰਹੇ ਹਨ। ਇਸ ਮੌਕੇ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਐੱਸ ਟੀ ਐੱਸ ਵਰਲਡ ਸਕੂਲ 'ਚ ਖਾਸ ਪ੍ਰਾਰਥਨਾ ਸਭਾ



**ਗੁਰਾਇਆ (ਬਿੰਦਰ ਸੁਮਨ)**- ਐੱਸ. ਟੀ. ਐੱਸ ਵਰਲਡ ਸਕੂਲ ਦੇ ਬਾਰ੍ਹਵੀਂ -ਏ ਜਮਾਤ ਦੇ ਵਿਦਿਆਰਥੀਆਂ ਨੇ ਆਪਣੀ ਜਮਾਤ ਇੰਚਾਰਜ ਯੋਗਿਤਾ ਖੁੱਲਰ ਦੀ ਅਗਵਾਈ ਹੇਠ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ। ਇਸ ਸਭਾ ਦੀ ਸ਼ੁਰੂਆਤ ਸਵੇਰ ਦੀ ਅਰਦਾਸ ਨਾਲ ਹੋਈ। ਮੰਚ ਦਾ ਸੰਚਾਲਨ ਸਾਨੀਆ ਨੇ ਕੀਤਾ। ਅੱਜ ਦਾ ਵਿਚਾਰ ਇਸ਼ਮਿਤਾ ਨੇ ਪੇਸ਼ ਕੀਤਾ। ਅਵਨੀਤ ਕੌਰ ਰਾਹੀਂ ਤਾਜ਼ਾ ਸੁਰਖੀਆਂ ਪੜ੍ਹੀਆਂ ਗਈਆਂ । ਰਾਜਵੀਰ ਨੇ ਨਵਾਂ ਸ਼ਬਦ ਦੱਸ ਕੇ ਸਭ ਦੇ ਗਿਆਨ ਵਿੱਚ ਵਾਧਾ ਕੀਤਾ। ਸਾਨੀਆ ਨੇ ਇਸ ਤਿਉਹਾਰ ਨੂੰ ਮਨਾਉਣ ਦੇ ਇਤਿਹਾਸਕ, ਸੱਭਿਆਚਾਰਕ ਅਤੇ ਧਾਰਮਿਕ ਕਾਰਨਾਂ ਉੱਤੇ ਰੌਸ਼ਨੀ ਪਾਈ। ਮੈਡਮ ਸਵਿਤਾ ਨੇ ਡਾਕਟਰ ਭੀਮ ਰਾਓ ਅੰਬੇਡਕਰ ਦੇ ਜੀਵਨ ਅਤੇ ਵਿਚਾਰਧਾਰਾਵਾਂ ਤੋਂ ਜਾਣੂ ਕਰਵਾਇਆ । ਇਸ ਜਮਾਤ ਦੇ ਵਿਦਿਆਰਥੀਆਂ ਨੇ ਭੰਗੜੇ ਦੀ ਅਦੁਭਤ ਪੇਸ਼ਕਾਰੀ ਰਾਹੀਂ ਸਭਾ ਦੀ ਰੌਣਕ ਨੂੰ ਚਾਰ ਚੰਨ ਲਗਾ ਦਿੱਤੇ। ਸਭਾ ਦੇ ਅੰਤ ਵਿੱਚ ਸਕੂਲ ਪ੍ਰਿੰਸੀਪਲ ਪ੍ਰਭਜੋਤ ਗਿੱਲ ਨੇ ਇਸ ਜਮਾਤ ਦੇ ਵਿਦਿਆਰਥੀਆਂ ਅਤੇ ਅਧਿਆਪਕ ਦੁਆਰਾ ਕੀਤੇ ਗਏ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ। ਸਭ ਨੂੰ ਵਿਸਾਖੀ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹੇ ਤਿਉਹਾਰ ਆਪਸ ਵਿੱਚ ਰਲ ਮਿਲ ਕੇ ਉਤਸ਼ਾਹ ਨਾਲ ਮਨਾਉਣੇ ਚਾਹੀਦੇ ਹਨ।

# ਦੁਕਾਨ ਮੋਹਰੇ ਖੜ੍ਹੀ ਕਾਰ ਚੋਰੀ



**ਮਾਹਿਲਪੁਰ (ਸ.ਫਰੀ)**- ਮਾਹਿਲਪੁਰ ਕਰਿਆਨੇ ਦੀ ਦੁਕਾਨ ਅੱਗਿਓਂ ਇਕ ਵੈਗਨਾਰ ਗੱਡੀ ਅਣਪਛਾਤੇ ਚੋਰਾਂ ਵੱਲੋਂ ਕੀਤੀ ਚੋਰੀ । ਦੀਪਕ ਕੁਮਾਰ ਪੁੱਤਰ ਨਰਿੰਦਰ ਕੁਮਾਰ ਵਾਸੀ ਵਾਰਡ ਨੰਬਰ 7 ਨੇ ਮਾਹਿਲਪੁਰ ਪੁਲਸ ਨੂੰ ਦਿੱਤੀ ਦਰਖਾਸਤ ਮੁਤਾਬਿਕ ਕਿ ਮੈਂ ਕਰਿਆਨੇ ਦੀ ਦੁਕਾਨ ਕਰਦਾ ਹਾਂ ਅਤੇ ਆਲੇ ਦੁਆਲੇ ਪਿੰਡਾਂ ਵਿੱਚ ਵੀ ਕਰਿਆਨੇ ਦਾ ਸਮਾਨ ਸਪਲਾਈ ਕਰਦਾ ਹਾਂ। ਉਨ੍ਹਾਂ ਦੱਸਿਆ ਕਿ ਸ਼ਾਮ ਨੂੰ ਤਕਰੀਬਨ 7.30 ਵਜੇ ਆਪਣੀ ਵੈਗਨਾਰ ਗੱਡੀ ਨੰਬਰ ਪੀ ਬੀ 07 ਐਲ 8882 ਦੁਕਾਨ ਅੱਗੇ ਖੜ੍ਹੀ ਕਰ ਕੇ ਦੁਕਾਨ ਬੰਦ ਕਰਕੇ ਘਰ ਨੂੰ ਚਲੇ ਗਏ । ਜਦੋਂ ਮੈਂ ਸਵੇਰੇ ਦੇਖਿਆ ਤਾਂ ਦੁਕਾਨ ਅੱਗੇ ਗੱਡੀ ਗਾਇਬ ਨਹੀ ਸੀ । ਅਣਪਛਾਤੇ ਚੋਰਾਂ ਵੱਲੋਂ ਗੱਡੀ ਚੋਰੀ ਕਰ ਲਈ ਗਈ ਸੀ। ਥਾਣਾ ਮਾਹਿਲਪੁਰ ਦੀ ਪੁਲਸ ਮਾਮਲੇ ਦੀ ਪੜਤਾਲ ਕਰ ਰਹੀ ਹੈ ।

# ਇੱਕੋ ਘਰ ਨੂੰ 5 ਵੀਂ ਵਾਰ ਬਣਾਇਆ ਨਿਸ਼ਾਨਾ, ਲੱਖਾਂ ਦਾ ਸਮਾਨ ਲੈ ਗਏ



**ਗੁਰਾਇਆ (ਬਿੰਦਰ ਸੁਮਨ)**- ਚੋਰ ਹੁਣ ਨਿਡਰ ਹੋ ਕੇ ਖੂਹਾਂ 'ਤੇ ਪਏ ਕਿਸਾਨਾਂ ਦੇ ਸਮਾਨ ਨੂੰ ਵੀ ਨਿਸ਼ਾਨਾ ਬਣਾ ਰਹੇ ਹਨ। ਇਸ ਸਬੰਧੀ ਪਿੰਡ ਅੱਟੀ ਦੇ ਵਸਨੀਕ ਭਜਨ ਸਿੰਘ ਪੁੱਤਰ ਸੁਰਜਨ ਸਿੰਘ ਦੱਸਿਆ ਕਿ ਰਾਤ ਦੇ ਸਮੇਂ ਚਾਰ ਦੇ ਕਰੀਬ ਚੋਰ ਤੇਜ਼ ਹਥਿਆਰਾਂ ਨਾਲ ਲੈਸ ਉਨ੍ਹਾਂ ਦੇ ਖੂਹ 'ਤੇ ਆਏ । ਉਨ੍ਹਾਂ ਉਸ ਨੂੰ ਰੱਸੇ ਨਾਲ ਬੰਨ੍ਹ ਦਿੱਤਾ।

ਚੋਰ ਜਨਰੇਟਰ, ਵੇਲਣਾ, ਪੱਠੇ ਕੁਤਰਨ ਵਾਲੀ ਮਸ਼ੀਨ, ਖੇਤੀਬਾੜੀ ਸੰਦ ਲੱਖਾਂ ਦਾ ਸਮਾਨ ਲੈ ਗਏ। ਭਜਨ ਨੇ ਦੱਸਿਆ ਚੋਰ ਪੰਜਵੀਂ ਵਾਰ ਆਏ। ਪਹਿਲਾਂ ਉਨ੍ਹਾਂ ਤਿੰਨ ਵਾਰ ਪੁਲਸ ਨੂੰ ਇਤਲਾਹ ਕੀਤੀ ਪਰ ਕੁਝ ਨਹੀਂ ਬਣਿਆ। ਭਜਨ ਸਿੰਘ ਨੇ ਦੱਸਿਆ ਕਿ ਚੋਰਾਂ ਨੇ ਉਸ ਨੂੰ ਅੰਮ੍ਰਿਤਪਾਲ ਨੂੰ ਛਡਾਉਣ ਲਈ, ਮੋਦੀ ਨੂੰ ਹਟਾਉਣ ਸਬੰਧੀ ਇਹ ਚੋਰੀ ਕਰ ਰਹੇ ਹਨ ਅਤੇ ਵਾਪਸ ਹਫਤੇ ਬਾਅਦ ਆਉਣ ਦੀ ਧਮਕੀ ਦਿੱਤੀ। ਪੁਲਸ ਵਲੋਂ ਕਰਮਚਾਰੀ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਹ ਬਣਦੀ ਕਾਰਵਾਈ ਕਰਨਗੇ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਬਲਾਕ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਬਲਾਕ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਪਰਮਜੀਤ ਬੱਧਣ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਤੋਂ ਪਹਿਲਾਂ ਬਲਾਕ ਦੇ ਸਮੂਹ ਮੈਂਬਰਾਂ ਵੱਲੋਂ ਵਿਸ਼ਵ ਰਤਨ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਦੀ ਖੁਸ਼ੀ 'ਚ ਉਨ੍ਹਾ ਦੇ ਬੁੱਤ 'ਤੇ ਹਾਰ ਪਹਿਨਾ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆ ਮੁਸ਼ਕਲਾਂ ਬਾਰੇ ਚਰਚਾ ਕੀਤੀ ਗਈ। ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਪ੍ਰੇਮ ਸਲੋਹ ਅਤੇ ਬਲਾਕ ਪ੍ਰਧਾਨ ਡਾਕਟਰ ਪਰਮਜੀਤ ਬੱਧਣ ਅਤੇ ਬਲਾਕ ਜਨਰਲ ਸਕੱਤਰ ਡਾਕਟਰ ਮਨਜਿੰਦਰ ਸੱਲ੍ਹਣ ਨੇ ਕਿਹਾ ਕਿ ਸਾਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਮਿਸ਼ਨ ਅਤੇ ਉਨ੍ਹਾ ਦੇ ਦਰਸਾਏ ਮਾਰਗ ਤੇ ਚੱਲਦਿਆ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ ਅਤੇ ਜੋ ਉਨ੍ਹਾ ਕਿਹਾ ਸੀ ਕਿ ਪੜ੍ਹੋ, ਜੁੜੋ, ਸ਼ੰਘਰਸ਼ ਕਰੋ 'ਤੇ ਅਮਲ ਕਰਕੇ ਹਰ ਇਨਸਾਨ ਨੂੰ ਆਪਣੇ ਹੱਕਾਂ ਲਈ ਲੜਨ ਲਈ ਸੁਚੇਤ ਕਰਨਾ ਚਾਹੀਦਾ ਹੈ। ਜੋ ਬਾਬਾ ਸਾਹਿਬ ਅੰਬੇਡਕਰ ਜੀ ਨੇ ਸਾਨੂੰ ਵੋਟ ਦਾ ਅਧਿਕਾਰ ਦਿਵਾਇਆ ਹੈ ਉਸ ਨੂੰ ਪੂਰੀ ਇਮਾਨਦਾਰੀ ਅਤੇ ਸਚਾਈ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ । ਮੀਟਿੰਗ ਦੌਰਾਨ ਮੈਡੀਕਲ ਪ੍ਰੈਕਟੀਸ਼ਨਰਜ ਵਲੋਂ ਸਰਕਾਰ ਤੋਂ ਉਨ੍ਹਾ ਦੇ ਮਸਲੇ ਨੂੰ ਜਲਦ ਤੋਂ ਜਲਦ ਹੱਲ ਕਰਨ ਲਈ ਮੰਗ ਕੀਤੀ ਗਈ। ਇਸ ਸਮੇਂ ਡਾ. ਦਿਲਬਾਗ ਸਿੰਘ, ਡਾ. ਜੁਗਿੰਦਰ ਪਾਲ, ਡਾ. ਸੁਰਜੀਤ ਰੱਲ੍ਹ, ਡਾ. ਤਰਸੇਮ ਸਲੋਹ, ਡਾ. ਸਤਨਾਮ ਸਿੰਘ, ਡਾ. ਨਿਰਮਲ ਖਾਨਪੁਰ, ਡਾ. ਰਾਮ ਕਪੂਰ, ਡਾ. ਰੋਸ਼ਨ ਲਾਲ, ਡਾ. ਸਤਨਾਮ ਲਾਡੀ, ਡਾ. ਅਮਰਜੀਤ ਜੱਬੋਵਾਲ ਅਤੇ ਡਾ. ਬਹਾਦਰ ਸਿੰਘ ਆਦਿ ਹਾਜ਼ਰ ਸਨ।

# ਡਾਕਟਰ ਅੰਬੇਡਕਰ ਦਾ ਜਨਮ ਦਿਹਾੜਾ ਉਤਸ਼ਾਹ ਨਾਲ ਮਨਾਇਆ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )** ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਖੋਥੜਾ ਵਿਖੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦਾ 133ਵਾਂ ਜਨਮ ਦਿਹਾੜਾ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਅਕੈਡਮੀ ਦੇ ਸੰਚਾਲਕ ਸਾਬਕਾ ਇੰਟਰਨੈਸ਼ਨਲ ਕੁਸ਼ਤੀ ਕੋਚ ਪੀ.ਆਰ. ਸੋਂਧੀ ਨੇ ਪਹਿਲਵਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਦਾ ਸਮੁੱਚਾ ਜੀਵਨ ਬਹੁਤ ਹੀ ਸੰਘਰਸ਼ਾਂ ਨਾਲ ਭਰਿਆ ਹੋਇਆ ਹੈ।

ਉਹਨਾਂ ਦਾ ਸਾਰਾ ਜੀਵਨ ਮਨੁੱਖਤਾ ਨੂੰ ਪ੍ਰੇਰਣਾ ਦੇਣ ਵਾਲਾ ਹੈ। ਅਜੋਕੀ ਨੌਜਵਾਨ ਪੀੜ੍ਹੀ ਨੂੰ ਉਹਨਾਂ ਦੇ ਜੀਵਨ ਬਾਰੇ ਲਿਖੇ ਸਾਹਿੱਤ ਨੂੰ ਜਰੂਰ ਪੜ੍ਹਨਾ ਚਾਹੀਦਾ ਹੈ। ਕਿਉਂਕਿ ਇਸ ਨਾਲ ਜੀਵਨ ਦੇ ਸੰਘਰਸ਼ਾਂ ਦਾ ਮੁਕਾਬਲਾ ਕਰਨ ਦਾ ਆਤਮ ਵਿਸ਼ਵਾਸ ਅਤੇ ਤਾਕਤ ਮਿਲਦੀ ਹੈ। ਉਹਨਾਂ ਕਿਹਾ ਕਿ ਬਾਬਾ ਸਾਹਿਬ ਨੇ ਪੜ੍ਹੋ-ਜੁੜੋ ਅਤੇ ਸੰਘਰਸ਼ ਕਰੋ ਦਾ ਜੋ ਨਾਅਰਾ ਦਿੱਤਾ ਹੈ, ਉਸ 'ਤੇ ਅਮਲ ਕਰਦਿਆਂ ਸਾਨੂੰ ਵੱਧ ਤੋਂ ਵੱਧ ਪੜ੍ਹਨਾ ਚਾਹੀਦਾ ਹੈ ਤਾਂ ਜੋ ਆਪਣੇ ਅਧਿਕਾਰਾਂ ਦੇ ਪ੍ਰਤੀ ਜਾਗਰੂਕ ਹੋ ਸਕੀਏ। ਇਸ ਮੌਕੇ ਕੋਚ ਰਵਿੰਦਰ ਨਾਥ,ਪਹਿਲਵਾਨ ਸੰਨੀ,ਨੀਰਜ ਮੱਲ, ਗੁਰਿੰਦਰ ਸਿੰਘ, ਅਵਿਸ਼ੇਕ, ਸਾਹਿਲ ਹੰਸ, ਰੋਮੀ, ਸਾਗਰ ਖੁਰਾਣਾ, ਵਿਕਾਸ ਕੁਮਾਰ ਆਦਿ ਹਾਜਰ ਸਨ।

# ਤਰਕਸ਼ੀਲ ਸੁਸਾਇਟੀ ਨੇ ਉਸਾਰੂ ਸਾਹਿਤ ਸਸਤੀਆਂ ਦਰਾਂ 'ਤੇ ਵੰਡਣ ਦਾ ਟੀਚਾ ਮਿੱਥਿਆ



**ਖਰੜ (ਹਰਨਾਮ ਸਿੰਘ ਡੱਲਾ)**- ਅੱਜ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਖਰੜ ਦੀ ਮਹੀਨਾਵਾਰ ਮੀਟਿੰਗ ਹੋਈ। ਜਿਸ ਵਿੱਚ ਚੰਡੀਗੜ੍ਹ ਜ਼ੋਨ ਦੇ ਮੁਖੀ ਪ੍ਰਿੰਸੀਪਲ ਖਰੜ ਗੁਰਮੀਤ ਵੀ ਸ਼ਾਮਲ ਹੋਏ। ਮੀਟਿੰਗ ਵਿੱਚ ਮੈਂਬਰਾਂ ਵੱਲੋਂ ਸਮਾਜ ਵਿੱਚ ਸਾਹਿਤ ਦੀ ਭੂਮਿਕਾ 'ਤੇ ਚਰਚਾ ਕੀਤੀ ਗਈ। ਮੀਟਿੰਗ ਵਿੱਚ ਜ਼ੋਨ ਮੁਖੀ ਗੁਰਮੀਤ ਖਰੜ ਨੇ ਦੱਸਿਆ ਕਿ ਭਾਵੇਂ ਕਿ ਸੂਬਾ ਕਮੇਟੀ ਦਾ ਸਾਹਿਤ ਵਿਭਾਗ ਪਹਿਲਾਂ ਹੀ ਉਸਾਰੂ ਅਤੇ ਬਹੁਤ ਘੱਟ ਕੀਮਤ ਵਾਲਾ ਸਾਹਿਤ ਲੋਕਾਂ ਕੋਲ ਪੁੱਜਦਾ ਕਰਦਾ ਆ ਰਿਹਾ ਹੈ ਪਰ ਹੁਣ ਇਸ ਕੰਮ ਦਾ ਫੈਲਾਅ ਇਕਾਈਆਂ ਦੇ ਪੱਧਰ 'ਤੇ ਵੀ ਕੀਤਾ ਜਾਵੇਗਾ। ਮੀਡੀਆ ਮੁਖੀ ਕਰਮਜੀਤ ਸਕਰੁੱਲਾਂਪੁਰੀ ਨੇ ਦੱਸਿਆ ਕਿ ਸਮਾਜ ਵਿੱਚ ਸਾਹਿਤ ਦੀ ਹਮੇਸ਼ਾ ਤੋਂ ਇਕ ਵਡੇਰੀ ਭੂਮਿਕਾ ਰਹੀ ਹੈ। ਇਸੇ ਕਰਕੇ ਸਾਹਿਤ ਦੀ ਇਸ ਭੂਮਿਕਾ ਨੂੰ ਲੈ ਕੇ ਸੁਸਾਇਟੀ ਹਮੇਸ਼ਾ ਹੀ ਗੰਭੀਰ ਹੈ। ਇਕਾਈ ਦੇ ਜਥੇਬੰਦਕ ਮੁਖੀ ਕੁਲਵਿੰਦਰ ਨਗਾਰੀ ਨੇ ਕਿਹਾ ਕਿ ਕਿਹਾ ਕਿ ਤਰਕਸ਼ੀਲ ਸੁਸਾਇਟੀ ਨੇ ਉਸਾਰੂ ਸਾਹਿਤ ਘੱਟ ਤੋਂ ਘੱਟ ਕੀਮਤ ਉੱਤੇ ਵੱਧ ਤੋਂ ਵੱਧ ਲੋਕਾਂ ਵਿੱਚ ਲਿਜਾਣ ਦਾ ਟੀਚਾ ਮਿੱਥਿਆ ਹੋਇਆ ਹੈ। ਉਨਾਂ ਕਿਹਾ ਕਿ ਇਕਾਈਆਂ ਕੋਲੋਂ ਦਸ ਰੁਪਏ ਦੀ ਕੀਮਤ ਵਿੱਚ ਵੀ ਬਹੁਤ ਪਾਏਦਾਰ ਸਾਹਿਤ ਲਿਆ ਅਤੇ ਪੜ੍ਹਿਆ ਜਾ ਸਕਦਾ ਹੈ। ਇਸ ਮੌਕੇ ਇਕਾਈ ਦੇ ਸੀਨੀਅਰ ਆਗੂ ਭੁਪਿੰਦਰ ਮਦਨਹੇੜੀ, ਰਾਮ ਕ੍ਰਿਸ਼ਨ ਧੁਨਕੀਆ, ਸੁਜਾਨ ਬਡਾਲਾ ਅਤੇ ਬਿਕਰਮਜੀਤ ਸੋਨੀ ਨੇ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈਆਂ ਵੱਲੋਂ ਬਲ਼ੌਂਗੀ ਵਿਖੇ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਅਤੇ ਖਰੜ ਵਿਖੇ ਸ਼ਹੀਦ ਭਗਤ ਸਿੰਘ ਕਿਤਾਬ ਘਰ ਪਹਿਲਾਂ ਹੀ ਲੋਕਾਂ ਲਈ ਖੋਲ੍ਹ ਦਿੱਤੇ ਗਏ ਹਨ।

# ਸਿੱਖਿਆ ਵਿਭਾਗ ਦੀ ਐਫੀਲੀਏਟਿਡ ਸਕੂਲਾਂ ਨੂੰ ਬੰਦ ਕਰਵਾਉਣ ਦੀ ਨੀਤੀ : ਰਾਸਾ ਪੰਜਾਬ

**ਮੋਹਾਲੀ (ਗੁਰਜੀਤ ਬਿੱਲਾ)**-ਪੰਜਾਬ ਸਰਕਾਰ ਐਲੀਲੀਏਟਿਡ ਸਕੂਲਾਂ ਨੂੰ ਬੰਦ ਕਰਵਾਉਣ ਦੀਆਂ ਨੀਤੀਆਂ ਬਣਾ ਰਹੀ ਹੈ ਸਿੱਖਿਆ ਰੋਜਾਨਾਂ ਚੈਕਿੰਗ ਦੇ ਨਾਂਅ 'ਤੇ ਨਵੇਂ ਨਵੇਂ ਫੁਰਮਾਨ ਜਾਰੀ ਕਰ ਰਿਹਾ ਹੈ। ਇਸ ਦੇ ਨਾਲ ਵੱਖ ਵੱਖ ਸਰਟੀਫੀਕੇਟ ਪ੍ਰਾਪਤ ਕਰਨ ਵਾਲੀਆਂ ਫੀਸਾਂ ਵਿੱਚ ਬੇਤਹਾਸ਼ਾ ਵਾਧਾ ਕਰ ਰਿਹਾ ਹੈ। ਸਰਕਾਰੀ ਨੀਤੀਆਂ ਵਿਰੁੱਧ ਕਾਨੂੰਨੀ ਅਤੇ ਜਮੀਨੀ ਸੰਘਰਸ਼ ਕਰਨ 'ਤੇ ਵਿਚਾਰ ਕਰਦੇ ਹੋਏ ਬੀਤੇ ਦਿਨੀ ਰਾਸਾ ਪੰਜਾਬ ਦੀ ਇਕ ਮੀਟਿੰਗ ਰਾਸਾ ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਨਰਿੰਦਰ ਪਾਲ ਸਿੰਘ ਦੀ ਰਹਿਨੁਮਾਈ ਹੇਠ ਹੋਈ।ਰਾਸਾ ਪੰਜਾਬ ਦੇ ਪ੍ਰਧਾਨ ਜਗਤਪਾਲ ਮਹਾਜਨ ਅਤੇ ਜਨਰਲ ਸਕੱਤਰ ਸੁਜੀਤ ਸ਼ਰਮਾ ਬਬਲੂ ਨੇ ਦੱਸਿਆ ਕਿ ਰਾਸਾ ਵੱਲੋਂ ਹਰ ਸਾਲ ਦੀ ਤਰ੍ਹਾਂ ਸਰਕਾਰੀ ਤੰਤਰਾਂ ਵੱਲੋਂ ਜਾਰੀ ਕੀਤੇ ਗਏ ਬੇਲੋੜੇ ਅਤੇ ਭੰਬਲਭੂਸੇ ਵਿੱਚ ਪਾਉਣ ਵਾਲੇ ਪੱਤਰਾਂ ਦੀ ਆਮਦ ਉੱਤੇ ਆਪਣਾ ਰੋਸ ਜਾਹਰ ਕੀਤਾ। ਰਾਸਾ ਦੇ ਬੁਲਾਰੇ ਜਗਜੀਤ ਸਿੰਘ ਨੇ ਦੱਸਿਆ ਕਿ ਦਾਖਲਿਆਂ ਦੇ ਦਿਨਾਂ ਵਿੱਚ ਸਰਕਾਰੀ ਬਾਬੂ ਸ਼ਾਹੀ ਪ੍ਰਾਈਵੇਟ ਸਕੂਲਾਂ ਉੱਤੇ ਹਾਵੀ ਹੋ ਜਾਂਦੀ ਹੈ। ਜਿੱਥੇ ਇੱਕ ਪਾਸੇ ਸਕੂਲਾਂ ਦੇ ਪ੍ਰਬੰਧਕਾਂ ਦਾ ਧਿਆਨ ਆਪਣੇ ਦਾਖਲਿਆਂ ਵਿੱਚ ਲੱਗਾ ਹੁੰਦਾ ਹੈ, ਉਥੇ ਦੂਜੇ ਪਾਸੇ ਸਰਕਾਰਾਂ ਵੱਲੋਂ ਉਹਨਾਂ ਨੂੰ ਬੇਲੋੜੇ ਪੱਤਰਾਂ ਦੇ ਜਵਾਬ ਵਿੱਚ ਉਲਝਾ ਦਿੱਤਾ ਜਾਂਦਾ ਹੈ। ਉਹਨਾਂ ਦੱਸਿਆ ਕਿ ਅਸੀਂ ਸਾਰੇ ਘੱਟ ਬਜਟ ਵਾਲੇ ਸਕੂਲ ਹਾਂ ਜੋ 500 ਤੋਂ ਲੈ ਕੇ 1200 ਰੁਪਏ ਤੱਕ ਮਹੀਨਾ ਫੀਸ ਲੈ ਕੇ ਪੰਜਾਬ ਵਿੱਚ 5 ਲੱਖ ਤੋਂ ਵੱਧ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਕੋਸ਼ਿਸ਼ਾਂ ਕਰਦੇ ਹਾਂ। ਸੁਜੀਤ ਸ਼ਰਮਾ ਨੇ ਦੱਸਿਆ ਕਿ ਸਰਕਾਰ ਸਾਨੂੰ ਹਰ ਸਾਲ ਮਹਿੰਗਾਈ ਦੀ ਦਰ ਦੇ ਹਿਸਾਬ ਨਾਲ ਸਿਰਫ 8 ਪ੍ਰਤੀਸ਼ਤ ਫੀਸਾਂ ਵਧਾਉਣ ਲਈ ਕਹਿੰਦੀ ਹੈ ਪਰ ਖੁਦ ਉਹਨਾਂ ਦੀਆਂ ਫੀਸਾਂ 200 ਤੋਂ 300 ਪ੍ਰਤੀਸ਼ਤ ਵੱਧ ਜਾਂਦੀਆਂ ਹਨ। ਉਹਨਾਂ ਦੱਸਿਆ ਕਿ ਫਾਇਰ ਸੇਫਟੀ ਦੀ ਫੀਸ ਜਿੱਥੇ 500 ਰੁਪਏ ਸੀ ਉਥੇ 10 ਹਜਾਰ ਰੁਪਏ ਤੱਕ ਕਰ ਦਿੱਤੀ ਗਈ ਹੈ।ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਫੀਸ 1000 ਰੁਪਏ ਸੀ ਉਹ 10 ਤੋਂ 25 ਹਜਾਰ ਰੁਪਏ ਕਰ ਦਿੱਤੀ ਗਈ ਹੈ। ਅਨੁਲਗ ਬੀ ਦੀ ਫੀਸ 1000 ਤੋਂ 17,000 ਰੁਪਏ ਕਰ ਦਿੱਤੀ ਗਈ ਹੈ।ਉਹ ਵੀ 50,000 ਤਿੰਨਾਂ ਸਾਲਾਂ ਦੀ ਫੀਸ ਇਕੋ ਵਾਰ ਜਮ੍ਹਾਂ ਕਰਵਾਉਣ ਲਈ ਮਜਬੂਰ ਕੀਤਾ ਗਿਆ ਹੈ।

ਇਸ ਮੌਕੇ 'ਤੇ ਸੁਖਵਿੰਦਰ ਸਿੰਘ ਭੱਲਾ, ਚਰਨਜੀਤ ਸਿੰਘ ਪਾਰੋਵਾਲ, ਜਗਜੀਤ ਸਿੰਘ, ਡਾ ਵਿਨੋਦ ਕਪੂਰ,ਹਰਸ਼ਦੀਪ ਸਿੰਘ ਰੰਧਾਵਾ, ਨਰਿੰਦਰ ਪਾਲ ਸਿੰਘ, ਸੁਸੀਲ ਅਗਰਵਾਲ,ਯਾਦਵਿੰਦਰ ਸਿੰਘ, ਨਵਜੋਤ ਸਿੰਘ ਭੰਗੂ, ਸਮੀਰ ਭਾਟੀਆ,ਮਯੰਕ ਕਪੂਰ, ਪੁਨੀਤ ਗੁਪਤਾ,ਅਰੁਣ ਮਨਸੋਤਰਾ,ਕੁਨਾਲ ਕਪੂਰ,ਗੌਰਵ ਅਰੋੜਾ, ਦਿਨੇਸ਼ ਕਪੂਰ, ਕਮਲ ਜੋਤ ਕੋਹਲੀ, ਸੋਹਣ ਸਿੰਘ, ਦਵਿੰਦਰ ਪਿਪਲਾਨੀ, ਸੁਮਿਤ ਪੁਰੀ, ਪ੍ਰਦੀਪ ਸਰੀਨ, ਰਿਤੇਸ਼ ਪੁਰੀ, ਅਭਿਸ਼ੇਕ ਪੁਰੀ,ਰੋਹਿਤ ਮਹਾਜਨ, ਰਾਜੀਵ , ਰਾਜੇਸ਼ ਪ੍ਰਭਾਕਰ, ਹਰਭਜਨ ਸਿੰਘ, ਲਵਲੀ ਕੁਮਾਰ, ਲੱਕੀ ਪਹਿਲਵਾਨ ਅਤੇ ਜਗਜੀਤ ਸਿੰਘ ਆਦਿ ਹਾਜਰ ਸਨ।

# ਦੋਆਬਾ ਕਿਸਾਨ ਯੂਨੀਅਨ ਮਹਿਤਪੁਰ ਦੀ ਚੋਣ



**ਮਹਿਤਪੁਰ (ਰਾਜਾ)**- ਦੋਆਬਾ ਕਿਸਾਨ ਯੂਨੀਅਨ ਮਹਿਤਪੁਰ ਜ਼ਿਲ੍ਹਾ ਜਲੰਧਰ ਦੀ ਮੀਟਿੰਗ ਦਫ਼ਤਰ ਦੋਆਬਾ ਕਿਸਾਨ ਯੂਨੀਅਨ, ਨੇੜੇ ਰਾਇਲ ਸਿਟੀ ਕਲੋਨੀ ਮਹਿਤਪੁਰ ਵਿਚ ਹੋਈ। ਜਿਸ ਵਿਚ ਸਰਬਸੰਮਤੀ ਨਾਲ ਪ੍ਰਧਾਨ ਰਛਪਾਲ ਸਿੰਘ ਧੰਜੂ, ਸਕੱਤਰ ਗੁਰਨਾਮ ਸਿੰਘ ਮਹਿਸਮਪੁਰ, ਖਜ਼ਾਨਚੀ ਅਵਤਾਰ ਸਿੰਘ ਮਾਨ, ਮੀਤ ਪ੍ਰਧਾਨ ਸਰਬਜੀਤ ਸਿੰਘ ਝੁੱਗੀਆਂ, ਜਾਇੰਟ ਸਕੱਤਰ ਦਲਜੀਤ ਸਿੰਘ ਬਾਜਵਾ, ਮੀਤ ਪ੍ਰਧਾਨ ਕਰਨੈਲ ਸਿੰਘ ਉਮਰਵਾਲ, ਪ੍ਰੈਸ ਸਕੱਤਰ ਮਹਿੰਦਰਪਾਲ ਸਿੰਘ ਟੁਰਨਾ, ਕਨੂੰਨੀ ਸਲਾਹਕਾਰ ਗੁਰਸ਼ਰਨ ਪ੍ਰੀਤ ਸਿੰਘ ਐਡਵੋਕੇਟ, ਪ੍ਰਚਾਰ ਸਕੱਤਰ ਤੇਜਪਾਲ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ ਗੁਰਨਾਮ ਸਿੰਘ ਝੁੱਗੀਆਂ ਚੁਣੇ ਗਏ।ਇਸ ਮੌਕੇ ਸਰਬਜੀਤ ਸਿੰਘ ਝੁੱਗੀਆਂ, ਨਿਰਮਲ ਸਿੰਘ, ਪਰਮਜੀਤ ਸਿੰਘ ਸ਼ਾਹਪੁਰ, ਦਲਜੀਤ ਸਿੰਘ ਸ਼ਾਹਪੁਰ, ਬਲਦੇਵ ਸਿੰਘ ਸਰਪੰਚ, ਗੁਰਮੁਖ ਸਿੰਘ ਪਟਿਆਲੀਆ, ਅਵਤਾਰ ਸਿੰਘ ਮਾਨ, ਦਲਜੀਤ ਸਿੰਘ ਬਾਜਵਾ, ਗੁਰਪ੍ਰੀਤ ਸਿੰਘ ਖੁਰਮਪੁਰ, ਹਰਜਿੰਦਰ ਸਿੰਘ ਸਮੈਲਪੁਰ, ਸੁਰਿੰਦਰਪਾਲ ਸਿੰਘ ਨਕੋਦਰ, ਪਰਮਜੀਤ ਸਿੰਘ ਭੋਡੀਪੁਰ, ਅਵਤਾਰ ਸਿੰਘ ਸਮੈਲਪੁਰ, ਗੁਰਜੀਤ ਸਿੰਘ ਤੱਲਣੀਆਂ, ਤੇਜਪਾਲ ਸਿੰਘ ਗਿੱਲ, ਗੁਰਤੇਜ ਸਿੰਘ ਗਿੱਲ, ਪਰਮਜੀਤ ਸਿੰਘ ਅੰਗਾਕੀੜੀ, ਰਛਪਾਲ ਸਿੰਘ ਧੰਜੂ, ਗੁਰਨਾਮ ਸਿੰਘ ਮਹਿਸਮਪੁਰੀ, ਮਹਿੰਦਰ ਪਾਲ ਸਿੰਘ ਟੁਰਨਾ, ਤੇਜਪਾਲ ਸਿੰਘ ਗਿੱਲ, ਗੁਰਸ਼ਰਨ ਪ੍ਰੀਤ ਸਿੰਘ ਐਡਵੋਕੇਟ, ਕਸ਼ਮੀਰੀ ਲਾਲ , ਸੁਖਵਿੰਦਰ ਸਿੰਘ ਹਾਜ਼ਰ ਸਨ

# ਦਰਜਨ ਦੇ ਕਰੀਬ ਨੌਜਵਾਨ 'ਆਪ' ਛੱਡ ਕੇ ਕਾਂਗਰਸ 'ਚ ਸ਼ਾਮਲ



**ਸ਼੍ਰੀ ਚਮਕੌਰ ਸਾਹਿਬ, ( ਗੁਰਵਿੰਦਰਪਾਲ ਸਿੰਘ ਬੌਬੀ)**-ਨਜ਼ਦੀਕੀ ਪਿੰਡ ਰਾਮਗੜ੍ਹ ਵਿਖੇ ਦੋ ਦਰਜਨ ਦੇ ਕਰੀਬ ਨੌਜਵਾਨਾਂ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਆਖ ਕੇ ਕਾਂਗਰਸ ਪਾਰਟੀ ਵਿੱਚ ਸ਼ਮੂਲੀਅਤ ਕਰ ਗਏ। ਬਲਾਕ ਪ੍ਰਧਾਨ ਦਰਸ਼ਨ ਸਿੰਘ ਸੰਧੂ ਨੇ ਦੱਸਿਆ ਕਿ ਜ਼ਿਲ੍ਹਾ ਯੂਥ ਕਾਂਗਰਸ ਦੇ ਪ੍ਰਧਾਨ ਨਵਜੀਤ ਸਿੰਘ ਨਵੀ ਦੀ ਹਾਜ਼ਰੀ ਵਿੱਚ ਪਿੰਡ ਲੁਠੇੜੀ, ਰਾਮਗੜ੍ਹ ਅਤੇ ਮਾਜਰੀ ਤੋਂ ਆਮ ਆਦਮੀ ਪਾਰਟੀ ਦੇ ਲੱਗਭਗ 2 ਦਰਜਨ ਵਰਕਰ ਆਮ ਆਦਮੀ ਪਾਰਟੀ ਨੂੰ ਅਲਵਿਦਾ ਆਖ ਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋ ਗਏ । ਉਕਤ ਵਰਕਰਾਂ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਕੰਮਾਂ ਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਪਾਰਟੀ ਲਈ ਕੰਮ ਕਰਨ ਦਾ ਫੈਸਲਾ ਲਿਆ ਹੈ । ਨੌਜਵਾਨ ਆਗੂ ਸੁਖਵਿੰਦਰ ਸਿੰਘ ਮਾਨ ਲੁਠੇੜੀ ਨੇ ਦੱਸਿਆ ਕਿ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਉਹ ਸਾਰੇ ਆਮ ਆਦਮੀ ਪਾਰਟੀ ਵਿਚ ਇਸ ਕਰਕੇ ਸ਼ਾਮਲ ਹੋਏ ਸਨ ਕਿ ਸ਼ਾਇਦ ਇਸ ਪਾਰਟੀ ਦੇ ਆਗੂ ਪੰਜਾਬ ਵਿੱਚੋਂ ਬੇਰੁਜ਼ਗਾਰੀ , ਨਸ਼ਿਆਂ ਦੇ ਵੱਧ ਰਹੇ ਪ੍ਰਕੋਪ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਮੇਤ ਪੰਜਾਬ ਦੇ ਲੰਮੇ ਸਮੇਂ ਤੋਂ ਲਮਕ ਰਹੇ ਮੁੱਦਿਆਂ ਨੂੰ ਹੱਲ ਕਰਵਾਉਣ ਲਈ ਕੋਈ ਕ੍ਰਾਂਤੀਕਾਰੀ ਕਦਮ ਚੁੱਕ ਕੇ ਪੰਜਾਬ ਵਿੱਚ ਕੋਈ ਨਵਾਂ ਬਦਲਾਅ ਲੈ ਕੇ ਆਉਣਗੇ ਪ੍ਰੰਤੂ ਦੋ ਸਾਲ ਬੀਤ ਜਾਣ ਉਪਰੰਤ ਵੀ ਆਪ ਸਰਕਾਰ ਵੱਲੋਂ ਉਪ੍ਰੋਕਤ ਸਮੱਸਿਆ ਸਬੰਧੀ ਸਾਰਥਕ ਕਦਮ ਨਾ ਚੁੱਕਣ ਕਾਰਨ ਅਤੇ ਆਪ ਨਾਲ ਸੰਬੰਧਿਤ ਮੰਤਰੀਆਂ ਤੇ ਵਿਧਾਇਕਾਂ ਤੇ ਹੋਰ ਆਗੂਆਂ ਦੇ ਦੂਜੀਆਂ ਰਾਜਸੀ ਪਾਰਟੀਆਂ ਦੇ ਨੇਤਾਵਾਂ ਵਾਂਗ ਹੀ ਕਾਰ ਵਿਹਾਰ ਕਰਨ ਕਾਰਨ ਉਹ ਨਿਰਾਸ਼ ਹੋ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਿਲ ਹੋਏ ਹਨ। ਇਸ ਮੌਕੇ ਚੇਅਰਮੈਨ ਬਲਾਕ ਸੰਮਤੀ ਜਗਜੀਤ ਸਿੰਘ, ਸਰਪੰਚ ਟਹਿਲ ਸਿੰਘ , ਜਗਦੇਵ ਸਿੰਘ , ਅਵਤਾਰ ਸਿੰਘ, ਦਵਿੰਦਰ ਸਿੰਘ , ਬਹਾਦਰ ਸਿੰਘ , ਕੁਲਦੀਪ ਸਿੰਘ, ਗੁਰਦੀਪ ਸਿੰਘ, ਮਨਵੀਰ ਸਿੰਘ ਅਤੇ ਮਲਕੀਤ ਸਿੰਘ ਆਦਿ ਹਾਜ਼ਰ ਸਨ।

# ਡਾਕਟਰ ਅੰਬੇਡਕਰ ਨੇ ਮਨੁੱਖੀ ਅਧਿਕਾਰਾਂ ਲਈ ਲੜਾਈ ਲੜੀ : ਜਗਦੀਸ਼ ਜੱਸਲ

**ਆਦਮਪੁਰ (ਪਰਮਜੀਤ ਸਿੰਘ)**-ਸ੍ਰੀ ਗੁਰੂ ਰਵਿਦਾਸ ਮੰਦਰ ਨੰਗਲ ਕਰਾਰ ਖਾਂ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਦਾ ਜਨਮ ਦਿਨ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ ਅਤੇ ਸ੍ਰੀ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ। ਬਾਬਾ ਕੁਲਵਿੰਦਰ ਦਾਸ ਵਲੋਂ ਸੰਗਤਾਂ ਨੂੰ ਰਸਭਿੰਨੇ ਸ਼ਬਦਾਂ ਰਾਹੀਂ ਨਿਹਾਲ ਕੀਤਾ ਅਤੇ ਡਾ. ਭੀਮ ਰਾਓ ਅੰਬੇਡਕਰ ਦੀ ਜੀਵਨੀ ਬਾਰੇ ਚਾਨਣਾ ਪਾਇਆ। ਇਸ ਮੌਕੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਜਗਦੀਸ਼ ਜੱਸਲ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਕਿਹਾ ਕਿ ਜੋ ਲੜਾਈ ਮਨੁੱਖੀ ਅਧਿਕਾਰਾਂ ਅਤੇ ਗਰੀਬ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਲੜੀ ਉਸ ਦੀ ਦੂਸਰੀ ਮਿਸਾਲ ਨਹੀਂ ਮਿਲਦੀ। ਕਮੇਟੀ ਵੱਲੋਂ ਛੋਟੇ ਬੱਚਿਆਂ ਨੂੰ ਕਾਪੀਆਂ ਪੈਨਸਲਾਂ ਭੇਟ ਕੀਤੀਆਂ।

ਇਸ ਮੌਕੇ ਸੁਰਿੰਦਰ ਕੁਮਾਰ ਚੇਅਰਮੈਨ, ਕਪੂਰ ਚੰਦ ਮਿੱਢਾ, ਪਰਸ਼ੋਤਮ ਲਾਲ, ਮੁਕੰਦ ਲਾਲ ਯਸ ਪਾਲ ਚੋਪੜਾ, ਸਾਹਿਲ ਜੱਸਲ, ਅੰਬੀ ਨੰਗਲ ਤੇ ਛੋਟੇ ਛੋਟੇ ਬੱਚੇ ਅਤੇ ਸੰਗਤਾਂ ਹਾਜ਼ਰ ਸਨ।

# ਸ਼ੁਭ ਕਰਮਨ ਭਵਨ ਵਿਖੇ ਜਸ ਗੁਰਮਤਿ ਸੰਗੀਤ ਸਕੂਲ ਦਾ ਹੋਇਆ ਉਦਘਾਟਨ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਸ਼ੁਭ ਕਰਮਨ ਸੁਸਾਇਟੀ ਦੀ ਸਹਿਯੋਗ ਨਾਲ ਜਸ ਗੁਰਮਤ ਸੰਗੀਤ ਸਕੂਲ ਦਾ ਉਦਘਾਟਨ ਕਰਨ ਹਿੱਤ ਵਿਸ਼ੇਸ਼ ਗੁਰਮਤ ਸਮਾਗਮ ਸ਼ੁਭ ਕਰਮਨ ਭਵਨ ਸਾਹਮਣੇ ਲਾਜਵੰਤੀ ਸਟੇਡੀਅਮ ਟਾਂਡਾ ਰੋਡ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ। ਸੋਸਾਇਟੀ ਦੇ ਮੁੱਖ ਸੇਵਾਦਾਰ ਰਸ਼ਪਾਲ ਸਿੰਘ ਬੂਰੇ ਜੱਟਾਂ ਅਤੇ ਜਸ ਗੁਰਮਤ ਸੰਗੀਤ ਸਕੂਲ ਦੇ ਸੰਚਾਲਕ ਜਸਲੀਨ ਕੌਰ ਖਾਲਸਾ ਨੇ ਦੱਸਿਆ ਕਿ ਇਸ ਮੌਕੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਉਪਰੰਤ ਵਿਸ਼ੇਸ਼ ਗੁਰਮਤ ਸਮਾਗਮ ਦੌਰਾਨ ਭਾਈ ਅੰਸ਼ਦੀਪ ਸਿੰਘ, ਭਾਈ ਪ੍ਰਭਜੋਤ ਸਿੰਘ, ਭਾਈ ਮਨਜਿੰਦਰ ਸਿੰਘ, ਭਾਈ ਗੁਰਚਰਨ ਸਿੰਘ, ਹਰਮਨਜੀਤ ਸਿੰਘ ਅਤੇ ਅਮਨਦੀਪ ਕੌਰ ਨੇ ਤੰਤੀ ਸਾਜਾਂ ਨਾਲ ਗੁਰਮਤ ਸੰਗੀਤ ਅਧਾਰਤ ਪੁਰਾਤਨ ਕੀਰਤਨ ਸ਼ੈਲੀ ਦਾ ਗਾਇਨ ਕੀਤਾ । ਇਸ ਤੋਂ ਇਲਾਵਾ ਗੁਰਮਤ ਸੰਗੀਤ ਅਕੈਡਮੀ ਬੱਲੋਵਾਲ ਦੇ ਸਿਖਿਆਰਥੀਆਂ ਨੇ ਵੀ ਕੀਰਤਨ ਦੀ ਸਾਂਝ ਪਾਈ । ਇਸ ਮੌਕੇ ਜਸ ਗੁਰਮਤ ਸੰਗੀਤ ਸਕੂਲ ਵੱਲੋਂ ਕਰਵਾਏ ਗਏ ਆਨਲਾਈਨ ਗੁਰਮਤ ਸੰਗੀਤ ਮੁਕਾਬਲਿਆਂ ਦੇ ਜੇਤੂਆਂ ਨੂੰ ਵਿਸ਼ੇਸ਼ ਇਨਾਮ ਤਕਸੀਮ ਕੀਤੇ ਗਏ ਜਿਨਾਂ ਵਿੱਚੋਂ ਸੁਖਮਨਜੀਤ ਕੌਰ, ਕਾਕਾ ਸੁਖਜੋਤ ਸਿੰਘ ਅਤੇ ਹਰਮਨਦੀਪ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਅਕਾਲ ਅਕੈਡਮੀ ਮੱਖਣਗੜ੍ਹ ਦੇ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਆਪਣੇ ਸੰਬੋਧਨ ਵਿੱਚ ਅਜੋਕੇ ਸਮੇਂ ਦੇ ਸੰਦਰਭ ਵਿੱਚ ਤੰਤੀ ਅਤੇ ਪੁਰਾਤਨ ਸਾਜਾਂ ਨਾਲ ਗੁਰਮਤ ਸੰਗੀਤ ਅਧਾਰਤ ਕੀਰਤਨ ਕਰਨ ਦੀ ਲੁਪਤ ਹੁੰਦੀ ਜਾ ਰਹੀ ਸ਼ੈਲੀ ਨੂੰ ਮੁੜ ਸੁਰਜੀਤ ਕਰਨ ਦੇ ਯਤਨਾਂ ਵੱਜੋਂ ਸ਼ੁਭ ਕਰਮਨ ਸੋਸਾਇਟੀ ਵੱਲੋਂ ਸ਼ੁਭ ਕਰਮਨ ਭਵਨ ਸਾਹਮਣੇ ਲਾਜਵੰਤੀ ਸਟੇਡੀਅਮ ਹੁਸ਼ਿਆਰਪੁਰ ਵਿਖੇ ਜਸ ਗੁਰਮਤ ਸੰਗੀਤ ਅਕੈਡਮੀ ਸਥਾਪਿਤ ਕਰਨ ਦੀ ਭਰਪੂਰ ਸ਼ਲਾਘਾ ਕਰਦਿਆਂ ਇਸ ਨੂੰ ਸਮੇਂ ਦੀ ਮੁੱਖ ਲੋੜ ਦੱਸਿਆ । ਸ਼ੁਭ ਕਰਮਨ ਸੁਸਾਇਟੀ ਦੇ ਮੁੱਖ ਸੇਵਾਦਾਰ ਰਸ਼ਪਾਲ ਸਿੰਘ ਬੂਰੇ ਜੱਟਾਂ ਅਤੇ ਸੰਚਾਲਕ ਜਸਲੀਨ ਕੌਰ ਖਾਲਸਾ ਨੇ ਦੱਸਿਆ ਕਿ ਇਸ ਗੁਰਮਤ ਸੰਗੀਤ ਸਕੂਲ ਵਿੱਚ ਗੁਰਮਤ ਸੰਗੀਤ ਦੇ 31 ਰਾਗਾਂ ਤੋਂ ਇਲਾਵਾ ਸ਼ਾਸਤਰੀ ਸੰਗੀਤ ਅਤੇ ਹੋਰ ਵੱਖ-ਵੱਖ ਗਾਇਨ ਅਤੇ ਵਾਦਨ ਸ਼ੈਲੀਆਂ ਦੀ ਸਿੱਖਿਆ ਦਿੱਤੀ ਜਾਵੇਗੀ । ਸਮਾਗਮ ਦੌਰਾਨ ਵਿਸ਼ੇਸ਼ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿਕਰਮਜੀਤ ਸਿੰਘ ਐਸਜੀਪੀਸੀ ਅੰਮ੍ਰਿਤਸਰ,ਡਾਕਟਰ ਹਰਜਿੰਦਰ ਸਿੰਘ ਉਬਰਾਏ, ਪ੍ਰੋਫੈਸਰ ਹਰਜਿੰਦਰ ਪਾਲ ਅਮਨ ਮੁਖੀ ਅਤੇ ਸਟਾਫ ਸੰਗੀਤ ਵਿਭਾਗ ਸਰਕਾਰੀ ਕਾਲਜ ਹੁਸ਼ਿਆਰਪੁਰ,ਅਵਤਾਰ ਸਿੰਘ ਭੰਬਰਾ ਗੁਰਦੁਆਰਾ ਸ਼ਹੀਦਾਂ ਸਿੰਘ ਡਗਾਣਾ ਰੋਡ ਹੁਸ਼ਿਆਰਪੁਰ, ਨਿਰੰਜਨ ਸਿੰਘ, ਨੋਬਲਜੀਤ ਸਿੰਘ ਆਵਾਜ-ਏ - ਕੌਮ,ਨਰਿੰਦਰ ਸਿੰਘ ਸਿੱਖ ਮਿਸ਼ਨਰੀ ਕਾਲਜ, ਪਰਮਿੰਦਰ ਸਿੰਘ ਖਾਨਪੁਰ ਸਹੋਤਾ, ਭਾਈ ਮਨਜੋਤ ਸਿੰਘ ਭਾਈ ਬਚਿੱਤਰ ਸਿੰਘ ਗੱਤਕਾ ਅਖਾੜਾ ਹੁਸ਼ਿਆਰਪੁਰ ਅਤੇ ਹੋਰ ਸੰਗਤਾਂ ਹਾਜ਼ਰ ਹੋਈਆਂ। ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ।

# ਮੇਹਰਚੰਦ ਪੋਲੀਟੈਕਨਿਕ ਨੂੰ ਮਿਲੀ ਐਕਰੀਡੀਟੇਸ਼ਨ



**ਜਲੰਧਰ (ਸ਼ੈਲੀ ਐਲਬਰਟ)**-ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੀਆਂ ਉਪਲਬਧੀਆਂ ਨੂੰ ਅੱਜ ਉਸ ਵੇਲੇ ਚਾਰ ਚੰਦ ਲੱਗ ਗਏ ਜਦੋਂ ਨੈਸ਼ਨਲ ਬੋਰਡ ਆਫ ਐਕਰੀਡੀਟੇਸ਼ਨ (ਐਨ ਬੀ ਏ) ਨਵੀਂ ਦਿੱਲੀ ਵੱਲੋਂ ਇਸ ਦੇ ਇਲੈਕਟ੍ਰੀਕਲ ਡਿਪਲੋਮਾ ਪ੍ਰੋਗਰਾਮ ਨੂੰ ਫਾਈਲ ਨੰ: 31-19-20-10 ਰਾਹੀਂ ਮੈਂਬਰ ਸੈਕਟਰੀ ਨੇ ਆਉਂਦੇ ਤਿੰਨ ਸਾਲ ਲਈ ਮਾਨਤਾ ਦਿੱਤੀ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਇਹ ਮਾਨਤਾ 30 ਜੂਨ 2027 ਤੱਕ ਰਹੇਗੀ ਤੇ ਜੋ ਵੀ ਵਿਦਿਆਰਥੀ ਇਸ ਪ੍ਰੋਗਰਾਮ ਵਿੱਚ ਡਿਪਲੋਮਾ ਪ੍ਰਾਪਤ ਕਰਨਗੇ ਉਨ੍ਹਾਂ ਦੇ ਸਰਟੀਫਿਕੇਟ ਉਪਰ ਐਨ.ਬੀ.ਏ ਐਕਰੀਡੀਟੇਸ਼ਨ ਯਾਨੀ ਮਾਨਤਾ ਪ੍ਰਾਪਤ ਲਿਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਨੂੰ ਦੂਜੀ ਵਾਰ ਐਨ.ਬੀ.ਏ ਵੱਲੋਂ ਮਾਨਤਾ ਪ੍ਰਾਪਤ ਹੋਈ ਹੈ, ਤੇ ਇਹ ਉਪਲਬਧੀ ਹਾਸਲ ਕਰਨ ਵਾਲਾ ਪੰਜਾਬ ਦਾ ਪਹਿਲਾ ਬਹੁਤਕਨੀਕੀ ਕਾਲਜ ਬਣ ਗਿਆ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਲੈਕਟ੍ਰੀਕਲ ਵਿਭਾਗ ਦੇ ਮੁਖੀ ਕਸ਼ਮੀਰ ਕੁਮਾਰ ਤੇ ਉਨ੍ਹਾਂ ਦੇ ਸਟਾਫ ਤੇ ਐਨ.ਬੀ.ਏ ਕੋਆਰਡੀਨੇਟਰ ਡਾ.ਰਾਜੀਵ ਭਾਟੀਆ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਇਸ ਪ੍ਰਾਪਤੀ ਲਈ ਡੀ.ਏ.ਵੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਡਾ.ਪੂਨਮ ਸੂਰੀ, ਡਾਇਰੈਕਟਰ ਉਚ ਸਿੱਖਿਆ ਸ਼ਿਵਰਮਨ ਗੌੜ, ਜਸਟਿਸ ਐਨ.ਕੇ. ਸੂਦ, ਅਰਵਿੰਦ ਘਈ ਤੇ ਅਸ਼ੋਕ ਗੋਸਵਾਮੀ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਨਾ ਸਿਰਫ [illegible] ਅਗਵਾਈ ਦੀ ਸਹੀ ਰਾਹ [illegible] ਉਤਸ਼ਾਹਤ ਵੀ ਕੀਤਾ ਤੇ ਪੂਰਨ ਸਹਿਯੋਗ ਦਿੱਤਾ। [illegible] ਇਸ ਮੌਕੇ ਮੈਡਮ ਮੀਨੂ ਮਨਚੰਦਾ, ਪ੍ਰਿਸ ਮਦਾਨ, ਤਰਲੋਕ ਸਿੰਘ, ਪ੍ਰਦੀਪ ਕੁਮਾਰ, ਰਾਜੇਸ਼ ਕੁਮਾਰ, ਵਿਕਰਮਜੀਤ ਸਿੰਘ, ਗਗਨਦੀਪ, ਮਿਸ ਗੀਤਾ ਅਤੇ ਮਿਸ ਸਿਮਰਤਪਾਲ ਹਾਜ਼ਰ ਸਨ

17-APR-PAGE-9.qxd 4/16/2024 10:24 PM Page 1



## ਬੀ ਡੀ ਸੀ ਵਿਖੇ ਖੂਨਦਾਨੀਆਂ ਲਈ ਯਾਦਗਾਰੀ ਰਿਫਰੈਸ਼ਮੈਂਟ ਸੇਵਾ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਗਰਾਪੁਰੀਆ)- ਹਰ ਬਲੱਡ ਸੈਂਟਰ ਵਿਖੇ ਡਾਕਟਰੀ ਨਿਯਮਾਂ ਤਹਿਤ ਖੂਨਦਾਨ ਕਰਨ ਵਾਲੇ ਹਰ ਵਿਅਕਤੀ ਨੂੰ ਤੰਦਰੁਸਤ ਰਿਫਰੈਸ਼ਮੈਂਟ ਦੇਣੀ ਹੁੰਦੀ ਹੈ। ਜਿਨ੍ਹਾਂ ਨਿਯਮਾਂ ਤਹਿਤ ਸਥਾਨਕ ਬੀ.ਡੀ.ਸੀ.ਬਲੱਡ ਸੈਂਟਰ ਵਿਖੇ ਖੂਨਦਾਨੀ ਫਰਿਸ਼ਤਿਆਂ ਲਈ ਦਿਨ-ਰਾਤ ਰਿਫਰੈਸ਼ਮੈਂਟ ਸੇਵਾ ਜਾਰੀ ਰਹਿੰਦੀ ਹੈ। ਇਸ ਸੇਵਾ ਵਿੱਚ ਹਿੱਸਾ ਪਾਉਂਦੇ ਹੋਏ ਬੱਧਨ ਪਰਵਾਰ ਨੇ ਆਪਣੇ ਬਜ਼ੁਰਗ ਸਵ: ਅਜੀਤ ਸਿੰਘ ਬੱਧਨ ਜੀ ਦੀ ਯਾਦ 'ਚ ਪੰਦਰਾਂ ਹਜ਼ਾਰ ਰੁਪਏ ਦਾ ਯੋਗਦਾਨ ਪਾ ਕੇ ਇੱਕ ਮਹੀਨੇ ਲਈ ਰਿਫਰੈਸ਼ਮੈਂਟ ਸੇਵਾ ਹਾਸਲ ਕੀਤੀ ਹੈ। ਪਰਵਾਰ ਦੇ ਸਤਿਕਾਰ ਵਜੋਂ ਬੀ.ਡੀ.ਸੀ ਦੇ ਪ੍ਰਧਾਨ ਜਸਪਾਲ ਸਿੰਘ ਗਿੱਦਾ, ਬੀ.ਟੀ.ਓ. ਡਾ: ਅਜੇ ਬੱਗਾ ਤੇ ਪੀ.ਆਰ.ਓ ਮਲਕੀਅਤ ਸਿੰਘ ਨੇ ਬਲਵੀਰ ਸਿੰਘ ਬਿੱਕਾ, ਅਵਤਾਰ ਸਿੰਘ ਗੋਬਿੰਦਪੁਰੀ, ਹਰਗੋਪਾਲ ਸਿੰਘ ਸਾਬਕਾ ਵਿਧਾਇਕ ਤੇ ਐਨ.ਆਰ.ਆਈ ਅਕਾਲਦੀਪ ਸਿੰਘ ਗੱਡੂ ਦਾ ਭਵਨ 'ਤੇ ਸਵਾਗਤ ਕੀਤਾ। ਡਾ: ਅਜੇ ਬੱਗਾ ਨੇ ਤਕਨੀਕੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਜਿਸ ਤੰਦਰੁਸਤ ਵਿਅਕਤੀ ਦੀ ਉਮਰ 18 ਤੋਂ 65 ਸਾਲ ਵਿਚਕਾਰ ਹੋਵੇ, ਸਰੀਰ ਦਾ ਘੱਟੋ-ਘੱਟ ਵਜ਼ਨ 45 ਕਿਲੋ ਹੋਵੇ, ਹੀਮੋਗਲੋਬਿਨ 12.5 ਗ੍ਰਾਮ ਪ੍ਰਤੀਸ਼ਤ ਤੋਂ ਘੱਟ ਨਾ ਹੋਵੇ ਹਰ ਤਿੰਨ ਮਹੀਨੇ ਬਾਅਦ ਸਵੈ-ਇੱਛੁਕ ਤੌਰ 'ਤੇ ਖੂਨਦਾਨ ਕਰ ਸਕਦਾ ਹੈ। ਖੂਨਦਾਨ ਉਪਰੰਤ ਸਿਹਤ ਵਿਭਾਗ ਵੱਲੋਂ ਨਿਰਧਾਰਤ ਰਿਫਰੈਸ਼ਮੈਂਟ ਦਿੱਤੀ ਜਾਂਦੀ ਹੈ।ਬੀ.ਡੀ.ਸੀ ਪ੍ਰਬੰਧਕਾਂ ਵੱਲੋਂ ਮਹਿਮਾਨ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ।

## ਜਲੰਧਰ ਤੋਂ ਚੰਨੀ ਨੂੰ ਟਿਕਟ ਮਿਲਣ ਦੀ ਖੁਸ਼ੀ 'ਚ ਲੱਡੂ ਵੰਡੇ



ਫਿਲੌਰ (ਨਿਰਮਲ)- ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਜਲੰਧਰ ਲੋਕ ਸਭਾ ਹਲਕੇ ਤੋਂ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਦੀ ਟਿਕਟ ਮਿਲਣ ਦੀ ਖੁਸ਼ੀ 'ਚ ਕਾਂਗਰਸੀ ਵਰਕਰਾਂ ਵੱਲੋਂ ਅੰਬੇਡਕਰ ਚੌਕ 'ਚ ਲੱਡੂ ਵੰਡੇ।ਇਸ ਮੌਕੇ ਦੇਸ ਰਾਜ ਮੱਲ, ਰਾਜਾ ਸੰਧੂ, ਰਾਜ ਕੁਮਾਰ ਹੰਸ ਅਤੇ ਹੋਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਜਲੰਧਰ ਲੋਕ ਸਭਾ ਹਲਕੇ ਤੋਂ ਚਰਨਜੀਤ ਸਿੰਘ ਚੰਨੀ ਨੂੰ ਵੱਡੀ ਲੀਡ ਨਾਲ ਜਿਤਾਉਣਗੇ।ਇਸ ਮੌਕੇ ਹਾਜ਼ਰ ਬਾਬਾ ਕਰਨੈਲ ਸਿੰਘ, ਦੇਸ ਰਾਜ ਕੋਆਰਡੀਨੇਟਰ, ਗੁਰਸੇਵਕ ਸਿੰਘ, ਪਰਗਟ ਸਿੰਘ ਸਰਪੰਚ, ਅਮਰੀਕ ਸਿੰਘ ਸਰਪੰਚ, ਰਾਮ ਲਾਲ ਸਰਪੰਚ, ਜਗਤਾਰ ਸਿੰਘ ਟਰੱਕ ਯੂਨੀਅਨ, ਗਿਆਨ ਸਿੰਘ ਸਰਪੰਚ, ਤੀਰਥ ਘੁੜਕਾ ਅਤੇ ਹੋਰ ਵੱਡੀ ਗਿਣਤੀ 'ਚ ਕਾਂਗਰਸੀ ਵਰਕਰ ਹਾਜ਼ਰ ਸਨ।

## ਐਕਸਪੈਂਡਿਡ ਪ੍ਰੋਗਰਾਮ ਆਨ ਇਮਿਊਨਾਈਜੇਸ਼ਨ ਦੀ 50ਵੀਂ ਵਰ੍ਹੇਗੰਢ ਤਹਿਤ ਵਿਸ਼ਵ ਟੀਕਾਕਰਨ ਸਪਤਾਹ ਮਨਾਇਆ ਜਾਵੇਗਾ

ਨਵਾਂਸ਼ਹਿਰ (ਮਨੋਜ ਲਾਡੀ )-ਸਿਹਤ ਵਿਭਾਗ ਐਕਸਪੈਂਡਿਡ ਪ੍ਰੋਗਰਾਮ ਆਨ ਇਮਿਊਨਾਈਜੇਸ਼ਨ (ਈ.ਪੀ.ਆਈ.) ਦੀ 50ਵੀਂ ਵਰ੍ਹੇਗੰਢ ਤਹਿਤ 24 ਅਪ੍ਰੈਲ ਤੋਂ 30 ਅਪ੍ਰੈਲ, 2024 ਤੱਕ ਵਿਸ਼ਵ ਟੀਕਾਕਰਨ ਸਪਤਾਹ ਮਨਾਉਣ ਜਾ ਰਿਹਾ ਹੈ।ਇਸ ਸਬੰਧੀ ਸਟੇਟ ਟੀਕਾਕਰਨ ਅਫਸਰ ਡਾ. ਬਲਵਿੰਦਰ ਕੌਰ ਨੇ ਸਿਵਲ ਸਰਜਨ ਦਫ਼ਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਤੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ ਮਨਦੀਪ ਕਮਲ ਨਾਲ ਵਿਸ਼ਵ ਟੀਕਾਕਰਨ ਸਪਤਾਹ ਸਬੰਧੀ ਕੀਤੇ ਜਾ ਰਹੇ ਪ੍ਰਬੰਧਾਂ 'ਤੇ ਵਿਚਾਰ-ਚਰਚਾ ਕੀਤੀ। ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਦੱਸਿਆ ਕਿ ਵਿਸ਼ਵ ਟੀਕਾਕਰਨ ਸਪਤਾਹ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਸਾਰੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।ਇਸ ਮੌਕੇ ਡਾ. ਬਲਵਿੰਦਰ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਵੱਲੋਂ ਸਾਲ 1974 ਵਿਚ ਟੀਕਾਕਰਨ 'ਤੇ ਐਕਸਪੈਂਡਿਡ ਪ੍ਰੋਗਰਾਮ (ਈ ਪੀ ਆਈ) ਪਹਿਲ ਸ਼ੁਰੂ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਮੌਜੂਦ ਸਨ।

## ਨਾਜਾਇਜ਼ ਸ਼ਰਾਬ ਵੇਚਣ ਵਾਲਾ 2 ਪੇਟੀਆਂ ਸ਼ਰਾਬ ਸਮੇਤ ਕਾਬੂ

ਨਵਾਂਸ਼ਹਿਰ (ਮਨੋਜ ਲਾਡੀ) ਥਾਣਾ ਕਾਠਗੜ੍ਹ ਦੀ ਪੁਲਸ ਨੇ ਇਕ ਵਿਅਕਤੀ ਨੂੰ 2 ਪੇਟੀਆਂ ਸ਼ਰਾਬ ਸਮੇਤ ਕਾਬੂ ਕੀਤਾ ਗਿਆ।ਮਾਮਲੇ ਸੰਬੰਧੀ ਜਾਣਕਾਰੀ ਦਿੰਦੇ ਹੋਏ ਏ ਐੱਸ ਆਈ ਸਤਵੰਤ ਸਿੰਘ ਨੇ ਦੱਸਿਆ ਕਿ ਉਹਨਾਂ ਦੀ ਪੁਲਸ ਪਾਰਟੀ ਕਾਠਗੜ੍ਹ ਦੇ ਬੱਸ ਸਟੈਂਡ ਕੋਲ ਗਸ਼ਤ ਦੌਰਾਨ ਸ਼ੱਕੀ ਵਿਅਕਤੀਆਂ ਅਤੇ ਵਾਹਨਾਂ ਦੀ ਤਲਾਸ਼ੀ ਲੈ ਰਹੀ ਸੀ ਤਾਂ ਪੁਲਸ ਦੇ ਵਿਸ਼ੇਸ਼ ਨੂੰ ਬੁਲਾਰੇ ਨੇ ਪੁਖਤਾ ਸੂਚਨਾ ਦਿੱਤੀ ਕਿ ਵਾਸਦੇਵ ਆਨੰਦ ਵਾਸੀ ਕਾਠਗੜ੍ਹ ਜੋ ਕਿ ਸ਼ਰਾਬ ਦਾ ਕਾਰੋਬਾਰ ਕਰਦਾ ਹੈ।ਨਾਜਾਇਜ਼ ਸ਼ਰਾਬ ਦੀ ਵਿਕਰੀ ਵੱਧ ਰਹੀ ਹੈ।ਅੱਜ ਵੀ ਉਹ ਆਪਣੀ ਕਰਿਆਨੇ ਦੀ ਦੁਕਾਨ ਜੋ ਕਿ ਉਸਦੇ ਘਰ ਤੋਂ ਸੜਕ 'ਤੇ ਸਥਿਤ ਹੈ, ਦੁਕਾਨ ਵਿਚ ਭਾਰੀ ਮਾਤਰਾ ਵਿਚ ਨਾਜਾਇਜ਼ ਸ਼ਰਾਬ ਰੱਖ ਕੇ ਗਾਹਕਾਂ ਨੂੰ ਵੇਚਣ ਲਈ ਤਿਆਰ ਹੈ। ਏ ਐੱਸ ਆਈ ਨੇ ਦੱਸਿਆ ਕਿ ਉਕਤ ਸੂਚਨਾ ਦੇ ਅਧਾਰ 'ਤੇ ਕਾਰਵਾਈ ਕਰਦੇ ਹੋਏ ਪੁਲਸ ਨੇ ਉਕਤ ਦੋਸ਼ੀ ਨੂੰ 2 ਪੇਟੀਆਂ ਸ਼ਰਾਬ ਮਾਰਕਾ ਰਸਭਰੀ ਸਮੇਤ ਕਾਬੂ ਕੀਤਾ ਹੈ। ਏ ਐੱਸ ਆਈ ਨੇ ਦੱਸਿਆ ਕਿ ਕਾਬੂ ਕੀਤੇ ਦੋਸ਼ੀਆਂ ਖ਼ਿਲਾਫ਼ ਆਬਕਾਰੀ ਐਕਟ ਤਹਿਤ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਹਨਾਂ ਦੱਸਿਆ ਕਿ ਕਾਬੂ ਦੋਸ਼ੀਆਂ ਖਿਲਾਫ ਐਕਸਾਈਜ਼ ਐਕਟ ਤਹਿਤ ਪਹਿਲਾਂ ਵੀ 5 ਮਾਮਲੇ ਦਰਜ ਹਨ।

## ਪਿੰਡਾਂ 'ਚ ਗੁਰਮਤਿ ਕੈਂਪ ਲਗਾਏ ਜਾਣਗੇ

ਨਵਾਂਸ਼ਹਿਰ (ਮਨੋਜ ਲਾਡੀ )- ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਮਤਿ ਪ੍ਰਚਾਰ ਕੇਂਦਰ ਗੁਜਰਪੁਰ ਦੀ ਪ੍ਰਬੰਧਕ ਕਮੇਟੀ ਦੀ ਮਹੀਨਾਵਾਰੀ ਮੀਟਿੰਗ ਕੀਤੀ ਗਈ ਜਿਸ ਵਿੱਚ ਜਿਸ ਵਿੱਚ ਹਰ ਸਾਲ ਦੀ ਤਰ੍ਹਾਂ ਸਕੂਲਾਂ, ਕਾਲਜਾਂ ਅਤੇ ਪਿੰਡਾਂ ਵਿੱਚ ਗੁਰਮਤਿ ਕੈਂਪ ਲਗਾਉਣ ਦਾ ਫੈਸਲਾ ਕੀਤਾ ਗਿਆ ਹੈ।ਜਿਸ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਇਆ ਜਾਵੇਗਾ ਸਮਾਜਿਕ ਨੈਤਿਕ ਕਦਰਾਂ ਕੀਮਤਾਂ, ਵਹਿਮਾਂ-ਭਰਮਾਂ, ਇਤਿਹਾਸ, ਗੁਰਬਾਣੀ ਅਤੇ ਹੋਰ ਨਰੋਏ ਸਮਾਜ ਦੀ ਸਿਰਜਣਾ ਲਈ ਜਾਗਰੂਕ ਕੀਤਾ ਜਾਵੇਗਾ ਅਤੇ ਫਰੀ ਲਿਟਰੇਚਰ ਵੀ ਵੰਡਿਆ ਜਾਵੇਗਾ। ਕੈਂਪ ਦੇ ਹਰ ਆਖਰੀ ਦਿਨ ਵਿਦਿਆਰਥੀਆਂ ਦਾ ਇੱਕ ਪੇਪਰ ਲਿਆ ਜਾਵੇਗਾ ਜਿਹੜੇ ਵਿਦਿਆਰਥੀ ਚੰਗੇ ਨੰਬਰ ਲੈਣਗੇ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾਵੇਗਾ। ਇਹ ਕੈਂਪ ਮਈ ਅਤੇ ਜੂਨ ਦੇ ਮਹੀਨੇ ਚੱਲਣਗੇ।ਇੱਕ ਕੈਂਪ ਪੰਜ ਦਿਨ ਦਾ ਹੋਵੇਗਾ।ਕੈਂਪਾਂ ਦੀ ਸੇਵਾ ਦਾ ਪ੍ਰਬੰਧ ਕਰਨ ਲਈ ਪ੍ਰਚਾਰਕ ਸਿਮਰਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਦੀ ਡਿਊਟੀ ਲਗਾਈ ਗਈ ਹੈ।ਮੀਟਿੰਗ ਵਿਚ ਭਾਈ ਜਗਜੀਤ ਸਿੰਘ ਨਵਾਂਸ਼ਹਿਰ, ਗੁਰਮੀਤ ਸਿੰਘ ਤੇ ਹਰਮੀਤ ਸਿੰਘ ਗੁਜਰ ਪੁਰ ਅਤੇ ਗੁਰਨੇਕ ਸਿੰਘ ਛੂਹਤ ਪੁਰ ਹਾਜ਼ਰ ਸਨ।

## ਬਜ਼ੁਰਗ ਤੇ ਵੋਟਰ ਘਰ ਤੋਂ ਵੋਟਿੰਗ ਦਾ ਚੁਣ ਸਕਦੇ ਹਨ ਵਿਕਲਪ : ਅਗਰਵਾਲ

ਚੰਡੀਗੜ੍ਹ, (ਕ੍ਰਿਸ਼ਨ ਗਰਗ) – ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਅਨੁਰਾਗ ਅਗਰਵਾਲ ਨੇ ਦਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ 18ਵੀਂ ਲੋਕ ਸਭਾ ਆਮ ਚੋਣ ਵਿਚ 85 ਸਾਲ ਤੋਂ ਉਪਰ ਤੇ ਦਿਵਯਾਂਗ ਵੋਟਰਾਂ ਨੂੰ ਬੈਲੇਟ ਪੇਪਰ ਵੱਲੋਂ ਘਰ ਤੋਂ ਹੀ ਵੋਟ ਕਰਨ ਦੀ ਸਹੂਲਤ ਦਿੱਤੀ ਗਈ। ਬੀਐਲਓ ਆਪਣੇ ਏਰਿਆ ਵਿਚ ਇਹ ਯਕੀਨੀ ਕਰਨ ਕੀ ਇਨ੍ਹਾਂ ਵਰਗਾਂ ਦੀ ਕਿੰਨ੍ਹੇ ਵੋਟਰ ਅਜਿਹੇ ਹਨ ਜੋ ਘਰ ਤੋਂ ਵੋਟ ਕਰਨ ਦੇ ਇਛੁੱਕ ਹਨ। ਭਾਰਤ ਚੋਣ ਕਮਿਸ਼ਨ ਵੱਲੋਂ ਨਿਰਧਾਰਿਤ ਵਰਗ ਦੇ ਜੋ ਵੋਟਰ ਘਰ ਤੋਂ ਚੋਣ ਕਰਨ ਦੇ ਬਿਨੇ ਕਰਦੇ ਹਨ ਉਨ੍ਹਾਂ ਦੇ ਘਰ ਤੋਂ ਹੀ ਚੋਣ ਯਕੀਨੀ ਕੀਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਬੀਐਲਓ ਵੱਲੋਂ ਨੌਜਵਾਨਾਂ ਨੂੰ ਵੋਟ ਬਣਵਾਉਣ ਦੇ ਲਈ ਜਾਗਰੂਕ ਕੀਤਾ ਜਾਵੇ। ਇਕ ਅਪ੍ਰੈਲ ਨੂੰ 18 ਸਾਲ ਪੂਰੀ ਕਰ ਚੁੱਕੇ ਯੁਵਾ 26 ਅਪ੍ਰੈਲ ਤਕ ਆਪਣਾ ਵੋਟ ਬਣਵਾ ਕੇ ਆਉਣ ਵਾਲੀ 25 ਮਈ ਨੂੰ ਲੋਕ ਸਭਾ ਆਮ ਚੋਣ ਵਿਚ ਵੋਟ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਤੋਂ ਇਲਾਵਾ ਮੌਜੂਦਾ ਵਿਚ ਵੋਟ ਟ੍ਰਾਂਸਫਰ ਦੇ ਲਈ ਬਿਨੇ ਕੀਤਾ ਜਾ ਸਕਦਾ ਹੈ, ਜਿਨ੍ਹਾਂ ਵੋਟਰਾਂ ਨੂੰ ਆਪਣੇ ਵੋਟ ਹੋਰ ਸਥਾਨ 'ਤੇ ਟ੍ਰਾਂਸਫਰ ਕਰਵਾਉਣਾ ਹੈ ਉਹ ਵੀ ਚੋਣ ਕਮਿਸ਼ਨ ਦੀ ਵੈਬਸਾਇਟ, ਐਪ ਰਾਹੀਂ ਜਾਂ ਫਿਰ ਚੋਣ ਦਫਤਰ ਵਿਚ ਆਫਲਾਇਨ ਮੋਡ ਤੋਂ ਨਿਰਧਾਰਿਤ ਫਾਰਮ ਭਰ ਕੇ ਜਮ੍ਹਾ ਕਰਵਾ ਸਕਦੇ ਹਨ।

## ਰਾਮਗੜ੍ਹੀਆ ਬਿਰਾਦਰੀ ਬਾਰੇ ਭੁੱਲਰ ਵੱਲੋਂ ਕੀਤੀ ਟਿਪਣੀ ਦੀ ਨਿਖੇਧੀ

ਮੋਹਾਲੀ (ਗੁਰਜੀਤ ਬਿੱਲਾ) -ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜਨ ਸਮਾਗਮ ਕਮੇਟੀ (ਰਜਿ) ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੁਹਾਲੀ ਦੀ ਮੀਟਿੰਗ ਕਮੇਟੀ ਦੇ ਪ੍ਰਧਾਨ ਸ ਜਸਵੰਤ ਸਿੰਘ ਭੁੱਲਰ ਜੀ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਭਾਈਚਾਰੇ ਦੇ ਪਤਵੰਤੇ ਸੱਜਣਾਂ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਖਾਸ ਕਰਕੇ ਖੰਨਾ ਵਿਖੇ ਵਿਧਾਇਕ ਵੱਲੋਂ ਰਾਮਗੜ੍ਹੀਆ ਭਾਈਚਾਰੇ ਬਾਰੇ ਕੀਤੀ ਟਿੱਪਣੀ ਦੀ ਨਿਖੇਧੀ ਕੀਤੀ ਗਈ। ਉਨ੍ਹਾਂ ਨੇ ਕਿਹਾ ਕਿ ਰਾਮਗੜ੍ਹੀਆ ਭਾਈਚਾਰੇ ਦੀ ਬੇਇੱਜ਼ਤੀ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਕਿ ਅੱਗੇ ਤੋਂ ਅਜਿਹੀ ਕਾਰਵਾਈ ਨਾ ਕਰਨ ਅਤੇ ਭਾਈਚਾਰੇ ਤੋਂ ਮੁਆਫ਼ੀ ਮੰਗਣ। ਇਸ ਵਿਅਕਤੀ ਨੂੰ ਲੋਕ ਸਭਾ ਚੋਣਾਂ ਵਿੱਚ ਵੋਟ ਨਾ ਪਾਈ ਜਾਵੇ। ਇਸ ਮੌਕੇ ਦਰਸ਼ਨ ਸਿੰਘ ਕਲਸੀ, ਕਰਮ ਸਿੰਘ ਬਬਰਾ, ਅਜੀਤ ਸਿੰਘ ਰਨੌਤਾ, ਸਤਵਿੰਦਰ ਸਿੰਘ ਭੰਮਰਾ, ਪਰਦੀਪ ਸਿੰਘ ਭਾਰਜ, ਮਨਜੀਤ ਸਿੰਘ ਮਾਨ, ਨਰਿੰਦਰ ਸਿੰਘ ਸੰਧੂ, ਸੁਰਤ ਸਿੰਘ ਕਲਸੀ, ਨਿਰਮਲ ਸਿੰਘ ਸਭਰਵਾਲ, ਹਰਬਿੰਦਰ ਸਿੰਘ ਰਨੌਤਾ, ਗੁਰਚਰਨ ਸਿੰਘ ਨੰਨੜਾ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ। ਉਪਰੋਕਤ ਜਾਣਕਾਰੀ ਕਮੇਟੀ ਦੇ ਜਨਰਲ ਸਕੱਤਰ ਕਰਮ ਸਿੰਘ ਬਬਰਾ ਵੱਲੋਂ ਦਿੱਤੀ ਗਈ।

## ਡੋਡਿਆਂ ਦੇ ਪੌਦਿਆਂ ਸਮੇਤ ਕਾਬੂ

ਕਾਲਾ ਸੰਘਿਆਂ (ਮਨਜੀਤ ਮਾਨ ) ਤਹਿਸੀਲ ਨਕੋਦਰ ਅਧੀਨ ਪੈਂਦੀ ਪੁਲਸ ਚੌਂਕੀ ਈਦਗਾਹ ਦੇ ਸਬ ਇੰਸਪੈਕਟਰ ਬਲਵੀਰ ਸਿੰਘ ਨੂੰ ਕਿਸੇ ਖਾਸ ਮੁਖਬਰ ਵੱਲੋਂ ਇਤਲਾਹ ਮਿਲੀ ਕਿ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਤਰਸ ਦਾਸ ਵਾਸੀ ਪਿੰਡ ਚਿੱਟੀ ਜ਼ਿਲ੍ਹਾ ਜਲੰਧਰ ਹਾਲ ਵਾਸੀ ਗੁਲਮੁਹਰ ਕਲਾਂ ਨੇ ਆਪਣੇ ਖੇਤਾਂ ਵਿੱਚ ਡੋਡਿਆਂ ਦੀ ਖੇਤੀ ਵਿੱਚ ਬੀਜੀ ਹੋਈ ਹੈ । ਜਦੋਂ ਉਨ੍ਹਾਂ ਨੇ ਆਪਣੀ ਪੁਲਸ ਪਾਰਟੀ ਸਮੇਤ ਰੇਡ ਕੀਤੀ ਤਾਂ 523 ਡੋਡਿਆਂ ਦੇ ਹਰੇ ਪੌਦਿਆਂ ਸਮੇਤ ਪਰਮਜੀਤ ਸਿੰਘ ਨੂੰ ਕਾਬੂ ਕਰ ਕੇ ਉਸ ਦੇ ਖਿਲਾਫ ਮੁਕੱਦਮਾ ਦਰਜ ਕਰ ਲਿਆ।



ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ (ਪੰਜਾਬ) ਦੇ ਜ਼ਿਲ੍ਹਾ ਸਕੱਤਰ ਡਾਕਟਰ ਸ਼ੀਤਲ ਕੁਮਾਰ ਖਾਨ ਦੀ ਅਗਵਾਈ ਹੇਠ ਮੈਡੀਕਲ ਪ੍ਰੈਕਟੀਸ਼ਨਾਂ ਨੇ ਵਿਸਾਖੀ 'ਤੇ ਪੰਡ ਵਿਖੇ ਫਰੀ ਮੈਡੀਕਲ ਕੈਂਪ ਲਗਾਇਆ ਗਿਆ। (ਫੋਟੋ ਤੇ ਵੇਰਵਾ : ਬਾਲੀ ਪੱਤਰਕਾਰ ਨੂਰਮਹਿਲ)

## ਉਮੀਦਵਾਰਾਂ ਦੀ ਜਿੱਤ-ਹਾਰ ਦਾ ਫੈਸਲਾ ਜਨਰਲ ਵਰਗ ਦੇ ਵੋਟਰਾਂ ਨਾਲ ਹੋਵੇਗਾ : ਫੁਗਲਾਣਾ







ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)—ਰਾਜਨੀਤਿਕ ਵਿੰਗ ਜਨਰਲ ਵਰਗ ਦੇ ਆਗੂਆਂ ਬਲਵੀਰ ਸਿੰਘ ਫੁਗਲਾਣਾ ਹੁਸ਼ਿਆਰਪੁਰ, ਜਸਵੀਰ ਸਿੰਘ ਗੜ੍ਹਾਂਗ ਮੋਹਾਲੀ ਅਤੇ ਜਗਦੀਸ਼ ਸਿੰਗਲਾ ਸੰਗਰੂਰ ਨੇ ਸਾਂਝੇ ਤੌਰ 'ਤੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਜਨਰਲ ਵਰਗ ਦੇ ਲੋਕਾਂ ਵਿੱਚ ਕਮਿਸ਼ਨ ਫਾਰ ਜਨਰਲ ਕੈਟਾਗਰੀ ਪੰਜਾਬ ਚਾਲੂ ਨਾ ਕਰਨ ਕਰਕੇ ਜਨਰਲ ਵਰਗ ਦੇ ਲੋਕਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਭਾਰੀ ਗੁੱਸਾ ਹੈ, ਜਿਸ ਦਾ ਪ੍ਰਗਟਾਵਾ ਉਹ ਲੋਕ ਸਭਾ ਦੀ ਚੋਣਾਂ ਵਿੱਚ ਆਪਣੀਆਂ ਵੋਟਾਂ ਰਾਹੀਂ ਕਰਨਗੇ। ਵਿੰਗ ਦੇ ਮੀਤ ਪ੍ਰਧਾਨ ਜਸਵੀਰ ਸਿੰਘ ਗੜ੍ਹਾਂਗ ਨੇ ਦੱਸਿਆ ਕਿ ਕਮਿਸ਼ਨ ਫਾਰ ਜਨਰਲ ਕੈਟਾਗਰੀ ਪੰਜਾਬ ਦੀ ਸਥਾਪਨਾ ਕਾਂਗਰਸ ਦੀ ਚੰਨੀ ਸਰਕਾਰ ਵੱਲੋਂ ਕੀਤੀ ਗਈ ਸੀ ਪਰ ਪੰਜਾਬ ਦੀ ਮੌਜੂਦਾ ਆਪ ਸਰਕਾਰ ਨੇ ਦੋ ਸਾਲਾਂ ਦਾ ਸਮਾਂ ਬੀਤ ਜਾਣ ਤੇ ਵੀ ਨਾ ਤਾਂ ਇਸ ਕਮਿਸ਼ਨ ਦਾ ਕੋਈ ਚੇਅਰਮੈਨ ਲਾਇਆ ਹੈ ਅਤੇ ਨਾ ਹੀ ਦਫਤਰੀ ਅਮਲਾ ਨਿਯੁਕਤ ਕੀਤਾ ਗਿਆ ਹੈ। ਜਿਸ ਕਾਰਨ ਜਨਰਲ ਵਰਗ ਦੇ ਲੋਕਾਂ ਵਿੱਚ ਪੰਜਾਬ ਸਰਕਾਰ ਪ੍ਰਤੀ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ ਸਰਕਾਰ ਵੱਲੋਂ ਪਿਛਲੇ ਸਮੇਂ ਵਿੱਚ ਲਗਭਗ 30-35 ਕਮਿਸ਼ਨਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਆਦਿ ਦੇ ਚੇਅਰਮੈਨ ਲਾਏ ਗਏ ਹਨ ਪਰ ਜਨਰਲ ਕੈਟਾਗਰੀ ਦੇ ਕਮਿਸ਼ਨ ਦਾ ਚੇਅਰਮੈਨ ਨਾ ਲਾ ਕੇ ਪੰਜਾਬ ਸਰਕਾਰ ਨੇ ਜਨਰਲ ਵਰਗ ਵਿਰੋਧੀ ਹੋਣ ਦਾ ਪ੍ਰਮਾਣ ਦਿੱਤਾ ਹੈ ਜੋ ਕਿ ਜਨਰਲ ਵਰਗ ਦੇ ਲੋਕਾਂ ਨਾਲ ਬਹੁਤ ਵੱਡੀ ਬੇਇਨਸਾਫੀ ਹੈ। ਪਿਛਲੇ ਸਮੇਂ ਵਿੱਚ ਆਮ ਦੇਖਣ ਵਿੱਚ ਆਇਆ ਹੈ ਕਿ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਰਿਜ਼ਰਵ ਕੈਟਾਗਰੀ ਦੇ ਵੋਟਰਾਂ ਨੂੰ ਲੁਭਾਉਣ ਦੀ ਕੋਸ਼ਿਸ਼ ਕਰਦੀਆਂ ਰਹੀਆਂ ਹਨ ਪਰ ਇਸ ਵਾਰੀ ਚੋਣ ਕਮਿਸ਼ਨ ਵੱਲੋਂ ਜਾਤੀ ਅਤੇ ਧਰਮਾਂ ਦੇ ਨਾਂ ਤੇ ਵੋਟਾਂ ਵਟੋਰਨ ਤੇ ਪਾਬੰਦੀ ਲਾਉਣਾ ਇੱਕ ਸ਼ਲਾਘਾਂਯੋਗ ਕਦਮ ਹੈ।ਪਰ ਹੁਣ ਸਮਾਂ ਆ ਗਿਆ ਹੈ ਕਿ ਉਮੀਦਵਾਰਾਂ ਦੀ ਜਿੱਤ ਹਾਰ ਦਾ ਫੈਸਲਾ ਜਨਰਲ ਵਰਗ ਦੇ ਵੋਟਰਾਂ ਨਾਲ ਹੋਵੇਗਾ। ਪਿਛਲੇ ਸਮੇਂ ਵਿੱਚ ਸਭ ਰਾਜਨੀਤਿਕ ਪਾਰਟੀਆਂ ਜਨਰਲ ਵਰਗ ਦੀਆਂ ਮੰਗਾਂ ਨੂੰ ਅਣਗੌਲਿਆ ਕਰਦੀਆਂ ਆਈਆਂ ਹਨ ਪਰ ਇਸ ਵਾਰੀ ਜਨਰਲ ਵਰਗ ਦੇ ਵੋਟਰ ਅਜਿਹਾ ਨਹੀਂ ਹੋਣ ਦੇਣਗੇ। ਆਗੂਆਂ ਨੇ ਕਿਹਾ ਕਿ ਜਿਹੜੀ ਵੀ ਪਾਰਟੀ ਜਨਰਲ ਵਰਗ ਦੀਆਂ ਮੰਗਾਂ ਦਾ ਸਮਰਥਨ ਕਰੇਗੀ ਉਹ ਪਾਰਟੀ ਦੀ ਡੱਟ ਕੇ ਹਿਮਾਇਤ ਕੀਤੀ ਜਾਵੇਗੀ ਆਗੂਆਂ ਨੇ ਰਾਜਨੀਤਿਕ ਪਾਰਟੀਆਂ ਦੇ ਲੀਡਰਾਂ ਨੂੰ ਕਿਹਾ ਕਿ ਉਹ ਹੋਰ ਵਰਗਾਂ ਵਾਂਗ ਜਨਰਲ ਕੈਟਾਗਰੀ ਦੇ ਵੀ ਆਪਣੀਆਂ ਪਾਰਟੀਆਂ ਵਿੱਚ ਵਿੰਗ ਸਥਾਪਿਤ ਕਰਨ। ਆਗੂਆਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੋਂ ਮੰਗ ਕੀਤੀ ਕਿ ਜਨਰਲ ਵਰਗ ਦੇ ਕਮਿਸ਼ਨ ਦਾ ਚੇਅਰਮੈਨ ਲਾ ਕੇ ਦਫਤਰੀ ਅਮਲਾ ਤਾਇਨਾਤ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਡੀ.ਏ. ਦੀਆਂ ਬਕਾਇਆ ਕਿਸ਼ਤਾਂ ਦਾ ਭੁਗਤਾਨ ਕੀਤਾ ਜਾਵੇ। ਕਿਸਾਨਾਂ ਦੀਆਂ ਮੰਗਾਂ ਤੇ ਗੰਭੀਰਤਾ ਨਾਲ ਵਿਚਾਰ ਕੀਤਾ ਜਾਵੇ। ਗਰੀਬ ਮਜ਼ਦੂਰਾਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਰਾਖਵਾਂਕਰਨ ਅਤੇ ਹੋਰ ਸਹੂਲਤਾਂ ਜਾਤ ਦੀ ਬਜਾਏ ਹਰ ਜਾਤੀ ਦੇ ਗਰੀਬਾਂ ਨੂੰ ਮਿਲਣ ਅਤੇ ਐਸ.ਸੀ. ਕੈਟਾਗਰੀ ਵਿੱਚ ਕਰੀਮੀਲੇਅਰ ਦੀ ਹੱਦ ਨਿਸ਼ਚਿਤ ਕੀਤੀ ਜਾਵੇ। ਕੇਂਦਰ ਸਰਕਾਰ ਤੋਂ ਵੀ ਮੰਗ ਹੈ ਕਿ ਉਹ ਕੇਂਦਰ ਵਿੱਚ ਜਨਰਲ ਕੈਟਾਗਰੀ ਦਾ ਕਮਿਸ਼ਨ ਬਣਾਉਣ ਦਾ ਐਲਾਨ ਕਰਨ।

## ਰਿਆਤ ਬਾਹਰਾ 'ਵਰਸਿਟੀ ਵਿਖੇ ਵਿਦਿਆਰਥੀਆਂ ਤੇ ਫੈਕਲਟੀ ਲਈ ਮੁਕਾਬਲੇ



ਮੁਹਾਲੀ (ਗੁਰਜੀਤ ਬਿੱਲਾ) ਰਿਆਤ ਬਾਹਰਾ ਯੂਨੀਵਰਸਿਟੀ ਦੇ ਭੌਤਿਕ ਵਿਗਿਆਨ ਵਿਭਾਗ ਵੱਲੋਂ ਰਿਆਤ ਬਾਹਰਾ ਯੂਨੀਵਰਸਿਟੀ ਦੇ ਸਾਰੇ ਸਕੂਲਾਂ ਲਈ ਖੁੱਲੇ ਮੁਕਾਬਲੇ ਵਜੋਂ ਇਨਡੋਰ (ਸ਼ਤਰੰਜ ਅਤੇ ਕੈਰਮ)ਅਤੇ ਬਾਹਰੀ ਖੇਡਾਂ ਦਾ ਆਯੋਜਨ ਕੀਤਾ ਗਿਆ ।ਸਮਾਗਮ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਦੇ ਪ੍ਰੇਰਨਾਦਾਇਕ ਭਾਸ਼ਣ ਨਾਲ ਹੋਈ। ਉਨ੍ਹਾਂ ਨੇ ਮਾਨਸਿਕ ਪ੍ਰਦਰਸ਼ਨ ਨੂੰ ਵਧਾਉਣ ਲਈ ਪੜ੍ਹਾਈ ਦੇ ਨਾਲ-ਨਾਲ ਇਨਡੋਰ ਖੇਡਾਂ ਦੀ ਮਹੱਤਤਾ ਨੂੰ ਦੁਹਰਾਇਆ।

ਇਸ ਮੌਕੇ ਡਾ: ਮਨੋਜ ਬਾਲੀ ਡੀਨ, ਯੂ ਐੱਸ ਐੱਸ ਅਤੇ ਡਾ: ਐੱਮ ਐੱਸ ਮਹਿਤਾ, ਮੁਖੀ, ਭੌਤਿਕ ਵਿਗਿਆਨ ਵਿਭਾਗ ਨੇ ਦੋ ਦਿਨ ਤੱਕ ਚੱਲੇ ਮੈਚਾਂ ਲਈ ਟੀਮਾਂ ਦਾ ਐਲਾਨ ਕੀਤਾ। ਇੱਕ ਸਖ਼ਤ ਮੁਕਾਬਲੇ ਵਿੱਚ ਸ਼ਤਰੰਜ ਵਿੱਚ ਸਿਖਰਲੇ ਤਿੰਨ ਸਥਾਨ ਕ੍ਰਮਵਾਰ ਅਸ਼ੀਰਵਾਦ (ਬੀ. ਟੈਕ. ਸੀਐਸਈ-ਆਈਆਈਈ), ਸਿਧਾਰਥ (ਬੀ ਸੀ ਏ, ਆਈ ਆਈ) ਅਤੇ ਰਮਨਦੀਪ ਸਿੰਘ (ਬੀ ਟੈਕ ਸੀ ਐਸ ਈ, ਆਈ ਆਈ ਬੀ) ਨੇ ਪ੍ਰਾਪਤ ਕੀਤੇ।ਇਸੇ ਤਰ੍ਹਾਂ ਕੈਰਮ ਵਰਗ ਵਿੱਚ ਡਬਲਜ਼ ਦੇ ਮੈਚ ਕਰਵਾਏ ਗਏ। ਵਿੱਕੀ ਅਤੇ ਗੌਰਵ (ਬੀ. ਟੈਕ. ਸੀ ਐਸ ਈ) ਮੁਕਾਬਲੇ ਦੇ ਜੇਤੂ ਐਲਾਨੇ ਗਏ ਅਤੇ ਰਜਤ ਅਤੇ ਯਸ਼ਮੋਲਦੀਪ (ਬੀ. ਬੀ.ਏ) ਨੂੰ ਫਸਟ ਰਨਰਅੱਪ ਅਤੇ ਵਿਕਾਸ ਅਤੇ ਹੀਰੇਨ (ਬੀ. ਟੈਕ. ਸੀਐਸਈ /ਡਿਪਲੋਮਾ ਸੀਐਸਈ) ਦੂਜਾ ਰਨਰ ਅੱਪ ਰਹੇ । ਇਸ ਦੇ ਨਾਲ ਆਊਟਡੋਰ ਖੇਡਾਂ ਵਿੱਚ ਵਾਲੀਬਾਲ (ਲੜਕੇ) ਵਿੱਚ ਯੂਨੀਵਰਸਿਟੀ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਜ਼ ਨੇ ਪਹਿਲਾ, ਯੂਐੱਸਸੀ ਨੇ ਦੂਜਾ ਅਤੇ ਯੂਨੀਵਰਸਿਟੀ ਸਕੂਲ ਆਫ਼ ਮੈਨੇਜਮੈਂਟ ਸਟੱਡੀਜ਼ ਨੇ ਤੀਜਾ ਸਥਾਨ ਹਾਸਲ ਕੀਤਾ।ਬਾਸਕਟਬਾਲ (ਲੜਕੇ) ਵਿੱਚ ਪਹਿਲਾ ਸਥਾਨ ਪੌਲੀਟੈਕਨਿਕ, ਦੂਜਾ ਸਥਾਨ ਯੂਐਸਸੀ ਅਤੇ ਤੀਜਾ ਸਥਾਨ ਯੂਐਸਐਸ, ਐਚਐਮ, ਯੂਐਸਏਐਸ ਨੇ ਸਾਂਝਾ ਹਾਸਲ ਕੀਤਾ।ਟੱਗ ਆਫ ਵਾਰ (ਲੜਕੇ) ਵਿੱਚ ਪਹਿਲਾ ਸਥਾਨ ਯੂ ਐਸ ਪੀ ਐਸ ਨੇ, ਦੂਜਾ ਸਥਾਨ ਯੂਨੀਵਰਸਿਟੀ ਸਕੂਲ ਆਫ ਸੋਸ਼ਲ ਸਾਇੰਸਜ਼ ਨੇ ਅਤੇ ਤੀਜਾ ਸਥਾਨ ਯੂਨੀਵਰਸਿਟੀ ਸਕੂਲ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ (ਸਿਵਲ) ਨੇ ਪ੍ਰਾਪਤ ਕੀਤਾ।ਟੱਗ ਆਫ ਵਾਰ (ਲੜਕੀਆਂ) ਵਿੱਚ ਪਹਿਲਾ ਸਥਾਨ ਯੂਐਸਈ ਦੁਆਰਾ, ਦੂਜਾ ਸਥਾਨ ਆਰਬੀਸੀਐਨ ਦੁਆਰਾ ਅਤੇ ਫੈਕਲਟੀ (ਪੁਰਸ਼) ਲਈ ਟੱਗ ਆਫ ਵਾਰ ਵਿੱਚ ਪਹਿਲਾ ਸਥਾਨ ਯੂਐਸਐਸਐਸ ਨੇ ਪ੍ਰਾਪਤ ਕੀਤਾ ਅਤੇ ਦੂਜਾ ਸਥਾਨ ਯੂਐਸਈਟੀ ਨੇ ਪ੍ਰਾਪਤ ਕੀਤਾ।ਫੀਮੇਲ ਫੈਕਲਟੀ ਲਈ ਟਗ ਆਫ਼ ਵਾਰ ਪਹਿਲੀ ਪੁਜ਼ੀਸ਼ਨ ਯੂਐਸਐਸਐਸ ਨੂੰ ਗਈ ਅਤੇ ਦੂਜਾ ਸਥਾਨ ਯੂਐਸਈਟੀ ਦੁਆਰਾ ਪ੍ਰਾਪਤ ਕੀਤਾ ਗਿਆ।

## ਦਲਬਦਲੀ ਰੁਝਾਨ ਸਦਕਾ ਰਾਜਨੀਤੀ ਪ੍ਰਤੀ ਬੇਭਰੋਸਗੀ ਪੈਦਾ ਹੋ ਰਹੀ : ਸੇਖੋਂ



ਨਵਾਸ਼ਹਿਰ (ਮਨੋਜ ਲਾਡੀ) ਦਲਬਦਲੀਆਂ ਦੇ ਰੁਝਾਨ ਸਦਕਾ ਲੋਕਾਂ ਵਿੱਚ ਰਾਜਨੀਤੀ ਪ੍ਰਤੀ ਬੇਭਰੋਸਗੀ ਪੈਦਾ ਹੋ ਰਹੀ ਹੈ ਅਤੇ ਸਿਆਸਤ ਗੰਧਲੀ ਹੋ ਰਹੀ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਸੀ ਪੀ ਆਈ ਐੱਮ ਪੰਜਾਬ ਦੇ ਸਕੱਤਰ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਰਿਵਾਇਤੀ ਸਿਆਸੀ ਪਾਰਟੀਆਂ ਮੁੱਦਿਆਂ ਤੇ ਚੋਣ ਲੜਨ ਦੀ ਬਜਾਏ ਦਲਬਦੂਆਂ ਦੇ ਸਹਾਰੇ ਸੱਤਾ ਹਾਸਲ ਕਰਨ ਲਈ ਯਤਨਸ਼ੀਲ ਹੈ, ਜੋ ਰਾਜਨੀਤੀ ਦੇ ਅਸੂਲਾਂ ਦੇ ਖਿਲਾਫ਼ ਹੈ।ਸ੍ਰੀ ਸੇਖੋਂ ਨੇ ਕਿਹਾ ਕਿ ਫਿਰਕਾਪ੍ਰਸਤੀ ਲਗਾਤਾਰ ਵਧ ਰਹੀ ਹੈ, ਦੇਸ਼ ਦਾ ਸੰਵਿਧਾਨ ਖਤਰੇ ਵਿੱਚ ਹੈ, ਮਹਿੰਗਾਈ ਸਿਖ਼ਰਾਂ ਤੇ ਪਹੁੰਚ ਗਈ ਹੈ, ਅਪਰਾਧ ਵਧ ਰਹੇ ਹਨ, ਲੋਕਾਂ ਦਾ ਜੀਵਨ ਗੁਜਾਰਾ ਮੁਸ਼ਕਿਲ ਹੋ ਗਿਆ ਹੈ। ਅਜਿਹੀ ਸਥਿਤੀ ਵਿੱਚ ਸਿਆਸੀ ਪਾਰਟੀਆਂ ਨੂੰ ਇਹਨਾਂ ਮੁੱਦਿਆਂ ਤੇ ਲੋਕ ਸਭਾ ਚੋਣਾਂ ਲੜਣੀਆਂ ਚਾਹੀਦੀਆਂ ਹਨ, ਪਰ ਅਫਸੋਸ ਇਸ ਗੱਲ ਦਾ ਹੈ ਕਿ ਰਿਵਾਇਤੀ ਪਾਰਟੀਆਂ ਇਹਨਾਂ ਲੋਕ ਮੁੱਦਿਆਂ ਤੋਂ ਪਾਸਾ ਵੱਟ ਕੇ ਦਲਬਦਲੂਆਂ ਦੇ ਸਹਾਰੇ ਚੋਣਾਂ ਜਿੱਤਣ ਲਈ ਯਤਨਸ਼ੀਲ ਹਨ।ਸੂਬਾ ਸਕੱਤਰ ਨੇ ਕਿਹਾ ਕਿ ਦਲ ਬਦਲੀ ਕਰਕੇ ਟਿਕਟਾਂ ਹਾਸਲ ਕਰਨ ਵਾਲੇ ਇਨਸਾਨੀ ਕਦਰਾਂ ਕੀਮਤਾਂ ਛੱਡ ਕੇ ਆਪਣੀ ਪਾਰਟੀ ਨੂੰ ਤਿਲਾਂਜਲੀ ਦੇ ਕੇ ਦੂਜੀ ਅਜਿਹੀ ਪਾਰਟੀ ਵਿੱਚ ਚਲੇ ਜਾਂਦੇ ਹਨ, ਜਿਸਦਾ ਪਹਿਲੀ ਪਾਰਟੀ ਦੀਆਂ ਨੀਤੀਆਂ ਨਾਲ ਕੋਈ ਨੇੜ ਦਾ ਵੀ ਸਬੰਧ ਨਹੀਂ ਹੁੰਦਾ। ਪਹਿਲਾਂ ਲੋਕਾਂ ਤੋਂ ਹਿਮਾਇਤ ਲੈ ਕੇ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਆਗੂ ਹੋਰ ਪਾਰਟੀ ਵਿੱਚ ਸ਼ਾਮਲ ਹੋ ਕੇ ਲੋਕਾਂ ਨਾਲ ਧੋਖਾ ਤੇ ਗੱਦਾਰੀ ਕਰ ਰਹੇ ਹਨ।ਉਹਨਾਂ ਪੰਜਾਬ ਦੇ ਲੋਕਾਂ ਨੂੰ ਵੀ ਸੱਦਾ ਦਿੱਤਾ ਕਿ ਅਜਿਹੇ ਧੋਖੇਬਾਜ ਦਲਬਦਲੂਆਂ ਨੂੰ ਮੂੰਹ ਨਾ ਲਾਉਣ। ਉਹਨਾਂ ਕਿਹਾ ਕਿ ਦੌਲਤ ਤੇ ਸੁਹਰਤ ਦੀ ਬਜਾਏ ਦੇਸ਼ ਦੀ ਸੇਵਾ ਕਰਨ ਵਾਲੇ ਉਮੀਦਵਾਰਾਂ ਦੀ ਕਦਰ ਕਰਕੇ ਉਹਨਾਂ ਨੂੰ ਲੋਕ ਸਭਾ ਵਿੱਚ ਭੇਜਣ।

## ਲੱਖਾ ਸਦਾਨਾ ਨੂੰ ਬਠਿੰਡਾ ਲੋਕ ਸਭਾ ਹਲਕਾ ਤੋਂ ਉਮੀਦਵਾਰ ਬਣਾਏ ਜਾਣ ਨਾਲ ਨੌਜਵਾਨਾਂ 'ਚ ਉਤਸ਼ਾਹ : ਖੁਣ ਖੁਣ

ਹੁਸ਼ਿਆਰਪੁਰ ( ਓਮ ਪ੍ਰਕਾਸ਼ ਰਾਣਾ) ਪੰਜਾਬੀ ਬੋਲੀ ਅਤੇ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਵਾਲੇ ਨੌਜਵਾਨ ਆਗੂ ਲੱਖਾ ਸਿਧਾਣਾ ਨੂੰ ਬਠਿੰਡਾ ਲੋਕ ਸਭਾ ਹਲਕੇ ਤੋਂ ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਵੱਲੋਂ ਪਾਰਟੀ ਉਮੀਦਵਾਰ ਬਣਾਏ ਜਾਣਾ ਸਲਾਗਾ ਯੋਗ ਉਦਮ ਹੈ। ਇਸ ਨਾਲ ਪੰਜਾਬ ਭਰ ਵਿੱਚ ਨੌਜਵਾਨਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੀਪ ਸਿੰਘ ਖੁਣ ਖੁਣ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪਾਰਟੀ ਦੀ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਵਰਕਰਾਂ ਨਾਲ ਸਾਂਝੇ ਕਰਦੇ ਹੋਏ ਕੀਤਾ।ਉਹਨਾਂ ਕਿਹਾ ਕਿ ਲੱਖਾ ਸਧਾਣਾ ਲਗਾਤਾਰ ਪੰਜਾਬੀ ਮਾਂ ਬੋਲੀ, ਨਸ਼ਿਆਂ ਵਿਰੁੱਧ, ਕਿਸਾਨੀ ਹਿੱਤਾਂ ਅਤੇ ਪੰਜਾਬ ਦੇ ਹੱਕਾਂ ਲਈ ਲੰਬੇ ਸਮੇਂ ਤੋਂ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰ ਰਿਹਾ ਹੈ ਇਹੋ ਜਹੀਆਂ ਬੁਲੰਦ ਆਵਾਜ਼ਾਂ ਨੂੰ ਪਾਰਲੀਮੈਂਟ ਵਿੱਚ ਭੇਜਣਾ ਸਮੇਂ ਦੀ ਮੰਗ ਹੈ। ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਕੇਂਦਰੀ ਵਰਕਿੰਗ ਕਮੇਟੀ ਮੈਂਬਰ, ਪਰਮਜੀਤ ਸਿੰਘ ਮੇਗੋਵਾਲ ਦੁਆਬਾ, ਗੁਰਨਾਮ ਸਿੰਘ ਸਿੰਗੜੀਵਾਲਾ, ਸਤਵੰਤ ਸਿੰਘ ਮੁਰਾਦਪੁਰ, ਕਰਨੈਲ ਸਿੰਘ ਲਵਲੀ, ਸਾਬੀ ਦਸ਼ਮੇਸ਼ ਨਗਰ,ਕੁਲਵਿੰਦਰ ਸਿੰਘ ਖੁਣਖੁਣ, ਪਰਮਜੀਤ ਸਿੰਘ ਮੈਂਟੂ, ਸੁਰਿੰਦਰ ਸਿੰਘ ਨਸਰਾਲਾ, ਸੁਖਦੇਵ ਸਿੰਘ ਕਹਾਰੀ, ਗੁਰਮੁਖ ਸਿੰਘ ਜੀਵਨਪੁਰ ਜੱਟਾਂ, ਪ੍ਰਿਤਪਾਲ ਸਿੰਘ ਮੁਰਾਦਪੁਰ ਆਦਿ ਹਾਜ਼ਰ ਸਨ।

## ਦੋਲੋਵਾਲ ਵਿਖੇ ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



ਅੱਡਾ ਸਰਾਂ (ਜਸਵੀਰ ਕਾਜਲ) ਭਾਰਤ ਰਤਨ, ਭਾਰਤ ਦੇਸ਼ ਦੇ ਸੰਵਿਧਾਨ ਦੇ ਨਿਰਮਾਤਾ,ਸਭ ਤੋਂ ਵੱਧ ਡਿਗਰੀਆਂ ਪ੍ਰਾਪਤ ਕਰਨ ਵਾਲੇ, ਮਹਾਨ ਰਹਿਬਰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 133ਵੇਂ ਜਨਮ ਦਿਹਾੜਾ ਪਿੰਡ ਦੋਲੋਵਾਲ ਵਿਖੇ ਮਾਸਟਰ ਬੁੱਧ ਸਿੰਘ ਦੀ ਅਗਵਾਈ ਵਿੱਚ ਨਗਰ ਦੇ ਸਹਿਯੋਗ ਨਾਲ ਕਰਵਾਇਆ ਗਿਆ! ਇਸ ਮੌਕੇ ਬੀਪੀਈਓ ਸੁਰਤੀ ਲਾਲ ,ਮਾਸਟਰ ਵਿਜੇ ਕੁਮਾਰ ਪ੍ਰਚਾਰਕ ,ਡਾ. ਚਰਨਜੀਤ ਸਿੰਘ ਬਿਨਪਾਲਕੇ , ਮੈਡਮ ਸ਼ਾਂਤੀ ਦੇਵੀ ਮੁੱਖ ਬੁਲਾਰਿਆਂ ਵਜੋਂ ਸਮਾਗਮ ਵਿੱਚ ਹਾਜ਼ਰ ਹੋਏ। ਉਨਾਂ ਨੇ ਬਾਬਾ ਸਾਹਿਬ ਅੰਬੇਡਕਰ ਜੀ ਦੁਬਾਰਾ ਕੀਤੀ ਹੋਈ ਪੜ੍ਹਾਈ, ਡਿਗਰੀਆਂ ,ਉਪਲਬਧੀਆਂ ਅਤੇ ਸਮਾਜ ਵਿੱਚ ਹੋ ਰਹੀਆਂ ਮੌਜੂਦਾ ਸਮੇਂ ਦੀਆਂ ਕੁਰੀਤੀਆਂ ਬਾਰੇ ਜਾਣੂ ਕਰਵਾਇਆ।ਇਸ ਦੌਰਾਨ ਪਿੰਡ ਦੇ ਬੱਚਿਆਂ ਵਿੱਚੋਂ ਹਰਪ੍ਰੀਤ ਕੌਰ, ਰਾਜਦੀਪ ਕੌਰ ,ਮਹਿਕ ਪ੍ਰੀਤ ਕੌਰ, ਜਸਮੀਤ ਕੌਰ, ਮਨਪ੍ਰੀਤ ਕੌਰ, ਸਿਮਰਨਪ੍ਰੀਤ ਕੌਰ ,ਦਲਵੀਰ ਸਿੰਘ ਨੇ ਬਾਬਾ ਸਾਹਿਬ ਦੇ ਜੀਵਨ ਉੱਤੇ ਕਵਿਤਾਵਾਂ ਗਾਈਆਂ ਅਤੇ ਉਨਾਂ ਦੇ ਜੀਵਨ ਸੰਘਰਸ਼ ਬਾਰੇ ਜਾਣੂ ਕਰਵਾਇਆ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਬਲਵੀਰ ਸਿੰਘ ਵਜੋਂ ਨਿਭਾਈ ਗਈ।ਇਸ ਮੌਕੇ ਮੈਂਬਰ ਪਰਮਿੰਦਰ ਸਿੰਘ, ਬਹਾਦਰ ਸਿੰਘ ,ਕਰਨੈਲ ਸਿੰਘ, ਪਰਮਜੀਤ ਸਿੰਘ, ਰਾਮ ਸਿੰਘ, ਦਿਲਪ੍ਰੀਤ ਸਿੰਘ, ਲਵਲੀਨ ਸਿੰਘ, ਅਰਮਾਨਪ੍ਰੀਤ ਸਿੰਘ, ਹਰਜੋਤ ਸਿੰਘ ,ਹਰਜਿੰਦਰ ਸਿੰਘ ਅਤੇ ਨਗਰ ਦੀਆਂ ਸਮੂਹ ਸੰਗਤਾਂ ਹਾਜ਼ਰ ਸਨ।

## ਜ਼ਿਲ੍ਹਾ ਪ੍ਰਸ਼ਾਸਨ ਨੇ ਮਨਾਇਆ ਡਾ. ਬੀ ਆਰ ਅੰਬੇਦਕਰ ਦਾ ਜਨਮ ਦਿਵਸ



ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ )- ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵਲੋਂ ਬਹੁਤ ਹੀ ਸ਼ਰਧਾ ਨਾਲ ਭਾਰਤ ਰਤਨ ਡਾ. ਬੀ.ਆਰ. ਅੰਬੇਦਕਰ ਜੀ ਦਾ ਜਨਮ ਦਿਵਸ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਨਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕੰਪਲੈਕਸ ਵਿਚ ਲੱਗੀ ਡਾ. ਅੰਬੇਦਕਰ ਜੀ ਦੀ ਤਸਵੀਰ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਕੇ ਉਨ੍ਹਾਂ ਨੂੰ ਸ਼ਰਧਾਂਜ਼ਲੀ ਭੇਟ ਕੀਤੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਡਾ. ਭੀਮ ਰਾਓ ਅੰਬੇਦਕਰ ਜੀ ਦੇ ਜਨਮ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਡਾ. ਭੀਮ ਰਾਓ ਅੰਬੇਦਕਰ ਜੀ ਭਾਰਤੀ ਸੰਵਿਧਾਨ ਦੇ ਨਿਰਮਾਤਾ ਸਨ। ਉਨ੍ਹਾਂ ਕਿਹਾ ਕਿ ਦੇਸ਼ ਨੂੰ ਇਕਜੁੱਟ ਕਰਨ ਦਾ ਜੋ ਕਾਰਜ ਬਾਬਾ ਸਾਹਿਬ ਨੇ ਕੀਤਾ ਹੈ, ਉਸ ਨੂੰ ਦੇਸ਼ ਕਦੇ ਵੀ ਭੁਲਾ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਜੀ ਨੇ ਸਾਰਿਆਂ ਨੂੰ ਬਰਾਬਰ ਅਧਿਕਾਰ ਦੇਣ ਲਈ ਇਕਜੁੱਟਤਾ ਕਾਇਮ ਕਰਨ ਵਿਚ ਮੁੱਖ ਭੂਮਿਕਾ ਨਿਭਾਈ ਅਤੇ ਉਸ ਸਮੇਂ ਦੌਰਾਨ ਸਮਾਜ ਵਿਚ ਫੈਲੀਆਂ ਸਮਾਜਿਕ ਬੁਰਾਈਆਂ ਨੂੰ ਦੂਰ ਕੀਤਾ।ਕੋਮਲ ਮਿੱਤਲ ਨੇ ਕਿਹਾ ਕਿ ਬਾਬਾ ਸਾਹਿਬ ਇਕ ਮਹਾਨ ਸ਼ਖਸੀਅਤ ਸਨ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਸਮਾਜ ਲਈ ਦਿੱਤੇ ਉਨ੍ਹਾਂ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਸੰਵਿਧਾਨ ਨਿਰਮਾਤਾ ਡਾ. ਅੰਬੇਦਕਰ ਜੀ ਦੇ ਦਰਸਾਏ ਮਾਰਗ 'ਤੇ ਚੱਲ ਕੇ ਦੇਸ਼ ਅਤੇ ਸਮਾਜ ਦੀ ਸੇਵਾ ਲਈ ਅੱਗੇ ਆਉਣ। ਇਸ ਮੌਕੇ ਹਾਜ਼ਰ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਵੀ ਡਾ. ਅੰਬੇਦਕਰ ਜੀ ਨੂੰ ਸ਼ਰਧਾ ਦੇ ਫੁੱਲ ਅਰਪਿਤ ਕੀਤੇ।

## ਲੱਖਪੁਰ ਵਿਖੇ ਲੱਲ (ਰਾਮਗੜ੍ਹੀਆ) ਬਰਾਦਰੀ ਨੇ ਸ਼ਰਧਾ ਨਾਲ ਮਨਾਇਆ ਵਿਸਾਖੀ ਜੋੜ ਮੇਲਾ



ਫਗਵਾੜਾ (ਡਾ. ਰਮਨ ) ਪਿੰਡ ਲੱਖਪੁਰ ਤਹਿਸੀਲ ਫਗਵਾੜਾ ਵਿਖੇ ਲੱਖਪੁਰ ਸਾਹਨੀ ਰੋਡ ਸਥਿਤ ਸ਼ਹੀਦ ਸਿੰਘਾਂ ਦੇ ਧਾਰਮਿਕ ਅਸਥਾਨ ਵਿਖੇ ਲੱਲ (ਰਾਮਗੜ੍ਹੀਆ) ਬਿਰਾਦਰੀ ਵਲੋਂ ਸਾਲਾਨਾ ਵਿਸਾਖੀ ਜੋੜ ਮੇਲਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ ਭਾਈ ਮੁਖਤਿਆਰ ਸਿੰਘ ਨੇ ਸਰਬੱਤ ਦੇ ਭਲੇ ਅਤੇ ਰਾਮਗੜ੍ਹੀਆ ਪਰਿਵਾਰਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਵੱਡੀ ਗਿਣਤੀ ਵਿਚ ਰਾਮਗੜ੍ਹੀਆ ਬਿਰਾਦਰੀ ਨੇ ਪਰਵਾਰਾਂ ਸਮੇਤ ਨਤਮਸਤਕ ਹੋ ਕੇ ਵੱਡੇ ਵਢੇਰਿਆਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਪ੍ਰਬੰਧਕਾਂ ਵਲੋਂ ਸਮੂਹ ਲੱਲ (ਰਾਮਗੜ੍ਹੀਆ) ਪਰਵਾਰਾਂ ਨੂੰ ਸਾਲਾਨਾ ਜੋੜ ਮੇਲੇ ਦੀ ਵਧਾਈ ਦਿੱਤੀ। ਉਹਨਾਂ ਸਮਾਗਮ ਨੂੰ ਸਫਲ ਬਨਾਉਣ ਲਈ ਸਹਿਯੋਗੀਆਂ ਦਾ ਧੰਨਵਾਦ ਵੀ ਕੀਤਾ। ਸੇਵਾਦਾਰਾਂ ਵਲੋਂ ਚਾਹ ਪਕੌੜੇ, ਠੰਡੇ ਮਿੱਠੇ ਜਲ, ਲੱਸੀ ਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਗਈ। ਇਸ ਮੌਕੇ ਗੁਰਵੀਰ ਸਿੰਘ ਦਿੱਲੀ, ਕੁਲਦੀਪ ਸਿੰਘ ਦਿੱਲੀ ਵਾਲੇ, ਬਲਜੀਤ ਸਿੰਘ ਲੱਖਪੁਰ, ਧਰਮਵੀਰ ਸਿੰਘ ਲੁਧਿਆਣਾ, ਜਸਵੀਰ ਸਿੰਘ ਸਾਹਨੀ, ਕੁਲਦੀਪ ਸਿੰਘ, ਤਜਿੰਦਰ ਸਿੰਘ ਕਨੇਡਾ, ਗੁਰਦੀਪ ਸਿੰਘ, ਹਰਵਿੰਦਰ ਕੌਰ ਅਸਾਮ, ਗੁਰਮੀਤ ਕੌਰ ਲੱਖਪੁਰ, ਅਮਰੀਕ ਸਿੰਘ ਲੁਧਿਆਣਾ, ਪਰਮਿੰਦਰ ਸਿੰਘ ਲੁਧਿਆਣਾ, ਹਰਪ੍ਰੀਤ ਸਿੰਘ, ਮਨਦੀਪ ਸਿੰਘ, ਕਿਸ਼ਨ ਸਿੰਘ ਲੱਖਪੁਰ, ਗੁਰਸ਼ਰਨ ਸਿੰਘ ਲੁਧਿਆਣਾ, ਦਵਿੰਦਰ ਸਿੰਘ, ਤਰਨਦੀਪ ਸਿੰਘ ਲੁਧਿਆਣਾ, ਕਮਲਜੀਤ ਕੌਰ, ਬਲਜੀਤ ਕੌਰ, ਪਰਮਿੰਦਰ ਕੌਰ, ਗੁਰਮੀਤ ਸਿੰਘ ਦਿੱਲੀ, ਗੁਰਜੀਤ ਸਿੰਘ, ਬਲਜੀਤ ਕੌਰ, ਕੁਲਦੀਪ ਕੌਰ ਲੁਧਿਆਣਾ, ਕਮਲਜੀਤ ਸਿੰਘ, ਕੁਲਵਿੰਦਰ ਕੌਰ ਕਨੇਡਾ, ਸੁਰਿੰਦਰ ਸਿੰਘ ਭਿੰਦਾ ਲੱਖਪੁਰ ਆਦਿ ਹਾਜਰ ਸਨ।

## ਸ਼ੋਭਾ ਯਾਤਰਾ 'ਚ ਸਾਥੀਆਂ ਸਮੇਤ ਸ਼ਾਮਲ ਹੋਏ 'ਆਪ' ਆਗੂ ਦਲਜੀਤ ਰਾਜੂ

ਫਗਵਾੜਾ (ਡਾ.ਰਮਨ, ਢੱਡਾ ) ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਲਜੀਤ ਸਿੰਘ ਰਾਜੂ ਨੇ ਆਪਣੇ ਸਾਥੀਆਂ ਸਮੇਤ ਫਗਵਾੜਾ ਵਿਖੇ ਸ਼੍ਰੀ ਰਾਮ ਨੌਮੀ ਦੇ ਸਬੰਧ 'ਚ ਕੱਢੀ ਗਈ ਵਿਸ਼ਾਲ ਸ਼ੋਭਾ ਯਾਤਰਾ 'ਚ ਸ਼ਮੂਲੀਅਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਸੁੰਦਰ ਪਾਲਕੀ 'ਚ ਸੁਸ਼ੋਭਿਤ ਭਗਵਾਨ ਸ਼੍ਰੀ ਰਾਮ ਦੇ ਬਾਲ ਸਰੂਪ ਰਾਮਲਲਾ ਅੱਗੇ ਨਤਮਸਤਕ ਹੁੰਦਿਆਂ ਆਸ਼ੀਰਵਾਦ ਲਿਆ। ਦਲਜੀਤ ਰਾਜੂ ਨੇ ਸ਼੍ਰੀ ਰਾਮ ਜਨਮ ਉਤਸਵ ਦੀਆਂ ਸ਼ੁਭ ਇੱਛਾਵਾਂ ਦਿੱਤੀਆਂ ਅਤੇ ਕਿਹਾ ਕਿ ਭਗਵਾਨ ਸ਼੍ਰੀ ਰਾਮ ਦੇ ਜੀਵਨ ਦਾ ਹਰ ਪ੍ਰਕਰਣ ਸਾਨੂੰ ਪਿਆਰ, ਤਿਆਗ ਅਤੇ ਤਪੱਸਿਆ ਦੀ ਪ੍ਰੇਰਨਾ ਦਿੰਦਾ ਹੈ। ਜੇਕਰ ਉਨ੍ਹਾਂ ਦੇ ਦਰਸਾਏ ਮਾਰਗ ਨੂੰ ਅਪਨਾਇਆ ਜਾਵੇ ਤਾਂ ਅੱਜ ਵੀ ਰਾਮ ਰਾਜ ਦਾ ਅਨੁਭਵ ਕੀਤਾ ਜਾ ਸਕਦਾ ਹੈ। ਦਲਜੀਤ ਰਾਜੂ ਅਤੇ ਹੋਰ ਪਤਵੰਤਿਆਂ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਬਲਾਕ ਪ੍ਰਧਾਨ ਵਰੁਣ ਬੰਗੜ ਚੱਕ ਹਕੀਮ, ਰਘਬੀਰ ਕੌਰ ਮਹਿਲਾ ਵਿੰਗ ਕੋਆਰਡੀਨੇਟਰ, ਬਲਬੀਰ ਠਾਕੁਰ ਬਲਾਕ ਪ੍ਰਧਾਨ, ਸਮਰ ਗੁਪਤਾ ਬਲਾਕ ਪ੍ਰਧਾਨ, ਅਮਰਿੰਦਰ ਸਿੰਘ, ਰਣਜੀਤ ਪਾਲ ਪਾਬਲਾ, ਕੇਸ਼ੀ ਗੰਡਵਾ, ਰਣਬੀਰ ਸਿੰਘ ਜਗਤਪੁਰ ਜੱਟਾਂ, ਬਿੰਦਰ ਸਰਪੰਚ ਮੀਰਾਪੁਰ, ਅਰੁਣ ਵਸ਼ਿਸ਼ਠ, ਮੈਡਮ ਪ੍ਰਭਾ, ਰਜਿੰਦਰ ਕੌਰ ਬਾਬਾ ਗਧੀਆ ਆਦਿ ਹਾਜ਼ਰ ਸਨ।

## ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਨ 'ਤੇ ਮੂਰਤੀ ਦੀ ਸਥਾਪਨਾ



ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ 133ਵੇਂ ਜਨਮ ਦਿਨ 'ਤੇ ਪਿੰਡ ਪੰਡੋਰੀ ਜਗੀਰ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਬੁੱਤ ਦੀ ਸਥਾਪਨਾ ਕੀਤੀ।ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਜਦੋਂ ਕੇਂਦਰ ਦੀ ਮੋਦੀ ਸਰਕਾਰ ਲਗਾਤਾਰ ਦਲਿਤਾਂ ਅਤੇ ਘੱਟ ਗਿਣਤੀਆਂ 'ਤੇ ਹਮਲੇ ਕਰਕੇ ਆਪਣੀਆਂ ਸਿਆਸੀ ਰੋਟੀਆਂ ਸੇਕ ਰਹੇ ਹਨ ਉਸ ਸਮੇਂ 'ਚ ਡਾ. ਬੀ ਆਰ ਅੰਬੇਡਕਰ ਦਾ ਜਨਮ ਦਿਹਾੜਾ ਮਨਾਉਣਾ 'ਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਅੱਗੇ ਲੈ ਕੇ ਆਉਣਾ ਸਮੇਂ ਦੀ ਜ਼ਰੂਰਤ ਹੈ।ਦੇਸ਼ ਭਰ ਅੰਦਰ ਜਦੋਂ ਬੋਲਣ, ਲਿਖਣ ਅਤੇ ਸੰਘਰਸ਼ ਕਰਨ ਤੇ ਬਹੁਤ ਸਖ਼ਤ ਪਾਬੰਦੀਆਂ ਨਾਲ ਅਵਾਜ਼ ਕੁਚਲੀ ਜਾ ਰਹੀ ਹੈ।ਸਾਡਾ ਸੰਵਿਧਾਨ ਸਾਨੂੰ ਆਜ਼ਾਦੀ ਨਾਲ ਵਿਚਰਨ, ਲਿਖਣ ਤੇ ਬੋਲਣ ਦੀ ਇਜਾਜ਼ਤ ਦਿੰਦੀ ਹੈ। ਜਦੋਂ ਮੋਦੀ ਹਕੂਮਤ ਅੰਬੇਡਕਰਵਾਦੀ ਅਤੇ ਕਮਿਊਨਿਸਟਾਂ 'ਤੇ ਲਗਾਤਾਰ ਹਮਲੇ ਕਰ ਰਹੀ ਹੈ।ਬਾਬਾ ਸਾਹਿਬ ਦੇ ਸੱਦੇ 'ਤੇ ਪੜ੍ਹੋ ਜੁੜੋ ਤੇ ਸੰਘਰਸ਼ ਕਰੋ 'ਤੇ ਅਮਲ ਕਰਨ ਦੀ ਜ਼ਰੂਰਤ ਹੈ। ਇਸ ਮੌਕੇ ਪਿੰਡ ਦੇ ਦਲਿਤ ਮੁਹੱਲੇ ਦਾ ਨਾਮ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੇ ਨਾਂਅ 'ਤੇ ਰੱਖਿਆ ਗਿਆ ਹੈ।ਇਸ ਮੌਕੇ ਪਿੰਡ ਦੇ ਸਰਪੰਚ ਮੰਗਲਜੀਤ ਪੰਡੋਰੀ, ਕੁਲਵਿੰਦਰ ਕਿੰਦਾ, ਵਿਜੇ ਕੁਮਾਰ,ਮਲਕੀਤ ਚੰਦ, ਗੁਰਿੰਦਰ, ਸਾਗਰ, ਰਜਿੰਦਰ ਕੁਮਾਰ, ਰਮਨ ਕੁਮਾਰ, ਅਮਰੀਕ ਚੰਦ, ਪ੍ਰੇਮ, ਗੁਰਮੇਲ, ਮਲਕੀਤ ਚੁੰਬਰ ਅਤੇ ਮਜ਼ਦੂਰ ਆਗੂ ਹੰਸ ਰਾਜ ਪੱਬਵਾਂ ਆਦਿ ਸੰਬੋਧਨ ਕੀਤਾ।

## ਹਰ ਘਰ 'ਚ ਹੋਵੇ ਇੱਕ ਧਾਰਮਿਕ ਗ੍ਰੰਥ ਤੇ ਸੰਵਿਧਾਨ : ਨੀਤੀ ਤਲਵਾਰ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਭਾਰਤ ਨੂੰ ਜੋ ਲੋਕ ਜਾਣਦੇ ਹਨ ਉਹ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਹਰ ਭਾਰਤੀ ਦਾ ਡੀਐਨਏ ਧਾਰਮਿਕ ਬੇਸ਼ਕ ਧਾਰਮਿਕ ਹੈ ਪਰ ਜਿਸ ਗ੍ਰੰਥ ਤੋਂ ਭਾਰਤੀਆਂ ਨੂੰ ਉਹਨਾਂ ਦੇ ਅਧਿਕਾਰਾਂ ਅਤੇ ਕਰਤਬਾਂ ਦੇ ਜਾਣਕਾਰੀ ਮਿਲਦੀ ਹੈ ਉਹ ਭਾਰਤ ਦਾ ਸੰਵਿਧਾਨ ਹੈ। ਉਪਰੋਕਤ ਸ਼ਬਦ ਭਾਰਤੀ ਜਨਤਾ ਪਾਰਟੀ ਮਹਿਲਾ ਮੋਰਚਾ ਦੀ ਸਾਬਕਾ ਮੀਤ ਪ੍ਰਧਾਨ ਨੀਤੀ ਤਲਵਾਰ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਜਨਮ ਦਿਨ ਤੇ ਮਹਿਲਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਕਰਤਵਾਂ ਪ੍ਰਤੀ ਕੀਤੇ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਕਹੇ। ਨੀਤੀ ਤਲਵਾਰ ਨੇ ਕਿਹਾ ਕਿ ਇੱਕ ਮਹਿਲਾ ਆਪਣੇ ਪਰਵਾਰ ਦੀ ਦਿਸ਼ਾ ਨਿਰਧਾਰਿਤ ਕਰਦੀ ਹੈ ਅਤੇ ਉਹ ਪਰਵਾਰ ਦੂਸਰੇ ਪਰਿਵਾਰ ਨਾਲ ਜੁੜ ਕੇ ਆਪਣੇ ਮੁਹੱਲੇ, ਸ਼ਹਿਰ, ਪ੍ਰਦੇਸ ਅਤੇ ਦੇਸ਼ ਦੇ ਵਿਕਾਸ ਦੀ ਦਿਸ਼ਾ ਨਿਰਧਾਰਿਤ ਕਰਦੀ ਹੈ। ਇਸ ਲਈ ਮਹਿਲਾਵਾਂ ਦਾ ਜਾਗਰੂਕ ਹੋਣਾ ਬਹੁਤ ਜਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਤੋਂ ਹਰਿ ਮਹਿਲਾ ਇਸ ਗੱਲ ਦਾ ਨਿਸ਼ਚਾ ਕਰੇ ਕਿ ਉਹ ਆਪਣੇ ਬੱਚਿਆਂ ਨੂੰ ਜੀਵਨ ਵਿੱਚ ਦੋ ਗ੍ਰੰਥ ਜਰੂਰ ਉਪਹਾਰ ਦੇ ਤੌਰ 'ਤੇ ਦੇਣ, ਇੱਕ ਸਾਡੀ ਆਸਥਾ ਦਾ ਕੇਂਦਰ ਧਾਰਮਿਕ ਗ੍ਰੰਥ ਤੇ ਦੂਸਰਾ ਦੇਸ਼ ਦੀ ਆਸਥਾ ਦਾ ਕੇਂਦਰ ਸਾਡਾ ਸੰਵਿਧਾਨ। ਉਨ੍ਹਾਂ ਨੇ ਕਿਹਾ ਕਿ ਜੇਕਰ ਅਸੀਂ ਅਜਿਹਾ ਕਰਨ ਵਿੱਚ ਸਫਲ ਹੋ ਗਏ ਤਾਂ ਦੁਨੀਆ ਵਿੱਚ ਵਸੇ ਨਾਗਰਿਕ ਆਪਣੇ ਬੱਚਿਆਂ ਨੂੰ ਭਾਰਤੀ ਬੱਚਿਆਂ ਦੀ ਉਦਾਹਰਨ ਦੇ ਕੇ ਕਹਿਣਗੇ ਕਿ ਉਹਨਾਂ ਦੇ ਬੱਚਿਆਂ ਨੇ ਭਾਰਤ ਨੂੰ ਵਿਸ਼ਵ ਗੁਰੂ ਬਣਾ ਦਿੱਤਾ ਹੈ। ਇਸ ਮੌਕੇ ਔਰਤਾਂ ਤੋਂ ਅਲੱਗ ਅਲੱਗ ਵਿਸ਼ਿਆਂ ਤੇ ਉਨਾਂ ਦੇ ਕਰਤਬਾਂ ਦੇ ਪ੍ਰਤੀ ਜਾਗਰੂਕ ਵੀ ਕਰਵਾਇਆ ਗਿਆ! ਇਸ ਮੌਕੇ ਕ੍ਰਿਸ਼ਨ ਥਾਪਰ, ਸਗਲੀ ਰਾਮ, ਵਿਪਨ, ਸੰਜੀਵ ਥਾਪਰ, ਊਸ਼ਾ ਕਿਰਨ ਸੂਦ, ਨੀਤੂ ਥਾਪਰ, ਸੀਮਾ ਚੌਹਾਨ, ਕਰੀਨਾ, ਸੰਗੀਤਾ ਸ਼ਰਮਾ, ਸ਼ਵਾਨੀ ਤੋਂ ਇਲਾਵਾ ਹੋਰ ਔਰਤਾਂ ਵੀ ਹਾਜ਼ਰ ਸਨ।

## ਐੱਮ ਐੱਚ ਯੂ ਨੂੰ ਮਿਲਿਆ ਵਧੀਆ ਬਾਗਬਾਨੀ 'ਵਰਸਿਟੀ ਦਾ ਐਵਾਰਡ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਮਹਾਰਾਣਾ ਪ੍ਰਤਾਪ ਬਾਗਬਾਨੀ ਯੂਨੀਵਰਸਿਟੀ ਕਰਨਾਲ ਵੱਲੋਂ ਬਾਗਬਾਨੀ ਖੇਤਰਾਂ ਵਿਚ ਕੀਤੇ ਜਾ ਰਹੇ ਵਧੀਆ ਕੰਮਾਂ ਨੂੰ ਦੇਖਦੇ ਹੋਏ ਖੇਤੀਬਾੜੀ ਵਪਾਰ ਸਿਖਰ ਸਮੇਲਨ ਅਤੇ ਪੁਰਸਕਾਰ ਨਾਮਕ ਸੰਸਥਾ ਵੱਲੋਂ ਹੋਟਲ ਪਾਰਕ ਹਿਯਾਤ , ਹੈਦਰਾਬਾਦ ਭਾਰਤ ਵਿਚ ਪ੍ਰਬੰਧਿਤ ਪ੍ਰੋਗ੍ਰਾਮ ਵਿਚ ਪੂਰੇ ਦੇਸ਼ ਦੇ ਬਾਗਬਾਨੀ ਵਿਭਾਗਾਂ ਵਿੱਚੋਂ ਐਮਐਚਯੂ ਨੂੰ ਵਧੀਆ ਬਾਗਬਾਨੀ ਯੂਨੀਵਰਸਿਟੀ ਦਾ ਪੁਰਸਕਾਰ ਨਾਲ ਨਿਵਾਜਿਆ ਗਿਆ ਜੋ ਹਰਿਆਣਾ ਲਈ ਬਹੁਤ ਮਾਣ ਦੀ ਗੱਲ ਹੈ। ਯੂਨੀਵਰਸਿਟੀ ਦੇ ਬੁਲਾਰੇ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਐਮਐਚਯੂ ਬਾਗਬਾਨੀ ਦੇ ਖੇਤਰਫਲ, ਸਬਜੀਆਂ, ਫੁੱਲਾਂ ਅਤੇ ਔਸ਼ਧੀ ਪੌਦਿਆਂ 'ਤੇ ਮਹਤੱਵਪੂਰਣ ਕੰਮ ਕਰ ਰਿਹਾ ਹੈ। ਐਮਐਚਯੂ ਰਾਜ ਦੀ ਜਰੂਰਤਾਂ ਪੂਰੀ ਕਰਨ ਲਈ ਗੰਭੀਰਤਾ ਨਾਲ ਲਗਿਆ ਹੋਇਆ ਹੈ। ਯੂਨੀਵਰਸਿਟੀ ਨੇ ਪਿਛਲੇ ਸਾਲਾਂ ਵਿਚ ਕਈ ਨਵੀਂ ਤਕਨੀਕਾਂ ਨੂੰ ਬਨਾਉਣ ਲਈ ਖੋਜ ਕੰਮ ਕੀਤੇ ਹਨ। ਜਿਨ੍ਹਾਂ ਦੇ ਹੁਣ ਸੁਖਦ ਨਤੀਜੇ ਆਉਣੇ ਸ਼ੁਰੂ ਹੋ ਚੁੱਕੇ ਹਨ। ਉਨ੍ਹਾਂ ਨੇ ਦਸਿਆ ਕਿ ਸੱਭ ਤੋਂ ਵੱਡੀ ਉਪਲਬਧੀ ਪਿਛਲੇ ਦਿਨਾਂ ਜੈਵਿਕ ਸੂਖਮ ਜੀਵਾਂ ਵਿਚ ਖੋਜ ਵਿਚ ਮਿਲੀ। ਐਮਐਚਯੂ ਨੇ ਕਈ ਚੰਗੇ ਸੂਖਮ ਜੀਵ ਸਬੰਧਿਤ ਜੈਵ ਆਦਾਨਾਂ ਦੀ ਪਹਿਚਾਣ ਕੀਤੀ ਹੈ। ਜਿਸ ਦਾ ਸਫਲਤਾਪੂਰਵਕ ਬਾਗਬਾਨੀ ਦੇ ਖੇਤਰ ਵਿਚ ਵਰਤੋ ਕਰ ਕੇ ਫਸਲਾਂ ਨੂੰ ਸਰੰਖਿਤ ਅਤੇ ਗੁਣਵੱਤਾ ਦਾ ਉਤਪਾਦਨ ਕੀਤਾ ਜਾ ਸਕੇਗਾ, ਜਿਵੇਂ ਕਿ ਇਸ ਦੀ ਵਰਤੋ ਨਾ ਖੇਤਾਂ ਵਿਚ 20 ਤੋਂ 25 ਫੀਸਦੀ ਘੱਟ ਰਸਾਇਨਿਕ ਫਰਟੀਲਾਈਜਰਾਂ ਦੀ ਜਰੂਰਤ ਹੋਵੇਗੀ। ਇੰਨ੍ਹਾਂ ਉਪਲਬਧੀਆਂ ਦੇ ਕਾਰਨ ਖੇਤੀਬਾੜੀ ਵਪਾਰ ਸਿਖਰ ਸਮੇਲਨ ਅਤੇ ਪੁਰਸਕਾਰ ਨਾਮਕ ਸੰਸਥਾ ਨੇ ਐਮਐਚਯੂ ਨੂੰ ਵਧੀਆ ਹੋਰਟੀਕਲਚਰ ਯੂਨੀਵਰਸਿਟੀ ਦਾ ਐਵਾਰਡ ਦੇ ਕੇ ਸਨਮਾਨਿਤ ਕੀਤਾ ਹੈ। ਐਮਐਚਯੂ ਦੀ ਪੂਰੀ ਟੀਮ ਕਿਸਾਨਾਂ ਤਕ ਬਾਗਬਾਨੀ ਦੇ ਖੇਤਰ ਵਿਚ ਵਰਤੋ ਹੋਣ ਵਾਲੀ ਉਨੱਤ ਤਕਨੀਕਾਂ ਨੂੰ ਪਹੁੰਚਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਐਮਐਚਯੂ ਦਾ ਮੁੱਖ ਉਦੇਸ਼ ਗੁਣਵੱਤਾ ਯੁਕਤ ਪੈਦਾਵਾਰ ਨੂੰ ਵਧਾਉਣਾ ਹੈ। ਜਿਸ ਨਾਲ ਘੱਟ ਖਰਚ ਵਿਚ ਆਮਦਨੀ ਵਧੇ , ਕਿਸਾਨ ਆਰਥਕ ਤੌਰ 'ਤੇ ਖੁਸ਼ਹਾਲ ਹੋਵੇ। ਉਨ੍ਹਾਂ ਨੇ ਦਸਿਆ ਕਿ ਕਿਸਾਨਾਂ ਵਿਚ ਬਾਗਬਾਨੀ ਖੇਤੀ ਦੇ ਵੱਲ ਰੁਝਾਨ ਵੱਧ ਰਿਹਾ ਹੈ, ਜੋ ਆਉਣ ਵਾਲੇ ਪੀੜੀਆਂ ਦੇ ਲਈ ਕਿਸੇ ਵੱਡੇ ਉਪਹਾਰ ਤੋਂ ਘੱਟ ਨਹੀਂ ਹੋਵੇਗਾ। ਉਨ੍ਹਾਂ ਨੇ ਕਿਹਾ ਭਰਾਵਾਂ ਨੂੰ ਅਪੀਲ ਕੀਤੀ ਕਿ ਬਾਗਬਾਨੀ ਸਬੰਧਿਤ ਸਮਸਿਆਵਾਂ ਲਈ ਉਹ ਐਮਐਚਯੂ ਦੇ ਵਿਗਿਆਨਕਾਂ ਨਾਲ ਸੰਪਰਕ ਕਰਨ, ਸਮਸਿਆ ਦਾ ਹੱਲ ਪਾਉਣ ਵਿਚ ਸਹਿਯੋਗ ਪ੍ਰਾਪਤ ਕਰਨ।

## ਅਮਰ ਸੋਢੀ ਨੇ ਕਾਂਗਰਸ ਨੂੰ ਅਲਵਿਦਾ ਆਖ ਆਪ 'ਚ ਕੀਤੀ ਸ਼ਮੂਲੀਅਤ



ਸ਼੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਆਮ ਆਦਮੀ ਪਾਰਟੀ ਦੇ ਪਰਵਾਰ 'ਚ ਉਸ ਸਮੇਂ ਵੱਡਾ ਵਾਧਾ ਹੋਇਆ ਨਜਰ ਆਇਆ ਜਦੋਂ ਕਾਂਗਰਸ ਦੇ ਮਾਈਨਾਰਿਟੀ ਵਿੰਗ ਦੇ ਵਾਈਸ ਪ੍ਰਧਾਨ ਪੰਜਾਬ ਅਮਰ ਸੋਢੀ( ਚੀਜ਼ਲਰ ਫਿਟਨੈੱਸ ਕਲੱਬ) ਨੇ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸਥਿਤ ਨਿਵਾਸ 'ਤੇ ਅਮਰ ਸੋਢੀ (ਚੀਜ਼ਲਰ ਫਿਟਨੈੱਸ ਕਲੱਬ), ਉਨਾਂ ਦੀ ਧਰਮ ਪਤਨੀ ਮੈਡਮ ਕਿਰਨ ਸੋਢੀ, ਮਸ਼ਹੂਰ ਜਿਊਲਰ ਕੁੰਦਨ ਲਾਲ ਵਰਮਾ (ਕਾਲਾ ਸੁਨਿਆਰ ) ਨੌਜਵਾਨ ਆਗੂ ਜਸਪ੍ਰੀਤ ਸਿੰਘ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਇਆ।ਆਪ ਵਿੱਚ ਸ਼ਾਮਲ ਹੋਣ ਉਪਰੰਤ ਅਮਰ ਸੋਢੀ ਤੇ ਕੁੰਦਨ ਲਾਲ ਵਰਮਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੇ ਹਲਕਾ ਵਿਧਾਇਕ/ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਉਨਾਂ ਨੇ ਆਪ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।ਉਨਾਂ ਕਿਹਾ ਕਿ ਬੈਂਸ ਜੋ ਕਹਿੰਦੇ ਹਨ ਉਹ ਕਰਕੇ ਵਿਖਾਉਂਦੇ ਹਨ ਤੇ ਉਨਾਂ ਨੇ ਜੋ ਜੋ ਵਾਅਦੇ ਲੋਕਾਂ ਨਾਲ ਕੀਤੇ ਸਨ ਉਹ ਪੂਰੇ ਕਰਕੇ ਵਿਖਾਏ ਹਨ।ਉਨਾਂ ਕਿਹਾ ਕਿ ਲੀਡਰ ਦਾ ਮਤਲਬ ਹੁੰਦਾ ਹੈ ਲੀਡ ਕਰਨ ਵਾਲਾ ਤੇ ਜਿਹੜਾ ਲੀਡਰ ਆਪਣੇ ਹਲਕੇ ਦੇ ਲੋਕਾਂ ਦਾ ਦੁੱਖ ਸੁੱਖ ਦਾ ਭਾਈਵਾਲ ਹੋਵੇ ਹਰ ਖੁਸ਼ੀ ਹਰ ਗਮੀ ਦੇ ਮੌਕੇ ਤੇ ਆਪਣੇ ਲੋਕਾਂ ਵਿਚਕਾਰ ਖੜਾ ਹੋਵੇ ਉਹ ਹੀ ਅਸਲੀ ਲੀਡਰ ਹੁੰਦਾ ਹੈ ਤੇ ਬੈਂਸ ਹਰ ਸਮੇਂ ਆਪਣੇ ਹਲਕੇ ਦੇ ਲੋਕਾਂ ਨਾਲ ਖੜੇ ਹੋਏ ਵਿਖਾਈ ਦਿੰਦੇ ਹਨ ਤੇ ਇਹ ਖਾਸੀਅਤ ਪਹਿਲਾਂ ਵਾਲੇ ਲੀਡਰਾਂ ਵਿੱਚ ਵਿਖਾਈ ਨਹੀਂ ਦਿੱਤੀ। ਸੋਢੀ ਨੇ ਕਿਹਾ ਕਿ ਬੈਂਸ ਦੁਆਰਾ ਬਿਨਾਂ ਕਿਸੇ ਭੇਦਭਾਵ ਦੇ ਇਲਾਕੇ ਵਿੱਚ ਕਰਵਾਇਆ ਜਾ ਰਿਹਾ ਸਰਬਪੱਖੀ ਵਿਕਾਸ ਸਾਰਿਆਂ ਦੇ ਸਾਹਮਣੇ ਹੈ ਤੇ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ।ਉਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਹਰ ਘਰ ਨੂੰ 600 ਯੂਨਿਟ ਬਿਜਲੀ ਮੁਫਤ ਦਿੱਤੀ ਜਾਵੇਗੀ ਤੇ ਅੱਜ ਇਹ ਸਹੂਲਤ ਪੰਜਾਬ ਵਿੱਚ ਵੱਸਦੇ ਹਰ ਪੰਜਾਬੀ ਨੂੰ ਦਿੱਤੀ ਜਾ ਰਹੀ ਹੈ ਤੇ ਬਿਜਲੀ ਦਾ ਬਿੱਲ 0 ਆ ਰਿਹਾ ਹੈ।ਉਨਾਂ ਕਿਹਾ ਕਿ ਜਿਨਾਂ ਪਰਵਾਰਾਂ ਦੀ ਬਿਜਲੀ ਦਾ ਬਿੱਲ ਨਾ ਆਉਣ ਕਾਰਨ ਚਾਰ ਪੰਜ ਹਜਾਰ ਰੁਪਏ ਦੀ ਬੱਚਤ ਹੋ ਰਹੀ ਹੈ ਉਨਾਂ ਨੂੰ ਪੁੱਛ ਕੇ ਵੇਖੋ ਕਿ ਲੋੜਵੰਦ ਪਰਵਾਰਾਂ ਲਈ ਇਸਦੀ ਕੀ ਕੀਮਤ ਹੈ।ਉਨਾਂ ਮੁਹੱਲਾ ਕਲੀਨਿਕ,ਸਰਕਾਰੀ ਹਸਪਤਾਲਾਂ ਚ' ਮੁਫਤ ਮਿਲ ਰਹੀਆਂ ਦਵਾਈਆਂ,ਸਿੱਖਿਆ ਦੇ ਖੇਤਰ ਵਿੱਚ ਆਏ ਵੱਡੇ ਸੁਧਾਰਾਂ ਦੀ ਗੱਲ ਕਰਦਿਆਂ ਆਖਿਆ ਕਿ ਅਜਾਦੀ ਤੋਂ ਬਾਅਦ ਅਜਿਹੀਆਂ ਸਹੂਲਤਾਂ ਪਹਿਲੀ ਵਾਰ ਮਿਲ ਰਹੀਆਂ ਹਨ,ਜਿਸ ਕਾਰਨ ਪੰਜਾਬ ਦਾ ਆਵਾਮ ਪੰਜਾਬ ਸਰਕਾਰ ਤੇ ਭਗਵੰਤ ਮਾਨ ਦੇ ਸੋਹਲੇ ਗਾ ਰਿਹਾ ਹੈ।ਉਨਾਂ ਕਿਹਾ ਕਿ ਹਰ ਧਰਮ ਦਾ ਸਤਿਕਾਰ ਕਰਨ ਵਾਲੇ ਹਲਕਾ ਵਿਧਾਇਕ ਹਰਜੋਤ ਸਿੰਘ ਬੈਂਸ ਵਰਗੇ ਮਿਲਣਸਾਰ ਵਿਅਕਤੀ ਵੱਲੋਂ ਹਰ ਛੋਟੇ ਵੱਡੇ ਨੂੰ ਦਿੱਤਾ ਜਾਂਦਾ ਸਤਿਕਾਰ ਤੇ ਉਨਾਂ ਦੇ ਕੰਮ ਕਰਨ ਦੇ ਤਰੀਕੇ ਨੇ ਉਨਾਂ ਨੂੰ ਐਨਾ ਪ੍ਰਭਾਵਿਤ ਕੀਤਾ ਕਿ ਉਨਾਂ ਕਾਂਗਰਸ ਪਾਰਟੀ ਨੂੰ ਹਮੇਸ਼ਾ ਹਮੇਸ਼ਾ ਲਈ ਅਲਵਿਦਾ ਆਖ ਆਪ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ। ਇਸ ਮੌਕੇ 'ਤੇ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਇੰਦਰਜੀਤ ਕੌਸ਼ਲ ਰਾਣੂ , ਠੇਕੇਦਾਰ ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ ਆਪ, ਦਲਜੀਤ ਸਿੰਘ ਕੈਥ ਕੌਂਸਲਰ, ਇੰਦਰਜੀਤ ਸਿੰਘ ਰਾਜੂ ਆਦਿ ਹਾਜ਼ਰ ਸਨ।

# ਟਿਕਟ ਨਾ ਮਿਲਣ ਤੋਂ ਨਾਰਾਜ਼ ਗੋਲਡੀ ਖੰਗੂੜਾ ਨੇ ਆਪਣੇ ਆਗੂਆਂ ਖਿਲਾਫ ਕੱਢੀ ਭੜਾਸ



ਧੂਰੀ (ਰਾਜੇਸ਼ਵਰ ਪਿੰਟੂ, ਸਿਨੀ ਗਰਗ)-ਵਿਧਾਨ ਸਭਾ ਹਲਕਾ ਧੂਰੀ ਤੋਂ ਸਾਬਕਾ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਪਾਰਟੀ ਸੰਗਰੂਰ ਦੇ ਪ੍ਰਧਾਨ ਦਲਵੀਰ ਸਿੰਘ ਗੋਲਡੀ ਖੰਗੂੜਾ ਨੂੰ ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸ ਪਾਰਟੀ ਵੱਲੋਂ ਟਿਕਟ ਨਾ ਦਿੱਤੇ ਜਾਣ ਕਾਰਨ ਅੱਜ ਉਨ੍ਹਾਂ ਆਪਣੇ ਫੇਸਬੁੱਕ ਪੇਜ ਤੋਂ ਲਾਈਵ ਹੋ ਕੇ ਆਪਣੀ ਹੀ ਪਾਰਟੀ ਦੇ ਆਗੂਆਂ ਖਿਲਾਫ ਭੜਾਸ ਕੱਢੀ।ਉਨ੍ਹਾਂ ਲਾਈਵ ਦੌਰਾਨ ਸਿੱਧੇ ਸ਼ਬਦਾਂ ਵਿੱਚ ਖਹਿਰਾ ਨੂੰ ਟਿਕਟ ਮਿਲਣ 'ਤੇ ਮੁਬਾਰਕਬਾਦ ਦਿੱਤੀ, ਉਥੇ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੀ ਤਰਜ਼ 'ਤੇ ਸਲਾਹ ਦਿੰਦਿਆਂ ਕਿਹਾ ਕਿ ਹਰੇਕ ਪਾਰਟੀ ਵਿੱਚ ਦੋ/ਚਾਰ ਅਜਿਹੇ ਬੰਦੇ ਹੁੰਦੇ ਹਨ, ਜਿਨ੍ਹਾਂ ਦੀ ਹਰ ਪਾਸੇ ਹੁੰਦੀ ਹੈ, ਅਜਿਹੇ ਬੰਦਿਆਂ ਤੋਂ ਬਚਣਾ ਚਾਹੀਦਾ।

ਉਨ੍ਹਾਂ ਕਿਹਾ ਕਿ ਉਸ ਦੀ ਜ਼ਿੰਦਗੀ ਹੀ ਹਮੇਸ਼ਾ ਸੰਘਰਸ਼ਮਈ ਰਹੀ ਹੈ, 2008 ਵਿੱਚ ਟਿਕਟ ਮੰਗੀ, ਫਿਰ 2012 ਵਿੱਚ ਟਿਕਟ ਮੰਗੀ, ਫਿਰ 2014 ਵਿੱਚ ਜ਼ਿਮਨੀ ਚੋਣ ਦੀ ਟਿਕਟ ਮੰਗੀ, ਫਿਰ 2019 ਵਿੱਚ ਲੋਕ ਸਭਾ ਚੋਣ ਲਈ ਟਿਕਟ ਮੰਗੀ, ਉਨ੍ਹਾਂ ਆਪਣੀ ਹੀ ਪਾਰਟੀ ਨੂੰ ਸਵਾਲ ਕੀਤਾ ਕਿ ਜਿਨ੍ਹਾਂ ਲੀਡਰਾਂ ਨੂੰ ਪਾਰਟੀ ਨੇ ਟਿਕਟਾਂ ਦਿੱਤੀਆਂ, ਕੀ ਉਹ ਅੱਜ ਪਾਰਟੀ ਦਾ ਹਿੱਸਾ ਹਨ? ਪਰ ਦਲਵੀਰ ਸਿੰਘ ਗੋਲਡੀ ਅੱਜ ਵੀ ਪਾਰਟੀ ਦਾ ਵਫ਼ਾਦਾਰ ਸਿਪਾਹੀ ਬਣ ਕੇ ਕੰਮ ਕਰ ਰਿਹਾ ਹੈ।ਉਨ੍ਹਾਂ ਪਾਰਟੀ ਨੂੰ ਵੱਡੇ ਤੇ ਛੋਟੇ ਲੀਡਰ ਵਿੱਚ ਅੰਤਰ ਦਾ ਸਵਾਲ ਦੱਸਦਿਆਂ ਕਿਹਾ ਕਿ ਇਸ ਵਿੱਚ ਅਮੀਰੀ ਜਾਂ ਗਰੀਬੀ ਦਾ ਫ਼ਰਕ ਹੁੰਦਾ ਹੈ ਤਾਂ ਪੈਸੇ ਦਾ ਫ਼ਰਕ ਹੁੰਦਾ ਹੈ ਜਾਂ ਫਿਰ ਵਫ਼ਾਦਾਰੀ ਦਾ ਫ਼ਰਕ ਹੁੰਦਾ ਹੈ? ਉਨ੍ਹਾਂ ਆਪਣੇ ਵਿਧਾਇਕੀ ਕਾਰਜਕਾਲ ਦੀ ਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੀ ਪਾਰਟੀ ਵਿੱਚ ਕਦੇ ਸੁੱਖ ਦਾ ਸਾਹ ਨਹੀਂ ਲਿਆ, ਕਿਉਂਕਿ ਉਨ੍ਹਾਂ ਦੀ ਪਾਰਟੀ ਦਾ ਵੱਡਾ ਲੀਡਰ ਹੀ ਉਨ੍ਹਾਂ ਨੂੰ ਹੁਣ ਵੀ ਤੰਗ ਪ੍ਰੇਸ਼ਾਨ ਕਰਵਾ ਰਿਹਾ ਹੈ।ਉਨ੍ਹਾਂ ਕਿਹਾ ਕਿ ਆਪਣੀ ਹੀ ਪਾਰਟੀ ਦੇ ਰਾਜ ਵੇਲੇ ਪਰਚਿਆਂ ਦਾ ਸਾਹਮਣਾ ਕੀਤਾ, ਪਰ ਹੁਣ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕੋਈ ਕਸਰ ਬਾਕੀ ਨਹੀਂ ਛੱਡੀ।ਉਨ੍ਹਾਂ ਕਿਹਾ ਕਿ 2022 ਦੀ ਲੋਕ ਸਭਾ ਹਲਕਾ ਸੰਗਰੂਰ ਦੀ ਜ਼ਿਮਨੀ ਚੋਣ ਵੇਲੇ ਜਦੋਂ ਕੋਈ ਪਾਰਟੀ ਦਾ ਆਗੂ ਚੋਣ ਲੜਨ ਲਈ ਤਿਆਰ ਨਹੀਂ ਸੀ, ਤਾਂ ਉਦੋਂ ਦਲਵੀਰ ਸਿੰਘ ਗੋਲਡੀ ਨੂੰ ਟਿਕਟ ਦਿੱਤੀ ਗਈ।ਉਨ੍ਹਾਂ ਅਹਿਮ ਖੁਲਾਸਾ ਕਰਦਿਆਂ ਕਿਹਾ ਕਿ ਲੰਘੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਪਾਰਟੀ ਨੇ ਉਨ੍ਹਾਂ ਦੀ ਟਿਕਟ ਕੱਟ ਦਿੱਤੀ ਸੀ, ਪਰ ਜਿਉਂ ਹੀ ਮੁੱਖ ਮੰਤਰੀ ਦੇ ਚਿਹਰੇ ਭਗਵੰਤ ਮਾਨ ਵੱਲੋਂ ਧੂਰੀ ਤੋਂ ਚੋਣ ਲੜਨ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਨੂੰ ਮੁੜ ਟਿਕਟ ਦਿੱਤੀ ਗਈ।ਉਨ੍ਹਾਂ ਕਿਹਾ ਕਿ ਆਮ ਘਰਾਂ ਦੇ ਮੁੰਡੇ ਵੱਡੇ ਲੀਡਰ ਘਰਾਣਿਆਂ ਨੂੰ ਹਜਮ ਨਹੀਂ ਆ ਰਹੇ, ਕਿਉਂਕਿ ਵੱਡੇ ਲੀਡਰ ਚੰਡੀਗੜ੍ਹ ਤੇ ਦਿੱਲੀ ਹੀ ਰਹਿੰਦੇ ਹਨ, ਪਰ ਛੋਟੇ ਘਰਾਂ ਦੇ ਮੁੰਡੇ-ਕੁੜੀਆਂ ਹਲਕਿਆਂ ਵਿੱਚ ਹੀ ਵਿਚਰਦੇ ਰਹਿੰਦੇ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪਹਿਲਾਂ ਵੀ ਹੱਕਾਂ ਲਈ ਸੰਘਰਸ਼ ਕੀਤਾ ਹੈ ਤੇ ਹੁਣ ਵੀ ਕਰਦੇ ਰਹਿਣਗੇ।ਉਨ੍ਹਾਂ ਪਾਰਟੀ ਦੇ ਐਲਾਨੇ ਗਏ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਦਾ ਖੁੱਲ੍ਹੀਆਂ ਬਾਹਾਂ ਨਾਲ ਸਵਾਗਤ ਕਰਦਿਆਂ ਪਾਰਟੀ ਯੋਧਿਆਂ ਨੂੰ ਖਹਿਰਾ ਦੀ ਚੋਣ ਵਿੱਚ ਜੁੱਟਣ ਦੀ ਅਪੀਲ ਵੀ ਕੀਤੀ।

# ਪੁਰਾਣੀ ਰੰਜਿਸ਼ ਦੇ ਚਲਦੇ ਪਤੀ-ਪਤਨੀ ਨੇ ਕੀਤਾ ਨੌਜਵਾਨ 'ਤੇ ਹਮਲਾ



ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਫਰੀਦਕੋਟ ਵਿੱਚ ਪਤੀ-ਪਤਨੀ 'ਤੇ ਘਰ ਅੰਦਰ ਦਾਖਲ ਹੋ ਕੇ ਨੌਜਵਾਨ ਦੇ ਕੁੱਟਮਾਰ ਕਰਨ ਦੇ ਇਲਜ਼ਾਮ ਲੱਗੇ ਹਨ।ਪੀੜਤ ਨੌਜਵਾਨ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਗਵਾਂਢ ਵਿੱਚ ਰਹਿਣ ਵਾਲੇ ਇੱਕ ਸ਼ਖ਼ਸ ਨੇ ਆਪਣੀ ਪਤਨੀ ਨਾਲ ਮਿਲ ਕੇ ਉਨ੍ਹਾਂ ਦੇ ਲੜਕੇ ਦੇ ਘਰ ਵਿੱਚ ਦਾਖ਼ਲ ਹੋ ਕੇ ਸੱਟਾਂ ਮਾਰੀਆਂ ਹਨ, ਜਿਸ ਨੂੰ ਇਲਾਜ ਲਈ ਫਰੀਦਕੋਟ ਦੇ ਜੀ ਜੀ ਐੱਸ ਮੈਡੀਕਲ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ।ਮੌਕੇ 'ਤੇ ਪਹੁੰਚੀ ਪੁਲਸ ਵੱਲੋਂ ਘਟਨਾ ਦਾ ਜਾਇਜ਼ਾ ਲਿਆ ਜਾ ਰਿਹਾ ਹੈ ਤੇ ਜ਼ਖਮੀ ਨੌਜਵਾਨ ਦੇ ਬਿਆਨ ਦਰਜ ਕਰਨ ਤੋਂ ਬਾਅਦ ਬਣਦੀ ਕਾਰਵਾਈ ਕੀਤੇ ਜਾਣ ਦੀ ਗੱਲ ਕਹੀ ਜਾ ਰਹੀ ਹੈ।ਫਰੀਦਕੋਟ ਦੇ ਜੀ ਜੀ ਐੱਸ ਮੈਡੀਕਲ ਹਸਪਤਾਲ ਦੇ ਐਮਰਜੈਂਸੀ ਵਿਭਾਗ ਵਿੱਚ ਦਾਖ਼ਲ ਨੌਜਵਾਨ ਦੇ ਭਰਾ ਨੇ ਦੱਸਿਆ ਕਿ ਉਨ੍ਹਾਂ ਦੇ ਗਵਾਂਢ ਵਿੱਚ ਰਹਿਣ ਵਾਲੇ ਇਕ ਸ਼ਖਸ ਨਾਲ ਉਨ੍ਹਾਂ ਦੀ ਪੁਰਾਣੀ ਰੰਜਿਸ਼ ਹੈ, ਜਿਸ ਨੇ ਆਪਣੀ ਪਤਨੀ ਨਾਲ ਮਿਲ ਕੇ ਅੱਜ ਉਸ ਦੇ ਵੱਡੇ ਭਰਾ ਦੇ ਸਿਰ 'ਤੇ ਲੋਹੇ ਦੇ ਹਥਿਆਰ ਨਾਲ ਉਸ ਵਕਤ ਹਮਲਾ ਕੀਤਾ, ਜਦੋਂ ਉਹ ਆਪਣੀ ਮਾਤਾ ਨੂੰ ਡਿਊਟੀ 'ਤੇ ਛੱਡਣ ਲਈ ਘਰੋਂ ਬਾਹਰ ਨਿਕਲਣ ਲੱਗਾ ਸੀ।ਉਨ੍ਹਾਂ ਕਿਹਾ ਕਿ ਹਾਲੇ ਉਸ ਦਾ ਭਰਾ ਘਰ ਅੰਦਰ ਮੋਟਰਸਾਈਕਲ 'ਤੇ ਬੈਠਾ ਹੀ ਸੀ ਕਿ ਗੁਆਂਢ ਵਿੱਚ ਰਹਿੰਦੇ ਪਤੀ-ਪਤਨੀ ਨੇ ਆ ਕੇ ਉਸ 'ਤੇ ਹਮਲਾ ਕਰ ਦਿੱਤਾ।ਉਨ੍ਹਾਂ ਦੱਸਿਆ ਕਿ ਕਰੀਬ 2 ਸਾਲ ਪਹਿਲਾਂ ਵੀ ਇਸੇ ਬੰਦੇ ਨੇ ਉਨ੍ਹਾਂ ਦੇ ਚਾਚੇ ਦੇ ਸੱਟਾਂ ਮਾਰੀਆਂ ਸਨ, ਜਿਸ ਨੂੰ ਲੈ ਕੇ ਮਾਨਯੋਗ ਅਦਾਲਤ ਵਿੱਚ ਕੇਸ ਵੀ ਚੱਲ ਰਿਹਾ ਹੈ ਤੇ ਕੱਲ੍ਹ ਨੂੰ ਉਸ ਦੀ ਤਾਰੀਖ਼ ਹੋਣੀ ਸੀ।ਪੀੜਤ ਪਰਿਵਾਰ ਉਨ੍ਹਾਂ 'ਤੇ ਰਾਜ਼ੀਨਾਮੇ ਲਈ ਦਬਾਅ ਪਾ ਰਿਹਾ ਸੀ, ਮਨ੍ਹਾਂ ਕਰਨ ਦੇ ਚਲਦੇ ਅੱਜ ਉਨ੍ਹਾਂ ਨੇ ਹਮਲਾ ਕਰ ਦਿੱਤਾ।ਉਨ੍ਹਾਂ ਕਿਹਾ ਕਿ ਉਸ ਦੇ ਭਰਾ ਦੇ ਸਿਰ ਵਿੱਚ ਗੰਭੀਰ ਸੱਟਾਂ ਵੱਜੀਆਂ ਹਨ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ।ਇਸ ਪੂਰੇ ਮਾਮਲੇ ਬਾਰੇ ਜਦ ਡੀ ਐੱਸ ਪੀ ਫਰੀਦਕੋਟ ਸ਼ਮਸ਼ੇਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੁਲਸ ਵੱਲੋਂ ਨੌਜਵਾਨ ਦੇ ਬਿਆਨ ਦਰਜ ਕਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਡਾ. ਧਰਮਵੀਰ ਗਾਂਧੀ ਪਟਿਆਲਾ ਹਲਕੇ ਤੋਂ ਮਜ਼ਬੂਤ ਉਮੀਦਵਾਰ : ਮਹੰਤ ਖਨੌੜਾ

## ਭਾਜਪਾ ਦੇ ਇਸ਼ਾਰੇ 'ਤੇ ਰਾਹੁਲ ਗਾਂਧੀ ਦੇ ਹੈਲੀਕਾਪਟਰ ਦੀ ਤਲਾਸ਼ੀ ਲੈਣਾ ਨਿੰਦਣਯੋਗ



ਨਾਭਾ (ਵਰਿੰਦਰ ਵਰਮਾ)-ਬੀਤੇ ਦਿਨੀਂ ਕਾਂਗਰਸ ਵੱਲੋਂ ਲੋਕ ਸਭਾ ਉਮੀਦਵਾਰਾਂ ਦੇ ਮੱਦੇਨਜ਼ਰ ਪੰਜਾਬ ਦੇ 6 ਲੋਕ ਸਭਾ ਹਲਕਿਆਂ ਤੋਂ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ, ਜਿਸ ਅਨੁਸਾਰ ਪਾਰਟੀ ਨੇ ਡਾਕਟਰ ਧਰਮਵੀਰ ਗਾਂਧੀ ਨੂੰ ਪਟਿਆਲਾ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਹੈ, ਜਿਸ ਨੂੰ ਲੈ ਕੇ ਕਾਂਗਰਸੀ ਵਰਕਰ ਵਿੱਚ ਖੁਸ਼ੀ ਦੀ ਲਹਿਰ ਹੈ।ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਦੇ ਪ੍ਰਧਾਨ ਮਹੰਤ ਹਰਵਿੰਦਰ ਸਿੰਘ ਖਨੌੜਾ ਨੇ ਡਾਕਟਰ ਧਰਮਵੀਰ ਗਾਂਧੀ ਨੂੰ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਲਾਨਣ 'ਤੇ ਆਲ ਇੰਡੀਆ ਕਾਂਗਰਸ ਚੇਅਰਪਰਸਨ ਸੋਨੀਆ ਗਾਂਧੀ, ਸਾਬਕਾ ਪ੍ਰਧਾਨ ਰਾਹੁਲ ਗਾਂਧੀ, ਪ੍ਰਧਾਨ ਮਲਿਕਾ ਅਰਜੁਨ ਖੜਗੇ, ਪ੍ਰਿਅੰਕਾ ਗਾਂਧੀ, ਸੂਬਾ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦਾ ਪਟਿਆਲਾ ਤੋਂ ਇਮਾਨਦਾਰ, ਮਿਹਨਤੀ ਉਮੀਦਵਾਰ ਨੂੰ ਟਿਕਟ ਦੇਣ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਦੇ ਫੈਸਲੇ ਦਾ ਸਵਾਗਤ ਕਰਦੇ ਹਨ।ਉਨ੍ਹਾਂ ਪਾਰਟੀ ਨੂੰ ਯਕੀਨ ਦਿਵਾਇਆ ਕਿ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਸਮੁੱਚੀ ਕਾਂਗਰਸ ਲੀਡਰਸ਼ਿਪ ਇਕਜੁੱਟ ਹੈ, ਉਹ ਪੂਰੀ ਮਿਹਨਤ, ਲਗਨ ਤੇ ਇਮਾਨਦਾਰੀ ਨਾਲ ਪਾਰਟੀ ਉਮੀਦਵਾਰ ਡਾਕਟਰ ਧਰਮਵੀਰ ਗਾਂਧੀ ਦੀ ਜਿੱਤ ਯਕੀਨੀ ਬਣਾਉਣ ਲਈ ਕੰਮ ਕਰਨ 'ਚ ਕੋਈ ਕਸਰ ਨਹੀਂ ਛੱਡਣਗੇ ਅਤੇ ਸੀਟ ਜਿੱਤ ਕੇ ਕਾਂਗਰਸ ਪਾਰਟੀ ਦੀ ਝੋਲੀ ਪਾਵਾਂਗੇ।

ਮਹੰਤ ਖਨੌੜਾ ਨੇ ਚੋਣ ਅਧਿਕਾਰੀਆਂ ਵੱਲੋਂ ਕਾਂਗਰਸ ਨੇਤਾ ਰਾਹੁਲ ਗਾਂਧੀ ਦੇ ਹੈਲੀਕਾਪਟਰ ਦੀ ਤਲਾਸ਼ੀ ਲੈਣ ਦੀ ਨਖੇਧੀ ਕਰਦੇ ਹੋਏ ਕਿਹਾ ਕਿ ਰਾਹੁਲ ਗਾਂਧੀ ਕੇਰਲ ਵਿੱਚ ਆਪਣੇ ਸੰਸਦੀ ਹਲਕੇ ਵਾਇਨਾਡ ਦੇ ਦੌਰੇ 'ਤੇ ਜਾਣ ਵਾਲੇ ਸਨ, ਉਨ੍ਹਾਂ ਨੂੰ ਰੋਕਣ ਲਈ ਫਲਾਇੰਗ ਸਕੁਐਡ ਵੱਲੋਂ ਅਜਿਹਾ ਭਾਜਪਾ ਦੇ ਇਸ਼ਾਰੇ 'ਤੇ ਕੀਤਾ ਗਿਆ, ਜੋ ਨਿੰਦਣਯੋਗ ਹੈ।

ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ, ਅਮਿਤ ਸ਼ਾਹ ਤੇ ਹੋਰ ਭਾਜਪਾ ਸੀਨੀਅਰ ਲੀਡਰਾਂ ਦੀ ਚੈਕਿੰਗ ਕਿਉਂ ਨਹੀਂ ਕੀਤੀ ਜਾਂਦੀ? ਇਸ ਮੌਕੇ ਉਨ੍ਹਾਂ ਨਾਲ ਦਫ਼ਤਰ ਸਿੰਘ ਬਨਵਾਲਾ, ਸਾਬਕਾ ਚੇਅਰਮੈਨ ਅਨਿਲ ਮਹਿਤਾ, ਬਲਦੇਵ ਰਾਜ ਬੱਤਾ ਪ੍ਰਧਾਨ ਇੰਟਕ ਕਾਂਗਰਸ, ਸਤਿੰਦਰ ਸੋਨੀ, ਕਾਂਗਰਸ ਬਲਾਕ ਪ੍ਰਧਾਨ ਵਿਵੇਕ ਸਿੰਗਲਾ, ਬਲਵਿੰਦਰ ਸਿੰਘ ਬਿੱਟੂ ਢੀਂਗੀ, ਰਾਮਗੜ੍ਹੀਆ ਅਕਾਲ ਜਥੇਬੰਦੀ ਇੰਡਸਟਰੀ ਵਿੰਗ ਪੰਜਾਬ ਚੇਅਰਮੈਨ ਭਗਵੰਤ ਸਿੰਘ ਮਣਕੂ, ਜ਼ਿਲ੍ਹਾ ਮੀਤ ਪ੍ਰਧਾਨ ਅਮਿਤ ਕੁਮਾਰ ਕੋਹਲੀ ਬੱਬੂ, ਜ਼ਿਲ੍ਹਾ ਮੀਤ ਸਕੱਤਰ ਗੁਰਮੀਤ ਸਿੰਘ ਰੈਸਲ ਆਦਿ ਹਾਜ਼ਰ ਸਨ।

## ਕਾਤਰਾਂ

### ਚੋਰਾਂ ਨੇ ਇੱਕੋ ਰਾਤ 'ਚ 4 ਦੁਕਾਨਾਂ ਲੁੱਟੀਆਂ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ-ਕੁਹਾੜਾ ਰੋਡ 'ਤੇ ਸਥਿਤ 4 ਦੁਕਾਨਾਂ ਨੂੰ ਨਿਸ਼ਾਨਾ ਬਣਾਉਂਦਿਆਂ ਗੱਲ੍ਹਿਆਂ ਵਿੱਚ ਪਈ ਨਕਦੀ ਚੋਰੀ ਕਰ ਲਈ। ਇਕੱਤਰ ਕੀਤੀ ਜਾਣਕਾਰੀ ਅਨੁਸਾਰ ਕੁਹਾੜਾ ਰੋਡ 'ਤੇ ਸਥਿਤ ਇੱਕ ਹੇਅਰ ਡਰੈਸਰ, ਕੰਨਫੈਕਸ਼ਨਰੀ ਤੇ ਰੇਡੀਅਮ ਟੇਪ ਲਗਾਉਣ ਵਾਲੀਆਂ ਦੁਕਾਨਾਂ 'ਚੋਂ ਚੋਰ ਨਕਦੀ ਚੋਰੀ ਕਰਕੇ ਲੈ ਗਏ। ਹੇਅਰ ਡਰੈਸਰ ਦੀ ਦੁਕਾਨ ਕਰਦੇ ਕੁਲਦੀਪ ਰਾਮ ਨੇ ਦੱਸਿਆ ਕਿ ਅੱਜ ਜਦੋਂ ਉਨ੍ਹਾਂ ਸਵੇਰੇ ਆ ਕੇ ਦੇਖਿਆ ਕਿ ਮੇਰੀ ਦੁਕਾਨ ਤੋਂ ਇਲਾਵਾ ਨਾਲ ਲੱਗਦੀਆਂ 3 ਦੁਕਾਨਾਂ ਦੇ ਸ਼ਟਰ ਤੋੜੇ ਹੋਏ ਸਨ, ਜਦਕਿ ਇੱਕ ਦੁਕਾਨ ਦੀ ਕੰਧ ਨੂੰ ਪਿੱਛੋਂ ਪਾੜ ਲਗਾਇਆ ਹੋਇਆ ਸੀ। ਇਨ੍ਹਾਂ 4 ਦੁਕਾਨਾਂ 'ਚੋਂ ਚੋਰਾਂ ਨੇ ਕੋਈ ਸਾਮਾਨ ਤਾਂ ਚੋਰੀ ਨਹੀਂ ਕੀਤਾ, ਪਰ ਇਨ੍ਹਾਂ ਦੁਕਾਨਾਂ ਦੇ ਅੰਦਰ ਗੱਲ੍ਹਿਆਂ ਵਿੱਚ ਪਿਆ ਕਰੀਬ 20 ਤੋਂ 25 ਹਜ਼ਾਰ ਰੁਪਏ ਨਕਦੀ ਚੋਰੀ ਹੋ ਗਈ। ਘਟਨਾ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ ਅਤੇ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

### ਬੀ ਏ ਐੱਮ ਐੱਸ ਭਾਗ ਤੀਸਰਾ ਦੇ ਨਤੀਜੇ 'ਚ ਲੜਕੀਆਂ ਨੇ ਬਾਜ਼ੀ ਮਾਰੀ



ਭੀਖੀ (ਧਰਮਵੀਰ ਸ਼ਰਮਾ)-ਸ੍ਰੀ ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ ਹੁਸ਼ਿਆਰਪੁਰ ਵੱਲੋਂ ਐਲਾਨੇ ਗਏ ਬੀ.ਏ.ਐੱਮ.ਐੱਸ. ਭਾਗ ਤੀਸਰਾ ਦੇ ਨਤੀਜੇ ਵਿੱਚ ਸ਼ਿਵ ਸ਼ਕਤੀ ਆਯੁਰਵੈਦਿਕ ਕਾਲਜ ਤੇ ਹਸਪਤਾਲ ਭੀਖੀ ਦੇ ਵਿਦਿਆਰਥੀਆਂ ਨੇ ਚੰਗੇ ਨੰਬਰ ਹਾਸਲ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ।ਕਾਲਜ ਦੇ ਚੇਅਰਮੈਨ ਡਾ. ਸੋਮ ਨਾਥ ਮਹਿਤਾ ਨੇ ਦੱਸਿਆ ਕਿ ਇਸ ਸੰਸਥਾ ਵਿੱਚ ਅਲੱਗ ਅਲੱਗ ਸਟੇਟਾਂ 'ਚੋਂ ਡਾਕਟਰੀ ਦੀ ਵਿੱਦਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਨੇ ਆਪਣਾ ਤੇ ਮਾਪਿਆਂ ਦਾ ਨਾਂਅ ਚਮਕਾਇਆ ਹੈ, ਉਥੇ ਹੀ ਕਾਲਜ ਦਾ ਨਾਂਅ ਵੀ ਪੂਰੇ ਪੰਜਾਬ ਭਰ ਵਿੱਚ ਹੀ ਨਹੀਂ, ਸਗੋਂ ਹੋਰ ਰਾਜਾਂ ਵਿੱਚ ਵੀ ਰੌਸ਼ਨ ਕੀਤਾ ਹੈ। ਇਸ ਨਤੀਜੇ ਵਿੱਚ ਪਹਿਲੇ ਸਥਾਨ 'ਤੇ ਚੰਚਲ ਪੁੱਤਰੀ ਗੋਵਿੰਦ ਰਾਮ ਨੇ 73.04 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਸਨੇਹਾ ਸੁਨੀਲ ਪੁੱਤਰੀ ਸੁਨੀਲ ਗੁਪਤਾ ਨੇ 70.95 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਤੇ ਸਤਾਕਸ਼ੀ ਪੁੱਤਰੀ ਓਮ ਦੱਤ ਸ਼ਰਮਾ ਨੇ 70.09 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ ਹੈ।ਇਸ ਮੌਕੇ ਸੰਸਥਾ ਦੇ ਚੇਅਰਮੈਨ ਡਾ. ਸੋਮਨਾਥ ਮਹਿਤਾ ਵੱਲੋਂ ਪ੍ਰਿੰਸੀਪਲ ਡਾ. ਅਮਨੀਸ਼ ਵਰਮਾ ਅਤੇ ਐੱਮ ਡੀ ਸੂਰਜ ਮਹਿਤਾ ਤੇ ਸਾਰੇ ਸਟਾਫ ਮੈਂਬਰਾਂ ਸਮੇਤ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਇਸੇ ਤਰ੍ਹਾਂ ਪ੍ਰਾਪਤੀਆਂ ਦਾ ਸਿਲਸਿਲਾ ਜਾਰੀ ਰੱਖਣ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

### ਚੋਣ ਡਿਊਟੀ 'ਚ ਅਣਗਹਿਲੀ ਕਰਨ ਵਾਲੇ ਅਧਿਕਾਰੀਆਂ/ਕ੍ਰਮਚਾਰੀਆਂ ਵਿਰੁੱਧ ਹੋਵੇਗੀ ਸਖ਼ਤ ਕਾਰਵਾਈ

ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਲੋਕ ਸਭਾ ਚੋਣਾਂ ਸਬੰਧੀ ਡਿਊਟੀ ਦੇਣ ਵਾਲੇ ਸਮੂਹ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੂੰ ਸਖ਼ਤ ਹਦਾਇਤ ਦਿੰਦਿਆਂ ਕਿਹਾ ਹੈ ਕਿ ਚੋਣ ਡਿਊਟੀ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਵਿਖਾਉਣ ਵਾਲੇ ਅਧਿਕਾਰੀਆਂ/ਕ੍ਰਮਚਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਚੋਣ ਡਿਊਟੀ ਤੇ ਤਾਇਨਾਤ ਅਧਿਕਾਰੀ/ਕ੍ਰਮਚਾਰੀ ਇੱਕ ਤਰ੍ਹਾਂ ਨਾਲ ਚੋਣ ਕਮਿਸ਼ਨ ਕੋਲ ਡੈਪੂਟੇਸ਼ਨ 'ਤੇ ਹੀ ਮੰਨੇ ਜਾਂਦੇ ਹਨ ਅਤੇ ਡਿਊਟੀ ਵਿੱਚ ਕੋਤਾਹੀ ਲੋਕ ਪ੍ਰਤੀਨਿਧਤਾ ਐਕਟ-1951 ਤਹਿਤ ਸਜ਼ਾਯੋਗ ਮੰਨਿਆ ਜਾਂਦਾ ਹੈ।ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਚੋਣ ਡਿਊਟੀ ਵਿੱਚ ਕੋਈ ਵੀ ਢਿੱਲ ਜਾਂ ਲਾਪ੍ਰਵਾਹੀ ਵਰਤਣ ਵਾਲੇ ਅਧਿਕਾਰੀਆਂ/ਕ੍ਰਮਚਾਰੀਆਂ ਵਿਰੁੱਧ ਲੋਕ ਪ੍ਰਤੀਨਿਧਤਾ ਐਕਟ-1951 ਦੀ ਧਾਰਾ 134 ਅਧੀਨ ਉਚਿਤ ਕਾਰਵਾਈ ਕਰਨ ਦਾ ਪ੍ਰਾਵਧਾਨ ਹੈ।ਉਨ੍ਹਾਂ ਸਮੂਹ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੂੰ ਕਿਹਾ ਕਿ ਚੋਣਾਂ ਸਾਡੇ ਮਜਬੂਤ ਲੋਕਤੰਤਰ ਦੇ ਸਭ ਤੋਂ ਵੱਡੇ ਤਿਉਹਾਰ ਦੀ ਤਰ੍ਹਾਂ ਹੈ ਅਤੇ ਇਹ ਉਹ ਸਮਾਂ ਹੁੰਦਾ ਹੈ, ਜਦੋਂ ਦੇਸ਼ ਵਾਸੀ ਆਪਣੇ ਸੰਵਿਧਾਨਕ ਹੱਕ ਦੀ ਵਰਤੋਂ ਕਰਦੇ ਹੋਏ ਸਰਕਾਰ ਦੀ ਚੋਣ ਲਈ ਆਪਣੀ ਵੋਟ ਦਾ ਇਸਤੇਮਾਲ ਕਰਦੇ ਹਨ।ਇਸ ਲਈ ਸਾਨੂੰ ਆਪਣੀ ਡਿਊਟੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ।

# ਕਾਰਗਿਲ ਭਵਨ ਦੇ ਗੇਟ ਅੱਗੇ ਕੰਧ ਕਰਨ ਖਿਲਾਫ ਸਾਬਕਾ ਸੈਨਿਕਾਂ 'ਚ ਭਾਰੀ ਰੋਸ



ਜਾਣਕਾਰੀ ਦਿੰਦੇ ਹੋਏ ਕਰਨਲ ਕਸ਼ਮੀਰ ਢਿੱਲੋਂ ਤੇ ਹੋਰ।

ਮੱਖੂ (ਰਛਪਾਲ ਸਿੰਘ ਸੰਧੂ)
ਮੱਲਾਂਵਾਲਾ ਤੇ ਮਖੂ ਦੇ ਸਾਬਕਾ ਸੈਨਿਕਾਂ ਵੱਲੋਂ ਸ਼ਹੀਦਾਂ ਦੀ ਯਾਦ ਵਿੱਚ ਅਮ੍ਰਿਤਸਰ-ਮੋਗਾ ਰੋਡ 'ਤੇ ਬਣਾਏ ਹੋਏ ਕਾਰਗਿਲ ਭਵਨ ਦੇ ਗੇਟ 'ਤੇ ਕੰਧ ਕਰਕੇ ਬੰਦ ਕਰਨ, ਉਸ ਵਿੱਚ ਲੱਗੀਆਂ ਸ਼ਹੀਦਾਂ ਦੀਆਂ ਫੋਟੋਆਂ ਨੂੰ ਪਾੜ ਕੇ ਸੁੱਟਣ ਤੇ ਕਾਰਗਿਲ ਭਵਨ 'ਚ ਲੱਗਾ ਹੋਇਆ ਤਿਰੰਗਾ ਝੰਡਾ ਉਤਾਰ ਕੇ ਥੱਲੇ ਸੁੱਟਣ ਕਾਰਨ ਸਾਬਕਾ ਸੈਨਿਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ।ਸਾਬਕਾ ਸੈਨਿਕਾਂ ਵੱਲੋਂ ਕਾਰਗਿਲ ਭਵਨ ਦੇ ਬੰਦ ਕੀਤੇ ਗਏ ਗੇਟ ਅੱਗੇ ਮੋਮਬੱਤੀਆਂ ਜਗਾ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ।ਇਸ ਮੌਕੇ ਕਰਨਲ ਕਸ਼ਮੀਰ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਕਾਰਗਿਲ ਭਵਨ ਸ਼ਹੀਦਾਂ ਦੀ ਯਾਦ ਵਿੱਚ ਬਣਾਇਆ ਹੋਇਆ ਹੈ।ਇਸ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਸ਼ਹੀਦ ਹੋਏ ਸ਼ਹੀਦਾਂ ਦੀਆਂ ਫੋਟੋਆਂ ਲਗਾਈਆਂ ਹੋਈਆਂ ਹਨ ਅਤੇ ਇਸ ਕਾਰਗਿਲ ਭਵਨ ਵਿੱਚ ਸਾਬਕਾ ਸੈਨਿਕ, ਜੋ ਮਖੂ ਤੇ ਮੱਲਾਂਵਾਲਾ ਨਾਲ ਸਬੰਧ ਰੱਖਦੇ ਸਨ, ਹਰ ਮਹੀਨੇ ਇਸ ਭਵਨ ਵਿੱਚ ਮੀਟਿੰਗ ਕਰਕੇ ਸਾਬਕਾ ਸੈਨਿਕਾਂ ਦੇ ਪਰਿਵਾਰਾਂ ਨੂੰ ਆ ਰਹੀਆਂ ਸਮੱਸਿਆ ਦਾ ਹੱਲ ਕਰਦੇ ਸਨ, 13 ਅਪ੍ਰੈਲ ਦੀ ਰਾਤ ਨੂੰ ਬਾਬਾ ਅਵਤਾਰ ਸਿੰਘ ਚੰਦ ਤੇ ਉਸ ਦੇ ਸਾਥੀਆਂ ਵੱਲੋਂ ਭਵਨ ਦੇ ਗੇਟ 'ਤੇ ਕੰਧ ਕਰਕੇ ਬੰਦ ਕਰ ਦਿੱਤਾ ਗਿਆ ਤੇ ਅੰਦਰ ਲੱਗੇ ਸ਼ਹੀਦ ਸੈਨਿਕਾਂ ਦੇ ਚਿੱਤਰ ਉਤਾਰ ਦਿੱਤੇ ਗਏ ਅਤੇ ਬਾਹਰ ਲੱਗਾ ਦੇਸ਼ ਦਾ ਤਿਰੰਗਾ ਝੰਡਾ ਵੀ ਉਤਾਰ ਕੇ ਸੁੱਟ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਅਸੀਂ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਬਾਬਾ ਅਵਤਾਰ ਸਿੰਘ ਚੰਦ ਤੇ ਉਨ੍ਹਾਂ ਦੇ ਸਾਥੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

ਜਦ ਇਸ ਸਬੰਧ 'ਚ ਬਾਬਾ ਅਵਤਾਰ ਸਿੰਘ ਚੰਦ ਨਾਲ ਸੰਪਰਕ ਕੀਤਾ ਤਾਂ ਉਨ੍ਹਾ ਸਾਬਕਾ ਸੈਨਿਕਾਂ ਵੱਲੋਂ ਲਗਾਏ ਗਏ ਦੋਸ਼ਾਂ ਨੂੰ ਨਕਾਰਦੇ ਹੋਏ ਕਿਹਾ ਕਿ ਜਿਸ ਜਗ੍ਹਾ 'ਤੇ ਕਾਰਗਿਲ ਭਵਨ ਬਣਾਇਆ ਗਿਆ ਹੈ, ਇਹ ਜਗ੍ਹਾ ਗੁਰਦੁਆਰਾ ਸਾਹਿਬ ਦੀ ਹੈ ਤੇ ਕਰਨਲ ਕਸ਼ਮੀਰ ਸਿੰਘ ਢਿੱਲੋਂ ਦੇ ਕਹਿਣ 'ਤੇ ਇਹ ਜਗ੍ਹਾ ਫੌਜੀ ਸੈਨਿਕਾਂ ਨੂੰ ਮੀਟਿੰਗ ਕਰਨ ਲਈ ਦਿੰਦੇ ਸੀ, ਪਰ ਇਹ ਇਸ ਜਗ੍ਹਾ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ।

# ਬੀ ਕੇ ਯੂ ਉਗਰਾਹਾਂ ਨੇ ਕੁਰਕ ਹੋਣੋਂ ਬਚਾਈ ਗਿਆਨਾ ਦੇ ਕਿਸਾਨ ਦੀ ਜ਼ਮੀਨ



ਤਲਵੰਡੀ ਸਾਬੋ (ਜਗਦੀਪ ਗਿੱਲ)-ਕਿਸਾਨ ਗੁਰਜੀਤ ਸਿੰਘ ਪੁੱਤਰ ਗੁਰਦੇਵ ਸਿੰਘ ਪਿੰਡ ਗਿਆਨਾ ਨੂੰ ਦਸ ਸਾਲ ਪਹਿਲਾਂ ਨਕਲੀ ਸਪਰੇ ਦਿੱਤੀ ਗਈ, ਓਸ ਵਕਤ ਕਿਸਾਨ ਦਾ ਨਰਮਾ ਖਰਾਬ ਹੋ ਗਿਆ ਸੀ ਤੇ ਸ਼ਾਹੂਕਾਰਾਂ ਨਾਲ ਕਿਸਾਨ ਦੇ ਜਵਾਨੀ ਕਲਾਮੀ ਹੋਏ ਸਮਝੌਤੇ ਵਜੋਂ ਬਿੱਲ ਕਿਸਾਨ ਤੋਂ ਵਾਪਸ ਲੈ ਲਏ ਗਏ ਸਨ।ਇਹ ਜਾਣਕਾਰੀ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਉੱਘੇ ਆਗੂ ਕੁਲਵਿੰਦਰ ਸਿੰਘ ਵੱਲੋਂ ਭੇਜੇ ਪ੍ਰੈੱਸ ਨੋਟ ਰਾਹੀਂ ਪੱਤਰਕਾਰਾਂ ਨੂੰ ਦਿੱਤੀ ਗਈ ਹੈ।ਜਾਣਕਾਰੀ ਅਨੁਸਾਰ ਕੁਝ ਸਮਾਂ ਬਾਅਦ ਸ਼ਾਹੂਕਾਰਾਂ ਕਿਸਾਨ 'ਤੇ ਸਪਰੇ ਦੇ ਪੈਸੇ ਨਾ ਦੇਣ ਦਾ ਕੋਰਟ ਕੇਸ ਕਰ ਦਿੱਤਾ ਸੀ ਤੇ ਲੋਕ ਅਦਾਲਤ ਵਿੱਚ ਕਿਸਾਨ ਨੇ ਕਿਸ਼ਤਾਂ 'ਤੇ ਪੈਸੇ ਦੇਣ ਲਈ ਕਿਹਾ, ਪਰ ਸ਼ਾਹੂਕਾਰ ਸਾਰੇ ਪੈਸੇ ਇਕੱਠੇ ਲੈਣਾ ਚਾਹੁੰਦੇ ਸੀ।ਕਿਸਾਨ ਦੀ ਮਾਲੀ ਹਾਲਤ ਕਮਜ਼ੋਰ ਹੋਣ ਦੀ ਵਜ੍ਹਾ ਕਰਕੇ ਉਹ ਕੇਸ ਨਾ ਲੜ ਸਕਿਆ ਤੇ ਕੋਰਟ ਨੇ ਜ਼ਮੀਨ ਕੁਰਕ ਕਰਨ ਦੇ ਆਰਡਰ ਕਰ ਦਿੱਤੇ ।ਕਿਸਾਨ ਨੇ ਜਦੋਂ ਜਥੇਬੰਦੀ ਨੂੰ ਦੱਸਿਆ ਤਾਂ ਜਥੇਬੰਦੀ ਨੇ ਕਿਸਾਨ ਦੀ ਕੁਰਕੀ ਸੰਘਰਸ਼ ਕਰਦੇ ਹੋਏ ਰੋਕਵਾ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਇਹ ਮਾਮਲਾ ਰਾਮਾ ਮੰਡੀ ਦੇ ਸ਼ਾਹੂਕਾਰ, ਜਿਨ੍ਹਾਂ ਦਾ ਨਾਮ ਦੁਨੀ ਚੰਦ ਭਾਗੀਵਾਂਦਰ ਵਾਲੇ ਹੈ ਤੇ ਰੇਹ ਸਪਰੇ ਦਾ ਕਾਰੋਬਾਰ ਕਰਦੇ ਹਨ, ਨਾਲ਼ ਜੁੜਿਆ ਹੋਇਆ ਹੈ।ਜ਼ਿਕਰਯੋਗ ਹੈ ਕਿ ਜਦੋਂ ਜਥੇਦਾਰ ਤੋਤਾ ਸਿੰਘ ਅਕਾਲੀ ਦਲ ਵੱਲੋਂ ਪੰਜਾਬ ਦੇ ਖੇਤੀਬਾੜੀ ਮੰਤਰੀ ਹੁੰਦੇ ਸਨ ਤਾਂ ਰਾਮਾ ਮੰਡੀ ਦੀਆਂ ਕਈ ਦੁਕਾਨਾਂ 'ਤੇ ਛਾਪੇਮਾਰੀ ਹੋਈ ਸੀ, ਜਿਨ੍ਹਾਂ ਵਿੱਚ ਇਸ ਫਰਮ ਦਾ ਨਾਮ ਵੀ ਸੀ।ਪ੍ਰੈੱਸ ਨੋਟ ਅਨੁਸਾਰ ਇਨ੍ਹਾਂ ਵੱਲੋਂ ਕਿਸਾਨਾਂ ਨੂੰ ਲਾਲਚ ਦੇ ਕੇ ਕਿਸਾਨਾਂ ਨਾਲ ਸਮਝੌਤਾ ਕਰ ਲਿਆ ਗਿਆ ਤੇ ਆਪਣੇ ਸਬੂਤ ਬਿੱਲ ਵਗੈਰਾ ਕਿਸਾਨਾਂ ਤੋਂ ਵਾਪਸ ਲੈ ਲਏ ਗਏ ਸਨ। ਉਧਰ ਸਪਰੇ ਵਾਲੇ ਪੈਸਿਆਂ ਨੂੰ ਲੈ ਕੇ ਸ਼ਾਹੂਕਾਰਾਂ ਨੇ ਕੁਝ ਸਮੇਂ ਬਾਅਦ ਕਿਸਾਨਾਂ 'ਤੇ ਫਿਰ ਤੋਂ ਕੇਸ ਕਰ ਦਿੱਤੇ ਗਏ ਤੇ ਹੌਲੀ ਹੌਲੀ ਇਹ ਕੇਸ ਸ਼ਾਹੂਕਾਰ ਦੇ ਹੱਕ ਵਿੱਚ ਹੋ ਗਏ ਤੇ ਹੁਣ 'ਕੱਲੇ 'ਕੱਲੇ ਕਿਸਾਨ ਦੀ ਕੁਰਕੀ ਲੈ ਕੇ ਆ ਰਹੇ ਹਨ।ਇਸ ਵਕਤ ਪਿੰਡ ਇਕਾਈ ਗਿਆਨਾ ਦੇ ਅਜੈਬ ਸਿੰਘ, ਸਾਧੂ ਸਿੰਘ, ਮੱਖਣ ਸਿੰਘ, ਮਿੱਠੂ ਸਿੰਘ, ਰੂਪ ਸਿੰਘ, ਗੁਰਜੀਤ ਸਿੰਘ ਤੇ ਬਲਾਕ ਆਗੂ ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

### 9 ਦਿਨ 'ਚ ਲਵਾਇਆ ਸਟੱਡੀ ਵੀਜ਼ਾ



ਕੋਟ ਈਸੇ ਖਾਂ (ਅਰੋੜਾ)-ਬੈਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨੇ ਦੱਸਿਆ ਕਿ ਹਰਵਿੰਦਰ ਸਿੰਘ ਨੇ 2022 ਵਿੱਚ ਆਪਣੀ +2 ਪੂਰੀ ਕੀਤੀ ਸੀ, ਜਿਸ ਤੋਂ ਬਾਅਦ ਹਰਵਿੰਦਰ ਸਿੰਘ ਦਾ 2 ਸਾਲ ਦਾ ਗੈਪ ਸੀ।ਹਰਵਿੰਦਰ ਸਿੰਘ ਗੈਪ ਕਾਰਨ ਬਹੁਤ ਚਿੰਤਤ ਸੀ।ਹਰਵਿੰਦਰ ਸਿੰਘ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੇ ਬਹੁਤ ਸਾਰੇ ਏਜੰਟਾਂ ਨਾਲ ਗੱਲਬਾਤ ਕੀਤੀ, ਪਰ ਇੱਕ ਮੋਡੀਊਲ 'ਚੋਂ 5.5 ਹੋਣਾ ਕਾਰਨ ਕੋਈ ਵੀਜ਼ਾ ਲੈ ਕੇ ਦੇਣ ਦੀ ਗਾਰੰਟੀ ਕੋਈ ਵੀ ਨਹੀਂ ਦੇ ਰਿਹਾ ਸੀ।ਉਸ ਤੋਂ ਬਾਅਦ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਆਏ ਹੋਏ ਸਟੱਡੀ ਵੀਜ਼ਾ ਦੇ ਰਿਜ਼ਲਟਾਂ ਨੂੰ ਦੇਖਦਿਆਂ ਬੈੱਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨਾਲ ਗੱਲਬਾਤ ਕਰਦੇ ਹੋਏ ਚੰਗੀ ਸਲਾਹ ਲਈ ਤੇ ਵਾਹਿਗੁਰੂ ਦੀ ਕਿਰਪਾ ਸਦਕਾ 9 ਦਿਨਾਂ ਵਿੱਚ ਆਪਣਾ ਸਟੱਡੀ ਵੀਜ਼ਾ ਹਾਸਿਲ ਕੀਤਾ।

# ਅਨਾਜ ਮੰਡੀ 'ਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਅਨਾਜ ਮੰਡੀ ਵਿੱਚ ਕਣਕ ਦੀ ਸਰਕਾਰੀ ਖਰੀਦ ਸ਼ੁਰੂ ਹੋ ਗਈ ਹੈ, ਜਿਸ ਦਾ ਰਸਮੀ ਤੌਰ 'ਤੇ ਉਦਘਾਟਨ ਸੱਚਾ ਸੌਦਾ ਆੜ੍ਹਤੀ ਐਸੋਸੀਏਸ਼ਨ ਮਾਛੀਵਾੜਾ ਦੇ ਪ੍ਰਧਾਨ ਮੋਹਿਤ ਕੁੰਦਰਾ ਨੇ ਕੀਤਾ। ਅੱਜ ਆੜ੍ਹਤੀ ਰਾਮ ਜੀ ਦਾਸ ਸਤਪਾਲ ਦੀ ਦੁਕਾਨ ਤੋਂ ਖਰੀਦ ਏਜੰਸੀ ਪਨਸਪ ਵੱਲੋਂ ਕਿਸਾਨ ਜਗਮੋਹਣ ਸਿੰਘ ਬਰਮਾ ਤੇ ਆੜ੍ਹਤੀ ਕਸਤੂਰੀ ਲਾਲ ਮਿੰਟੂ ਦੀ ਦੁਕਾਨ ਤੋਂ ਵੇਅਰ ਹਾਊਸ ਨੇ ਕਿਸਾਨ ਪ੍ਰਕਾਸ਼ ਸਿੰਘ ਉਧੋਵਾਲ ਦੀ ਫਸਲ ਖਰੀਦੀ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਮੰਡੀ ਵਿੱਚ ਖਰੀਦ ਦੇ ਪ੍ਰਬੰਧ ਮੁਕੰਮਲ ਹਨ ਤੇ ਏਜੰਸੀਆਂ ਕੋਲ 80 ਪ੍ਰਤੀਸ਼ਤ ਬਾਰਦਾਨਾ ਪਹੁੰਚ ਚੁੱਕਾ ਹੈ। ਉਨ੍ਹਾ ਕਿਹਾ ਕਿ ਸਰਕਾਰ ਵੱਲੋਂ ਲਿਫਟਿੰਗ ਦੇ ਵੀ ਪੁਖਤਾ ਪ੍ਰਬੰਧ ਕੀਤੇ ਹਨ ਤੇ ਕਿਸਾਨਾਂ ਨੂੰ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਮਾਰਕੀਟ ਕਮੇਟੀ ਸਕੱਤਰ ਮਨਜਿੰਦਰ ਸਿੰਘ ਨੇ ਕਿਹਾ ਕਿ ਮਾਛੀਵਾੜਾ ਦਾਣਾ ਮੰਡੀ ਤੋਂ ਇਲਾਵਾ ਉਪ ਖਰੀਦ ਕੇਂਦਰ ਸ਼ੇਰਪੁਰ ਬੇਟ, ਲੱਖੋਵਾਲ ਕਲਾਂ, ਹੇਡੋਂ ਬੇਟ ਤੇ ਬੁਰਜ ਪਵਾਤ ਵਿਖੇ ਵੀ ਫਸਲ ਖਰੀਦ ਦੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀ ਵਿੱਚ ਵੇਚਣ ਲਈ ਸੁੱਕੀ ਫਸਲ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਕੋਈ ਪ੍ਰੇਸ਼ਾਨੀ ਨਾ ਆਵੇ। ਇਸ ਮੌਕੇ ਸਾਬਕਾ ਪ੍ਰਧਾਨ ਹਰਜਿੰਦਰ ਸਿੰਘ ਖੇੜਾ, ਟਹਿਲ ਸਿੰਘ ਔਜਲਾ, ਗੁਰਨਾਮ ਸਿੰਘ ਨਾਗਰਾ (ਦੋਵੇਂ ਸਰਪ੍ਰਸਤ), ਸੁਰਿੰਦਰ ਬਾਂਸਲ, ਸੁਸ਼ੀਲ ਲੂਥਰਾ, ਹੁਸਨ ਲਾਲ ਮੜਕਨ, ਐਡਵੋਕੇਟ ਕਪਿਲ ਆਨੰਦ, ਬਲਵਿੰਦਰ ਸਿੰਘ ਮਾਨ, ਪਰਮਿੰਦਰ ਸਿੰਘ ਗੁਲਿਆਣੀ, ਗੁਰਜੀਤ ਸਿੰਘ ਮਿੱਠੇਵਾਲ, ਰਾਜੀਵ ਕੌਸ਼ਲ, ਹੈਪੀ ਬਾਂਸਲ, ਵਿਨੀਤ ਜੈਨ, ਬਿੰਨੀ ਜੈਨ, ਸ਼ਸ਼ੀ ਭਾਟੀਆ, ਨਿਤਿਨ ਜੈਨ, ਤੇਜਿੰਦਰਪਾਲ ਡੀ.ਸੀ., ਜੈਦੀਪ ਸਿੰਘ ਕਾਹਲੋਂ, ਮਨੋਜ ਬਾਂਸਲ, ਅਮਿਤ ਭਾਟੀਆ, ਪ੍ਰਵੀਨ ਖੋਸਲਾ, ਲਖਵੀਰ ਸਿੰਘ (ਸਾਰੇ ਆੜ੍ਹਤੀ), ਅਮਰਿੰਦਰ ਸਿੰਘ ਹੈਪੀ, ਯਾਦਵਿੰਦਰ ਸਿੰਘ (ਦੋਵੇਂ ਇੰਸਪੈਕਟਰ), ਜਗਜੀਤ ਮਹਿਰਾ ਆਦਿ ਮੌਜੂਦ ਸਨ।

# ਪੰਜਾਬੀ 'ਵਰਸਿਟੀ ਵੱਲੋਂ ਮਈ 2024 ਸੈਸ਼ਨ ਦੀਆਂ ਪ੍ਰੀਖਿਆਵਾਂ ਦਾ ਸ਼ਡਿਊਲ ਜਾਰੀ

■ 4 ਮਈ ਤੋਂ ਥਿਊਰੀ ਤੇ 22 ਅਪ੍ਰੈਲ ਤੋਂ ਪ੍ਰੈਕਟੀਕਲ ਪ੍ਰੀਖਿਆਵਾਂ ਆਰੰਭ

ਪਟਿਆਲਾ (ਪੱਤਰ ਪ੍ਰੇਰਕ)-ਪੰਜਾਬੀ ਯੂਨੀਵਰਸਿਟੀ ਦੇ ਮਈ 2024 ਸੈਸ਼ਨ ਦੀਆਂ ਪ੍ਰੀਖਿਆਵਾਂ ਦਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ।ਪ੍ਰੀਖਿਆ ਸ਼ਾਖਾ ਦੇ ਕੰਟਰੋਲਰ ਪ੍ਰੋ. ਵਿਸ਼ਾਲ ਗੋਇਲ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਜਾਰੀ ਕੀਤੇ ਗਏ ਅਕਾਦਮਿਕ ਕੈਲੰਡਰ ਅਨੁਸਾਰ 4 ਮਈ 2024 ਤੋਂ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ, ਸੰਬੰਧਤ ਕਾਲਜਾਂ ਤੇ ਪ੍ਰਾਈਵੇਟ ਵਿਦਿਆਰਥੀਆਂ ਦੀਆਂ ਥਿਊਰੀ ਪ੍ਰੀਖਿਆਵਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਦੱਸਿਆ ਕਿ ਇਸ ਵਾਰ ਸ਼ਡਿਊਲ ਬਣਾਉਂਦੇ ਸਮੇਂ ਲੋਕ ਸਭਾ ਚੋਣਾਂ ਦੇ ਸ਼ਡਿਊਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੈ।ਚੋਣਾਂ ਦੇ ਸ਼ਡਿਊਲ ਦੇ ਮੱਦੇਨਜ਼ਰ ਕੁੱਝ ਆਰਜ਼ੀ ਪ੍ਰੀਖਿਆ ਕੇਂਦਰ ਵੀ ਸਥਾਪਤ ਕੀਤੇ ਗਏ ਹਨ।ਉਨ੍ਹਾਂ ਦੱਸਿਆ ਕਿ ਪ੍ਰੈਕਟੀਕਲ ਪ੍ਰੀਖਿਆਵਾਂ 22 ਅਪ੍ਰੈਲ 2024 ਤੋਂ ਸ਼ੁਰੂ ਹੋ ਰਹੀਆਂ ਹਨ। ਕਾਲਜਾਂ ਵਿੱਚ ਪੜ੍ਹ ਰਹੇ ਵਿਦਿਆਰਥੀ ਆਪਣੇ ਐਡਮਿਟ ਕਾਰਡ ਸੰਬੰਧਤ ਕਾਲਜਾਂ ਤੋਂ ਹੀ ਪ੍ਰਾਪਤ ਕਰ ਸਕਦੇ ਹਨ।ਜਲਦ ਹੀ ਕਾਲਜਾਂ ਨੂੰ ਈ-ਮੇਲ ਰਾਹੀਂ ਇਹ ਐਡਮਿਟ ਕਾਰਡ ਭੇਜ ਦਿੱਤੇ ਜਾਣਗੇ।ਇਸ ਤੋਂ ਇਲਾਵਾ ਜੋ ਵਿਦਿਆਰਥੀ ਡਿਸਟੈਂਸ ਤੇ ਪ੍ਰਾਈਵੇਟ ਮੋਡ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ, ਉਹ ਆਪਣਾ ਐਡਮਿਟ ਕਾਰਡ ਪ੍ਰੀਖਿਆ ਸ਼ਾਖਾ ਦੀ ਵੈੱਬਸਾਈਟ ਤੋਂ ਡਾਊਨਲੋਡ ਕਰ ਸਕਦੇ ਹਨ।ਉਨ੍ਹਾਂ ਦੱਸਿਆ ਕਿ ਵਿਦਿਆਰਥੀ ਆਪਣੀ ਵਿਸਤ੍ਰਿਤ ਡੇਟਸ਼ੀਟ ਜਲਦ ਹੀ ਪ੍ਰੀਖਿਆ ਸ਼ਾਖਾ ਦੀ ਵੈੱਬਸਾਈਟ ਤੋਂ ਡਾਊਨਲੋਡ ਕਰ ਸਕਣਗੇ। ਉਪ-ਕੁਲਪਤੀ ਪ੍ਰੋ. ਅਰਵਿੰਦ ਨੇ ਪ੍ਰੀਖਿਆ ਸ਼ਾਖਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਚੋਣਾਂ ਦੇ ਮੱਦੇਨਜ਼ਰ ਵਿਦਿਆਰਥੀਆਂ ਦੀ ਸਹੂਲਤ ਦਾ ਵਿਸ਼ੇਸ਼ ਧਿਆਨ ਰੱਖਣਾ ਚੰਗੀ ਗੱਲ ਹੈ।ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਹਮੇਸ਼ਾ ਹੀ ਆਪਣੇ ਵਿਦਿਆਰਥੀਆਂ ਦੇ ਹਿੱਤਾਂ ਨੂੰ ਤਰਜੀਹ ਦਿੰਦੀ ਹੈ।

### ਹਨੀ ਫੱਤਣਵਾਲਾ, ਰੋਜ਼ੀ ਬਰਕੰਦੀ ਤੇ ਬਿੱਟੂ ਵੱਲੋਂ ਚੜ੍ਹੇਵਾਨ ਪਰਵਾਰ ਦਾ ਸਨਮਾਨ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹੀਰਾ ਸਿੰਘ ਚੜ੍ਹੇਵਾਨ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਰਾਜਸੀ ਮਾਮਲਿਆਂ ਦੀ ਕਮੇਟੀ ਦਾ ਮੈਂਬਰ ਬਣਾਇਆ ਗਿਆ ਹੈ, ਜਿਸ ਦੇ ਚਲਦਿਆਂ ਉਨ੍ਹਾਂ ਦੇ ਗ੍ਰਹਿ ਪਿੰਡ ਚੜ੍ਹੇਵਾਨ ਵਿਖੇ ਪਹੁੰਚ ਕੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਰਨਲ ਸਕੱਤਰ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਸਾਬਕਾ ਵਿਧਾਇਕ ਤੇ ਮਨਜਿੰਦਰ ਸਿੰਘ ਬਿੱਟੂ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਨੇ ਹੀਰਾ ਸਿੰਘ ਚੜ੍ਹੇਵਾਨ ਨੂੰ ਸਨਮਾਨਤ ਕੀਤਾ।ਇਸ ਦੇ ਨਾਲ ਹੀ ਉਨ੍ਹਾਂ ਦੇ ਬੇਟੇ ਐਡਵੋਕੇਟ ਭੁਪਿੰਦਰ ਸਿੰਘ ਨੂੰ ਪੰਜਵੀਂ ਵਾਰ ਬਾਰ ਐਸੋਸੀਏਸ਼ਨ ਸ੍ਰੀ ਮੁਕਤਸਰ ਸਾਹਿਬ ਦਾ ਪ੍ਰਧਾਨ ਬਨਣ 'ਤੇ ਸਿਰੋਪਾ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਹੀਰਾ ਸਿੰਘ ਚੜ੍ਹੇਵਾਨ ਨੇ ਸਾਰੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਸਾਹਿਤ ਸਭਾ ਮਹਿਲ ਕਲਾਂ ਦੇ ਗਠਨ ਸਮੇਂ ਨੌਜਵਾਨਾਂ ਦਿਖਾਇਆ ਉਤਸ਼ਾਹ

## ਨਿਰੋਲ ਸਾਹਿਤਕ ਸਾਹਿਤ ਸਭਾ ਨਵੀਂਆਂ ਕਲਮਾਂ ਨੂੰ ਉਤਸ਼ਾਹਤ ਕਰੇਗੀ : ਗੀਤਕਾਰ ਟਿਵਾਣਾ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੰਜਾਬੀ ਲੇਖਕਾਂ/ਸਾਹਿਤਕ ਰੁਚੀਆਂ ਰੱਖਣ ਵਾਲੇ ਨੌਜਵਾਨਾਂ ਦੀ ਅਹਿਮ ਪਲੇਠੀ ਇਕੱਤਰਤਾ ਪ੍ਰਸਿੱਧ ਲੇਖਕ ਮਨਪ੍ਰੀਤ ਟਿਵਾਣਾ ਦੀ ਪ੍ਰੇਰਣਾ ਸਦਕਾ ਲੈਨਿਨ ਕਿਤਾਬ ਘਰ ਮਹਿਲ ਕਲਾਂ (ਬਰਨਾਲਾ) ਵਿਖੇ ਹੋਈ, ਜਿਸ ਦੌਰਾਨ ਇਲਾਕੇ ਦੇ ਵੱਖ-ਵੱਖ ਪਿੰਡਾਂ ਤੋਂ ਨੌਜਵਾਨ ਲੇਖਕਾਂ, ਕਲਾਕਾਰਾਂ ਤੇ ਪਾਠਕਾਂ ਨੇ ਭਾਗ ਲਿਆ।ਸ਼ੁਰੂਆਤ 'ਚ ਸਾਹਿਤ ਨੂੰ ਘਰ-ਘਰ ਪਹੁੰਚਾਉਣ ਵਾਲੇ ਮਰਹੂਮ ਕਾ: ਪ੍ਰੀਤਮ ਸਿੰਘ ਦਰਦੀ, ਸਵ: ਬਿੱਕਰ ਸਿੰਘ ਸਿੱਧੂ ਨੂੰ ਯਾਦ ਕੀਤਾ ਗਿਆ। ਇਸ ਮੌਕੇ ਬੋਲਦਿਆਂ ਗੀਤਕਾਰ ਮਨਪ੍ਰੀਤ ਟਿਵਾਣਾ ਨੇ ਕਿਹਾ ਕਿ ਸਾਹਿਤ ਸਭਾ ਮਹਿਲ ਕਲਾਂ ਗਠਨ ਕਰਨ ਦਾ ਮਨੋਰਥ ਨੌਜਵਾਨ ਲੇਖਕਾਂ, ਪਾਠਕਾਂ, ਸਾਹਿਤਕ ਰੁਚੀਆਂ ਰੱਖਣ ਵਾਲੇ ਨੌਜਵਾਨਾਂ ਨੂੰ ਇਕ ਪਲੇਟਫ਼ਾਰਮ 'ਤੇ ਇਕੱਠਾ ਕਰਨਾ ਹੈ।ਇਹ ਸੰਸਥਾ ਨਿਰੋਲ ਸਾਹਿਤਕ ਹੋਵੇਗੀ, ਜੋ ਨਵੀਂਆਂ ਕਲਮਾਂ ਨੂੰ ਉਤਸ਼ਾਹਤ ਕਰੇਗੀ ਤੇ ਸਮੇਂ ਸਮੇਂ ਸਥਾਪਤ ਸਾਹਿਤਕਾਰਾਂ, ਲੇਖਕਾਂ, ਕਲਾਕਾਰਾਂ ਨੂੰ ਰੂ-ਬ-ਰੂ ਕਰਵਾਏਗੀ। ਲੈਨਿਨ ਕਿਤਾਬ ਘਰ ਦੇ ਸੰਚਾਲਕ ਗੁਰਪ੍ਰੀਤ ਸਿੰਘ ਅਣਖੀ, ਪਰਮ ਸਹਿਜੜਾ ਨੇ ਮਹਿਲ ਕਲਾਂ ਖੇਤਰ 'ਚ ਅਜਿਹੀ ਸਾਹਿਤਕ ਸੰਸਥਾ ਦੀ ਵੱਡੀ ਲੋੜ ਹੈ, ਜੋ ਸਭ ਦੇ ਸਹਿਯੋਗ ਸਦਕਾ ਜਲਦ ਪੂਰੀ ਹੋਵੇਗੀ।ਗਾਇਕ ਸਾਈਂ ਸੁਲਤਾਨ, ਗੀਤਕਾਰ ਸੰਦੀਪ ਗਿੱਲ ਕੁਰੜ, ਲੇਖਕ ਸੁਖਚੈਨ ਕੁਰੜ ਨੇ ਸਾਹਿਤ ਸਭਾ ਮਹਿਲ ਕਲਾਂ ਦੇ ਗਠਨ ਸਬੰਧੀ ਅਹਿਮ ਸੁਝਾਅ ਦਿੱਤੇ।ਲੇਖਕ ਲੱਕੀ ਛੀਨੀਵਾਲ, ਜਗਮੋਹਨ ਸ਼ਾਹ ਰਾਇਸਰ, ਗੋਲਡੀ ਕੁਰੜ ਨੇ ਲੇਖਕਾਂ, ਕਲਾਕਾਰਾਂ, ਪਾਠਕਾਂ, ਸਾਹਿਤਕ ਰੁਚੀਆਂ ਰੱਖਣ ਵਾਲੇ ਨੌਜਵਾਨਾਂ ਨੂੰ ਸਹਿਤ ਸਭਾ ਮਹਿਲ ਕਲਾਂ ਦੇ ਗਠਨ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ।ਇਸ ਸਮੇਂ ਮਾ: ਗੁਰਤੇਜ ਸਿੰਘ ਖ਼ਿਆਲੀ, ਜਪਾਲ ਸਿੰਘ ਮਠਾੜੂ, ਜਗਜੀਵਨ ਸਿੰਘ ਜੱਗਾ, ਮਨਦੀਪ ਸਿੰਘ ਪੰਡੋਰੀ, ਮੋਹਿਤ ਕੁਮਾਰ ਗਰਗ, ਗੁਰਪ੍ਰੀਤ ਸਿੰਘ ਗਰੇਵਾਲ ਨੇ ਵੀ ਮਹਿਲ ਕਲਾਂ ਇਲਾਕੇ 'ਚ ਸਾਹਿਤਕ ਗਤੀਵਿਧੀਆਂ ਉਸਾਰੂ ਢੰਗ ਨਾਲ ਚਲਾਉਣ ਸਬੰਧੀ ਆਪਣੇ ਵਿਚਾਰ ਰੱਖੇ।ਉਨ੍ਹਾਂ ਦੱਸਿਆ ਕਿ ਇਸ ਸਬੰਧੀ ਅਗਲੀ ਮੀਟਿੰਗ ਜਲਦ ਕੀਤੀ ਜਾਵੇਗੀ।

### ਰਾਮ ਨੌਵੀਂ ਦੇ ਸਬੰਧ 'ਚ ਕੱਢੀ ਗਈ ਸ਼ੋਭਾ ਯਾਤਰਾ



ਮਲੋਟ (ਗੁਰਮੀਤ ਸਿੰਘ ਮੱਕੜ)-ਰਾਮ ਨੌਵੀਂ ਉਤਸਵ ਕਮੇਟੀ ਮਲੋਟ ਵੱਲੋਂ ਰਾਮ ਨੌਵੀਂ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਸ਼ੋਭਾ ਯਾਤਰਾ ਕੱਢੀ ਗਈ। ਇਹ ਸ਼ੋਭਾ ਯਾਤਰਾ ਮਲੋਟ ਦੇ ਕ੍ਰਿਸ਼ਨਾ ਮੰਦਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੇਨ ਬਾਜ਼ਾਰ, ਸੁਪਰ ਬਾਜ਼ਾਰ, ਤਹਿਸੀਲ ਰੋਡ, ਜੀ ਟੀ ਰੋਡ ਤੇ ਹੋਰ ਬਾਜ਼ਾਰਾਂ ਵਿੱਚੋਂ ਹੁੰਦੀ ਹੋਈ ਵਾਪਸ ਸ਼੍ਰੀ ਸਨਾਤਨ ਧਰਮ ਕ੍ਰਿਸ਼ਨਾ ਮੰਦਰ ਨਜ਼ਦੀਕ ਵਾਟਰ ਵਰਕਸ ਮਲੋਟ ਵਿੱਚ ਸਮਾਪਤ ਹੋਈ। ਇਸ ਸ਼ੋਭਾ ਯਾਤਰਾ ਵਿੱਚ ਰਾਮ ਲਕਸ਼ਮਣ, ਸ਼੍ਰੀ ਹਨੂੰਮਾਨ ਜੀ ਤੇ ਲਵ ਕੁਛ ਤੋਂ ਇਲਾਵਾ ਹੋਰ ਦੇਵੀ ਦੇਵਤਿਆਂ ਦੀਆਂ ਝਾਕੀਆਂ ਮਨਮੋਹਕ ਸਨ। ਸ਼ਹਿਰ ਵਾਸੀਆਂ ਵੱਲੋਂ ਸ਼ੋਭਾ ਯਾਤਰਾ ਦਾ ਥਾਂ-ਥਾਂ 'ਤੇ ਭਰਵਾਂ ਸਵਾਗਤ ਕੀਤਾ ਗਿਆ ਤੇ ਵੱਖ-ਵੱਖ ਵਸਤਾਂ ਦੇ ਲੰਗਰ ਲਗਾਏ ਗਏ। ਮਲੋਟ ਸ਼ਹਿਰ ਦੀਆਂ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ, ਸਮਾਜਸੇਵੀ ਤੇ ਧਾਰਮਿਕ ਸੰਸਥਾਵਾਂ ਦੇ ਆਗੂਆਂ ਤੋਂ ਵੱਡੀ ਗਿਣਤੀ ਵਿੱਚ ਸ਼ਹਿਰ ਦੀਆਂ ਸੰਗਤਾਂ ਨੇ ਇਸ ਸ਼ੋਭਾ ਯਾਤਰਾ ਵਿੱਚ ਹਾਜ਼ਰੀ ਭਰੀ।

LOVELY INTERNATIONAL TRUST

Head Office: Lovely Mall, Dr. Ambedkar Chowk, Jalandhar City, Punjab (India) -144001
Campus: Jalandhar-Delhi G.T. Road, Phagwara, Distt. Kapurthala, Punjab( India) -144411

PUBLIC NOTICE

It is hereby informed to all the concerned and general public that the process of weeding out of records in the year 2023-24 has been started including without limitation the records of the students of the departments, faculties, schools, institutes, academies and other constituents/units/institutions of this Trust whatever it may be called also including such records of/in any/all wings, divisions, offices etc. of this Trust whatever it may be called, who are passed out/ left / discontinued/ expelled/did not join within stipulated period/ did not get admission/ ineligible for promotion/continuation/ whose name has been struck off due to long continuous absence/ non- reporting without obtaining leave etc. as per the respective policy of this Trust and/or its concerned constitutent/unit as applicable, in/by the year 2023-24 also including without limitations the record like student files, attendance records, student profile, eligibility documents, disciplinary record, record of receipts of fee, funds, charges, security/ caution money, penalty & other receipts record and related correspondence, projects, assignments, thesis, examination/ evaluation/ test/ interview/ GD and other selection records/result and also correspondence in respect of such students (except academic transcripts and final results), and also including records of those students/candidates who applied/expressed their interest for admission or any facility/or other purpose or appeared in entrance/eligibility tests or sought any information related to admission or otherwise in/by the year 2023-24 subject to the respective record retention schedule. Further, such record includes all the data, information, records etc. maintained in physical mode and/or electronic mode and/or digital mode and/or online mode and/or on UMS/Website or otherwise in any manner whatsoever.

Request, in writing, to seek any specific record and/or claim for any outstanding amount payable by this Trust or any of its constituents/units or any of the wings, divisions, departments, faculties, schools, institutes, academies, offices or other constituents/units thereunder whatever it may be called in respect of such students/candidates, individuals etc. can be made to Secretary of this Trust at Campus address mentioned above within 15 days of publication of this notice. No request or claim of any kind whatsoever pertaining to the above shall be considered in future after

Secretary
Lovely International Trust

# ਜ਼ਿਲ੍ਹਾ ਯੂਥ ਕਾਂਗਰਸ ਵੱਲੋਂ 21 ਮੈਂਬਰੀ ਕਮੇਟੀ ਦਾ ਗਠਨ



ਸ੍ਰੀ ਮੁਕਤਸਰ ਸਾਹਿਬ (ਕੁਲਭੂਸ਼ਨ ਚਾਵਲਾ, ਸ਼ਮਿੰਦਰਪਾਲ, ਪੂਜਾ)-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਦੀ ਮਜ਼ਬੂਤੀ ਲਈ ਜ਼ਿਲ੍ਹਾ ਯੂਥ ਕਾਂਗਰਸ ਨੇ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਿਕ ਸ੍ਰੀ ਮੁਕਤਸਰ ਸਾਹਿਬ ਵਿਖੇ 21 ਮੈਂਬਰੀ ਕਮੇਟੀ ਦਾ ਗਠਨ ਕਰਦਿਆਂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਸਿਮਰਜੀਤ ਸਿੰਘ ਭੀਨਾ ਬਰਾੜ, ਭਿੰਦਰ ਸ਼ਰਮਾ, ਗੁਰਪ੍ਰੀਤ ਸਿੰਘ ਮਨੀਆਂਵਾਲਾ, ਜਸਪ੍ਰੀਤ ਸਿੰਘ ਜੱਸਾ, ਗੁਰਪ੍ਰੀਤ ਸਿੰਘ ਲੁਬਾਣਿਆਂਵਾਲੀ, ਚਰਨਦੀਪ ਮਾਨ, ਜੋਤ ਜਵਾਹਰੇ ਵਾਲਾ, ਮਨੀ ਚੜ੍ਹੇਵਾਨ, ਰਿੰਕੂ ਝਬੇਲਵਾਲੀ ਤੇ ਗੁਰਪ੍ਰੀਤ ਸਿੰਘ ਸਰਪੰਚ ਖੋਖਰ ਵੱਲੋਂ ਸਾਂਝੇ ਤੌਰ 'ਤੇ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦਿੱਤੇ ਗਏ।ਇਸ ਨਿਯੁਕਤੀ ਤਹਿਤ ਹਰਚਰਨ ਸਿੰਘ, ਖੁਸ਼ਬੀਰ ਸਿੰਘ, ਅਰਮਾਨ ਭੁੱਲਰ, ਅਮਨ ਭੁੱਲਰ ਨੂੰ ਵਾਇਸ ਪ੍ਰਧਾਨ, ਕੰਵਰਜੀਤ ਸਿੰਘ, ਜਸਪ੍ਰੀਤ ਬਲਮਗੜ੍ਹ, ਸਰਬਿੰਦਰ ਬਰਾੜ, ਕੁਲਦੀਪ ਸਿੰਘ, ਮਨਦੀਪ ਸਿੰਘ, ਮੋਹਿਤ ਸ਼ਰਮਾ, ਨਵਨੀਤ ਸ਼ਰਮਾ, ਸਤਵਿੰਦਰ ਸਿੰਘ, ਨਿਮਰਤ ਸਿੰਘ ਨੂੰ ਜਰਨਲ ਸਕੈਟਰੀ, ਗੁਰਪਿੰਦਰ ਸਿੰਘ, ਅਮਨਦੀਪ ਸਿੰਘ, ਆਲਾ ਸਿੰਘ, ਗੁਰਪ੍ਰਕਾਸ਼, ਰਾਜਦੀਪ ਸਿੰਘ, ਕਰਨਬੀਰ ਸਿੰਘ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ।ਇਸ ਨਿਯੁਕਤੀ ਤਹਿਤ ਸਮੁੱਚੇ ਅਹੁਦੇਦਾਰਾਂ ਦੀਆਂ ਲੋਕ ਸਭਾ ਚੋਣਾਂ ਦੌਰਾਨ ਵੱਖ ਵੱਖ ਡਿਊਟੀਆਂ ਲਗਾਉਂਦੇ ਹੋਏ ਕਾਂਗਰਸ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਦੇ ਆਦੇਸ਼ ਦਿੱਤੇ ਗਏ ਤਾਂ ਜੋ ਆਉਣ ਵਾਲੀਆਂ ਚੋਣਾਂ ਦੌਰਾਨ ਕਾਂਗਰਸ ਪਾਰਟੀ ਪੰਜਾਬ 'ਚ 13 ਦੀਆਂ 13 ਸੀਟਾਂ 'ਤੇ ਆਪਣੀ ਜਿੱਤ ਦੀ ਮੋਹਰ ਲਗਾ ਸਕੇ।ਇਸ ਮੌਕੇ ਚੁਣੇ ਗਏ ਅਹੁਦੇਦਾਰਾਂ ਨੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਤੇ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦੁਆਇਆ ਕਿ ਉਹ ਪਾਰਟੀ ਦੀ ਬਿਹਤਰੀ ਲਈ ਤਨ, ਮਨ ਤੇ ਪੂਰੀ ਇਮਾਨਦਾਰੀ ਨਾਲ ਅਣਥੱਕ ਮਿਹਨਤ ਕਰਨਗੇ।

# ਸਿਵਲ ਸਰਜਨ ਨੇ ਸਰਕਾਰੀ ਹਸਪਤਾਲ ਦੀ ਬਦਲੀ ਨੁਹਾਰ

■ ਡਾਕਟਰਾਂ ਨੂੰ ਅਪ੍ਰੇਸ਼ਨ 3 ਵਜੇ ਤੋਂ ਪਹਿਲਾਂ ਕਰਨ ਦੇ ਦਿੱਤੇ ਨਿਰਦੇਸ਼



ਜਲਾਲਾਬਾਦ (ਜੰਗੀਰ ਕੌਰ/ਜੀਤ ਕੁਮਾਰ)
ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਤੇ ਸਿਹਤ ਵਿਭਾਗ ਪੰਜਾਬ ਦੇ ਸਾਂਝੇ ਯਤਨਾਂ ਨਾਲ ਚੱਲ ਰਹੇ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਦੀਆਂ ਕਮੀਆਂ ਨੂੰ ਦੂਰ ਕਰਕੇ ਮਰੀਜ਼ਾਂ ਨੂੰ ਹਰ ਤਰ੍ਹਾਂ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਯਤਨਸ਼ੀਲ ਸਿਵਲ ਸਰਜਨ ਡਾਕਟਰ ਚੰਦਰ ਸ਼ੇਖਰ ਨੂੰ ਕਾਫੀ ਸਫਲਤਾ ਮਿਲਦੀ ਨਜ਼ਰ ਆ ਰਹੀ ਹੈ। ਹਾਲ ਹੀ ਵਿੱਚ ਮਰੀਜ਼ਾਂ ਦੀਆਂ ਸਹੂਲਤਾਂ ਨੂੰ ਦੇਖਦੇ ਹੋਏ ਹਸਪਤਾਲ ਵਿੱਚ ਕਾਫੀ ਕੁਝ ਬਿਹਤਰ ਕਰ ਦਿੱਤਾ ਗਿਆ ਹੈ, ਜਿਸ ਵਿੱਚ ਸਫਾਈ ਦਾ ਖਾਸ ਪ੍ਰਬੰਧ ਕਰਨਾ, ਪਾਣੀ ਦਾ ਪ੍ਰਬੰਧ ਕਰਨਾ, ਪਾਰਕਿੰਗ ਨੂੰ ਠੇਕੇ 'ਤੇ ਦੇਣਾ, ਸਕਿਊਰਿਟੀ ਗਾਰਡ ਰੱਖਣਾ, ਮਰੀਜ਼ਾਂ ਦੀ ਜ਼ਰੂਰਤ ਦੀਆਂ ਛੋਟੀਆਂ ਮੋਟੀਆਂ ਵਸਤਾਂ ਦੇ ਫੰਡ ਨੂੰ ਵਧਾਉਣਾ ਤੇ ਉਸ ਨੂੰ ਖਰਚ ਕਰਨ ਦੀ ਅਥਾਰਟੀ ਲੋਕਲ ਪੱਧਰ 'ਤੇ ਕਮੇਟੀ ਨੂੰ ਦੇਣ ਵਰਗੀਆਂ ਸਹੂਲਤਾਂ ਸ਼ਾਮਲ ਹਨ। ਸਥਾਨਕ ਸਰਕਾਰੀ ਹਸਪਤਾਲ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਡਾ. ਚੰਦਰ ਸ਼ੇਖਰ ਤੇ ਡਾਕਟਰ ਏ. ਜੀ. ਐੱਸ ਬਾਵਾ ਨੇ ਦੱਸਿਆ ਕਿ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਫਰੀਦਕੋਟ ਦੇ ਵਾਈਸ ਚਾਂਸਲਰ ਡਾ. ਰਾਜੀਵ ਸੂਦ ਜਲਾਲਾਬਾਦ ਦੇ ਸਰਕਾਰੀ ਹਸਪਤਾਲ 'ਚ ਵਿਸ਼ੇਸ਼ ਦਿਲਚਸਪੀ ਲੈ ਰਹੇ ਹਨ ਅਤੇ ਇਸੇ ਦਾ ਹੀ ਨਤੀਜਾ ਹੈ ਕਿ ਮਰੀਜ਼ਾਂ ਦੀ ਬਿਹਤਰੀ ਲਈ ਅਸੀਂ ਜੋ ਵੀ ਸਹਿਯੋਗ ਉਨ੍ਹਾਂ ਤੋਂ ਮੰਗਿਆ ਹੈ, ਉਹ ਸਾਨੂੰ ਤੁਰੰਤ ਮਿਲਿਆ ਹੈ। ਉਨ੍ਹਾ ਦੱਸਿਆ ਕਿ ਮਰੀਜ਼ਾਂ ਦੀ ਸਹੂਲਤ ਲਈ ਉਨ੍ਹਾਂ ਡਾਕਟਰਾਂ ਨੂੰ 3 ਵਜੇ ਤੋਂ ਪਹਿਲਾਂ ਆਪ੍ਰੇਸ਼ਨ ਕਰਨ ਦੇ ਹੁਕਮ ਦੇ ਦਿੱਤੇ ਹਨ ਤਾਂ ਜੋ ਮਰੀਜ਼ਾਂ ਨੂੰ ਦਵਾਈਆਂ ਤੇ ਟੈਸਟ ਬਾਹਰੋਂ ਨਾ ਕਰਵਾਣੇ ਪੈਣ। ਪੱਤਰਕਾਰਾਂ ਨੇ ਸਿਵਲ ਸਰਜਨ ਨੂੰ ਦੱਸਿਆ ਕਿ ਹਸਪਤਾਲ ਵਿੱਚ ਜੋ ਨਸ਼ਾ ਛੁਡਾਊ ਕੇਂਦਰ ਹੈ, ਉਸ ਦੇ ਅਨੇਕਾਂ ਕਾਰਡ ਜਾਲ੍ਹੀ ਬਣੇ ਹੋਏ ਹਨ ਤੇ ਇਹ ਫਰਜ਼ੀ ਕਾਰਡਾਂ ਵਾਲੇ ਇੱਥੋਂ ਮੁਫਤ ਦਵਾਈ ਲੈ ਕੇ ਅੱਗੇ ਮਹਿੰਗੇ ਮੁੱਲ 'ਤੇ ਵੇਚ ਦਿੰਦੇ ਹਨ, ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਡਾ. ਚੰਦਰ ਸ਼ੇਖਰ ਨੇ ਸੰਬੰਧਤ ਅਧਿਕਾਰੀ ਨੂੰ ਫੋਨ ਕਰਕੇ ਕਾਰਡਾਂ ਦੀ ਰੀਚੈਕਿੰਗ ਕਰਵਾਉਣ ਦੇ ਨਿਰਦੇਸ਼ ਦਿੱਤੇ। ਡਾ. ਚੰਦਰ ਸ਼ੇਖਰ ਤੇ ਡਾ. ਬਾਵਾ ਨੇ ਕਿਹਾ ਕਿ ਜਲਾਲਾਬਾਦ ਦੇ ਸਰਕਾਰੀ ਹਸਪਤਾਲ ਵਿੱਚ ਸਾਰੇ ਡਾਕਟਰ ਮੌਜੂਦ ਹਨ ਤੇ ਲੋਕ ਇਨ੍ਹਾਂ ਦਾ ਵੱਧ ਤੋਂ ਵੱਧ ਲਾਭ ਲੈਣ। ਉਨ੍ਹਾਂ ਕਿਹਾ ਕਿ ਉਹ ਖੁਦ ਪਿਛਲੇ ਤਿੰਨ ਹਫਤਿਆਂ ਤੋਂ ਇੱਥੇ ਆ ਰਹੇ ਹਨ ਤੇ ਹਰ ਇੱਕ ਪਵਾਇੰਟ ਨੂੰ ਖੁਦ ਦੇਖ ਚੁੱਕੇ ਹਨ ਅਤੇ ਅੱਗੇ ਲਗਾਤਾਰ ਹਸਪਤਾਲ ਨੂੰ ਹੋਰ ਬਿਹਤਰ ਬਣਾਉਣ ਲਈ ਯਤਨ ਕਰਦੇ ਰਹਿਣਗੇ। ਇਸ ਮੌਕੇ ਐੱਸ.ਐੱਮ.ਓ. ਡਾਕਟਰ ਜੋਤੀ ਕਪੂਰ ਮੌਜੂਦ ਸਨ।

# ਕਾਂਗਰਸ ਤੇ ਅਕਾਲੀ ਦਲ ਨੇ ਆਪਣੇ ਸ਼ਾਸਨ ਦੌਰਾਨ ਪੰਜਾਬ ਨੂੰ ਬਰਬਾਦ ਹੀ ਕੀਤੈ: ਡਾ. ਸੋਹਲ



ਸਰਾਏ ਅਮਾਨਤ ਖਾਂ (ਮੱਖਣ ਮਨੋਜ)–ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਬੀਤੇ ਦਿਨ ਪਿੰਡ ਕੋਟ ਸਿਵਿਆਂ ਵਿਖੇ ਪਹੁੰਚ ਕੇ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਅਤੇ ਉਨ੍ਹਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।ਬਲਾਕ ਪ੍ਰਧਾਨ ਬਲਵਿੰਦਰ ਸਿੰਘ ਦੇ ਗ੍ਰਹਿ ਵਿਖੇ ਬੈਠਕ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਡਾਕਟਰ ਸੋਹਲ ਨੇ ਕਿਹਾ ਕਿ ਪੰਜਾਬ ਤੇ ਲੰਬਾ ਸਮਾਂ ਰਾਜ ਕਰਨ ਵਾਲੀਆਂ ਰਵਾਇਤੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਨੇ ਪੰਜਾਬ ਦਾ ਵਿਕਾਸ ਕਰਨ ਦੀ ਥਾਂ ਇਸ ਨੂੰ ਬਰਬਾਦੀ ਵੱਲ ਧਕੇਲਿਆ।ਇੱਥੋਂ ਦਾ ਉਦਯੋਗ, ਖੇਤੀ ਵਪਾਰ ਕੋਈ ਤਰੱਕੀ ਨਹੀਂ ਕਰ ਸਕਿਆ ਸਗੋਂ ਇਨ੍ਹਾਂ ਦੇ ਕਾਰਜ ਕਾਲ ਦੌਰਾਨ ਪੰਜਾਬ ਸਿਰ ਕਰਜਾ ਵਧਿਆ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਸਰਕਾਰਾਂ ਦੌਰਾਨ ਕੁਝ ਅਜਿਹੀਆਂ ਦੁੱਖਦਾਈ ਘਟਨਾਵਾਂ ਵੀ ਵਾਪਰੀਆਂ ਜਿਨ੍ਹਾਂ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਕੱਢੀ ਜਾਣ ਵਾਲੀ ਯਾਤਰਾ ਪੰਜਾਬ ਬਚਾਓ ਯਾਤਰਾ ਨਹੀਂ ਸਗੋਂ ਇਹ ਪਰਿਵਾਰ ਬਚਾਓ ਯਾਤਰਾ ਲੱਗਦੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਵਿੱਚ ਵਿਕਾਸ ਵਿੱਚ ਤੇਜ਼ੀ ਆਈ ਹੈ।ਲੋਕਾਂ ਨੂੰ ਘਰੇਲੂ ਖਪਤ ਲਈ 600 ਯੂਨਿਟ ਮੁਫਤ ਬਿਜਲੀ, 43 ਹਜ਼ਾਰ ਨੌਜਵਾਨਾਂ ਨੂੰ ਨੌਕਰੀਆਂ ਦੇਣਾ, ਆਮ ਆਦਮੀ ਕਲੀਨਿਕਾਂ, ਸਕੂਲ ਆਫ ਐਮੀਨੈਂਸ ਵਰਗੇ ਕਾਰਜਾਂ ਤੋਂ ਪੰਜਾਬ ਦਾ ਹਰ ਵਰਗ ਖੁਸ਼ ਹੈ। ਉਨ੍ਹਾਂ ਰੰਗਲੇ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਪੰਜਾਬੀਆਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ।ਬਲਾਕ ਪ੍ਰਧਾਨ ਬਲਵਿੰਦਰ ਸਿੰਘ ਕੋਟ ਸਿਵਿਆਂ ਨੇ ਕਿਹਾ ਕਿ ਹਲਕਾ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਵੱਲੋਂ ਵੀ ਹਲਕੇ ਦਾ ਵਿਕਾਸ ਬੇਹੱਦ ਤਕਨੀਕੀ ਢੰਗ ਨਾਲ ਬਿਨਾਂ ਕਿਸੇ ਭੇਦਭਾਵ ਤੋਂ ਕਰਵਾਇਆ ਗਿਆ।ਉਨ੍ਹਾਂ ਕਿਹਾ ਹੈ ਕਿ ਅੱਜ ਹਲਕੇ ਦੀ ਕੋਈ ਵੀ ਸੜਕ ਟੁੱਟੀ ਹੋਈ ਨਹੀਂ ਰਹਿ ਗਈ ਅਤੇ ਵਿਧਾਇਕ ਸੋਹਲ ਲੋਕਾਂ ਦੇ ਹਰਮਨ ਪਿਆਰੇ ਨੇਤਾ ਬਣ ਚੁੱਕੇ ਹਨ।ਉਨ੍ਹਾਂ ਵਿਧਾਇਕ ਨੂੰ ਵਿਸ਼ਵਾਸ ਦਿਵਾਇਆ ਕਿ ਪਿੰਡ ਕੋਟ ਸਿਵਿਆਂ ਦੇ ਲੋਕ ਆਮ ਆਦਮੀ ਪਾਰਟੀ ਨਾਲ ਹਮੇਸ਼ਾ ਹੀ ਮੋਢੇ ਨਾਲ ਮੋਢਾ ਜੋੜ ਕੇ ਖੜੇ ਰਹਿਣਗੇ।ਇਸ ਮੌਕੇ ਬਲਵਿੰਦਰ ਸਿੰਘ ਅਤੇ ਪਿੰਡ ਵਾਸੀਆਂ ਵੱਲੋਂ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੂੰ ਸਿਰੋਪਾਓ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

# ਚੋਣਾਂ 'ਚ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਬੀ ਜੇ ਪੀ ਆਗੂਆਂ ਤੋਂ ਪੁੱਛੇ ਜਾਣਗੇ ਸਵਾਲ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)– ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਜ਼ਿਲਾ ਡੇਰਾ ਬਾਬਾ ਨਾਨਕ, ਫਤਿਹਗੜ੍ਹ ਚੂੜੀਆਂ ਅਤੇ ਰਮਦਾਸ ਦੀ ਇੱਕ ਸਾਂਝੀ ਮੀਟਿੰਗ ਅਵਤਾਰ ਸਿੰਘ ਰੰਧਾਵਾ, ਮਾ. ਸੁੱਚਾ ਸਿੰਘ ਅਤੇ ਜੋਗਿੰਦਰ ਸਿੰਘ ਘੋਨਾ ਚਮਾਰਾ 'ਤੇ ਅਧਾਰਤ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਇੱਥੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਦੀਵਾਨ ਹਾਲ ਵਿੱਚ ਹੋਈ ਜਿਸ ਵਿੱਚ ਇਨ੍ਹਾਂ ਇਲਾਕਿਆਂ ਵਿੱਚੋਂ ਪਹੁੰਚੇ ਹੋਏ ਜਥੇਬੰਦੀ ਦੇ ਆਗੂ ਤੇ ਵਰਕਰ ਪੂਰੇ ਉਤਸ਼ਾਹ ਨਾਲ ਸ਼ਾਮਿਲ ਹੋਏ।ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਬਲਾਕ ਡੇਰਾ ਬਾਬਾ ਨਾਨਕ ਦੇ ਸਕੱਤਰ ਸ਼ਮਸ਼ੇਰ ਸਿੰਘ ਖਾਸਾਂਵਾਲਾ, ਨੌਜਵਾਨ ਆਗੂਆਂ ਸਰਵਨ ਸਿੰਘ ਰੋਬਨ, ਜਗਜੀਤ ਸਿੰਘ ਠੇਠਰ ਕੇ ਅਤੇ ਮੇਜਰ ਮਸੀਹ ਮਨਸੂਰ ਨੇ ਦੱਸਿਆ ਕਿ ਮੀਟਿੰਗ ਵਿਚ ਕਿਸਾਨਾਂ ਮਜ਼ਦੂਰਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਭਰਵਾਂ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਨੇ ਸਰਬਸੰਮਤੀ ਨਾਲ ਇੱਕ ਮਤਾ ਪਾਸ ਕਰਕੇ ਪੰਜਾਬ ਸਰਕਾਰ ਦੀ ਸਰਕਾਰੀ ਮੰਡੀ ਪ੍ਰਬੰਧ ਨੂੰ ਖਤਮ ਕਰਨ ਅਤੇ ਪ੍ਰਾਈਵੇਟ ਸਾਇਲੋਜ਼ ਨੂੰ ਉਤਸ਼ਾਹਿਤ ਕਰਨ ਦੀ ਨੀਤੀ ਦੀ ਸਖਤ ਨਿਖੇਧੀ ਕਰਦਿਆਂ ਇਸ ਦਾ ਡਟਵਾਂ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ।ਮੀਟਿੰਗ ਵੱਲੋਂ ਸ਼ੁਰੂ ਹਾੜੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਮੰਡੀਆਂ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਮੌਕੇ 'ਤੇ ਹੱਲ ਕਰਵਾਉਣ ਲਈ ਯੂਨੀਅਨ ਦੇ ਜਥੇ ਬਣਾ ਕੇ ਤਹਿਸੀਲ ਡੇਰਾ ਬਾਬਾ ਨਾਨਕ ਦੀਆਂ ਮੰਡੀਆਂ ਦਾ ਲਗਾਤਾਰ ਦੌਰਾ ਕਰਨ ਦਾ ਫੈਸਲਾ ਵੀ ਕੀਤਾ ਗਿਆ।ਇਸ ਸਮੇਂ ਮੀਟਿੰਗ ਵਿੱਚ ਪਾਸ ਕੀਤੇ ਗਏ ਇੱਕ ਹੋਰ ਮਤੇ ਰਾਹੀਂ ਸੰਯੁਕਤ ਕਿਸਾਨ ਮੋਰਚਿਆਂ ਦੀ ਅਗਵਾਈ ਹੇਠ ਚੱਲ ਰਹੇ ਕਿਸਾਨ ਮਜ਼ਦੂਰ ਅੰਦੋਲਨ ਦੀ ਪੁਰਜ਼ੋਰ ਹਮਾਇਤ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ।ਇਲਾਕੇ ਅੰਦਰ ਜਥੇਬੰਦੀ ਦੀ ਮਜ਼ਬੂਤੀ ਲਈ ਵਾਰਡਾਂ ਤੋਂ ਬਾਅਦ ਜਥੇਬੰਦੀ ਦੀਆਂ ਵੱਧ ਤੋਂ ਵੱਧ ਇਕਾਈਆਂ ਸਥਾਪਿਤ ਕਰਨ ਅਤੇ ਪਿੰਡਾਂ 'ਚੋਂ ਮਾਇਕ ਸਹਾਇਤਾ ਇਕੱਤਰ ਕਰਨ ਦਾ ਫੈਸਲਾ ਵੀ ਕੀਤਾ ਗਿਆ।ਮੀਟਿੰਗ ਵੱਲੋਂ ਚੱਲ ਰਹੀਆਂ ਪਾਰਲੀਮੈਂਟ ਚੋਣਾਂ ਦੌਰਾਨ ਸ਼ਾਂਤੀਪੂਰਵਕ ਤਰੀਕੇ ਨਾਲ ਭਾਰਤੀ ਜਨਤਾ ਪਾਰਟੀ ਦੇ ਵੋਟਾਂ ਮੰਗਣ ਆਉਣ ਵਾਲੇ ਆਗੂਆਂ ਨੂੰ ਇਹ ਸਵਾਲ ਕਰਨ ਦਾ ਫੈਸਲਾ ਵੀ ਕੀਤਾ ਗਿਆ ਕਿ ਉਹ ਕਿਸ ਆਧਾਰ ਉਤੇ ਕਿਸਾਨਾਂ/ਮਜ਼ਦੂਰਾਂ ਤੋਂ ਵੋਟਾਂ ਮੰਗਣ ਆ ਰਹੇ ਹਨ ਜਦੋਂਕਿ ਉਨ੍ਹਾਂ ਸਮੇਤ ਭਾਜਪਾ ਦੀ ਕੇਂਦਰ ਸਰਕਾਰ ਦਾ ਵਤੀਰਾ ਇਨ੍ਹਾਂ ਤਬਕਿਆਂ ਪ੍ਰਤੀ ਦੁਸ਼ਮਣੀ ਵਾਲਾ ਹੈ।ਇਸ ਤੋਂ ਇਲਾਵਾ ਇਨ੍ਹਾਂ ਚੋਣਾਂ ਦੌਰਾਨ ਕਿਸਾਨਾਂ ਮਜ਼ਦੂਰਾਂ ਦੀਆਂ ਹੋਰ ਭਖਵੀਆਂ ਮੰਗਾਂ ਦੇ ਨਾਲ ਦੀ ਨਾਲ ਇਨ੍ਹਾਂ ਵਰਗਾਂ ਦੇ ਸਾਰੇ ਕਰਜ਼ੇ ਮਾਫ ਕਰਨ ਅਤੇ ਮਾਈਕਰੋ ਫਾਇਨਾਂਸ ਕੰਪਨੀਆਂ ਵੱਲੋਂ ਗਰੀਬ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਦਿੱਤੇ ਹੋਏ ਕਰਜ਼ੇ ਉਗਰਾਹੁਣ ਲਈ ਇਨ੍ਹਾਂ ਨਾਲ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਬੰਦ ਕਰਵਾਉਣ ਲਈ ਲਗਾਤਾਰ ਮੁਹਿਮ ਚਲਾਈ ਜਾਵੇਗੀ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਲਬੀਰ ਸਿੰਘ ਰੰਧਾਵਾ, ਹਰਜੀਤ ਸਿੰਘ ਠੇਠਰਕੇ, ਸਰਦੂਲ ਸਿੰਘ ਚਿਕਰੀ, ਪ੍ਰਿਤਪਾਲ ਸਿੰਘ, ਸੁੱਚਾ ਸਿੰਘ ਕਾਲਾਂਵਾਲੀ, ਮੇਜਰ ਸਿੰਘ ਠੇਠਰਕੇ, ਬਲਕਾਰ ਸਿੰਘ ਹਰਦੋ ਰਵਾਲ, ਸੁਰਜੀਤ ਸਿੰਘ ਤਲਵੰਡੀ ਹਿੰਦੂਆਂ, ਹਰਦਿਆਲ ਸਿੰਘ ਅੜਾਇਆ (ਰਮਦਾਸ), ਗੁਰਪ੍ਰੀਤ ਸਿੰਘ ਠੇਠਰਕੇ, ਸਵਰਨਦੀਪ ਸਿੰਘ ਖਾਸਾਂਵਾਲਾ, ਲਖਵਿੰਦਰ ਸਿੰਘ ਕਾਲਾਂਵਾਲੀ, ਕਰਤਾਰ ਸਿੰਘ ਡੇਰਾ ਬਾਬਾ ਨਾਨਕ, ਧਰਮਿੰਦਰ ਸਿੰਘ ਰਾਮਦਵਾਲੀ, ਅਨੋਖ ਸਿੰਘ ਰੱਤੜ-ਛੱਤੜ, ਪ੍ਰੀਤਮ ਸਿੰਘ ਮੰਗੀਆਂ, ਜਸਵੰਤ ਸਿੰਘ ਜੱਜ ਤਲਵੰਡੀ ਗੁਰਾਇਆ, ਹਰਦੇਵ ਸਿੰਘ ਕਾਲਾਂਵਾਲੀ, ਕਿਰਪਾਲ ਸਿੰਘ ਤਲਵੰਡੀ ਗੁਰਾਇਆ, ਹਰਜੀਤ ਸਿੰਘ ਧੰਨਾ, ਬਲਜਿੰਦਰ ਸਿੰਘ ਡੇਰਾ ਬਾਬਾ ਨਾਨਕ, ਗੁਰ ਪ੍ਰਤਾਪ ਸਿੰਘ ਠੇਠਰਕੇ, ਬੇਅੰਤ ਸਿੰਘ ਕਾਲਾਂਵਾਲੀ ਅਤੇ ਰਜਿੰਦਰ ਸਿੰਘ ਠੇਠਰਕੇ ਆਦਿ ਆਗੂ ਤੇ ਵਰਕਰ ਹਾਜ਼ਰ ਹੋਏ।

# ਵੋਟਰਾਂ ਨੂੰ ਜਾਗਰੂਕ ਕਰਨ ਲਈ ਹੁਣ ਵਾਲ ਪੇਂਟਿੰਗਜ਼ ਨਿਵੇਕਲੀ ਪਹਿਲਕਦਮੀ: ਡੀ ਸੀ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**—ਜ਼ਿਲ੍ਹੇ ਦੇ ਵੋਟਰਾਂ ਨੂੰ ਵੋਟਾਂ ਪ੍ਰਤੀ ਜਾਗਰੂਕ ਕਰਨ ਲਈ ਇੱਕ ਨਿਵੇਕਲੀ ਪਹਿਲ ਕਰਦੇ ਹੋਏ ਡਿਪਟੀ ਕਮਿਸ਼ਨਰ ਵੱਲੋਂ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਤੇ ਵੋਟਰ ਜਾਗਰੂਕਤਾ ਵਾਲ ਪੇਂਟਿੰਗ ਬਣਵਾਈਆਂ ਜਾ ਰਹੀਆਂ ਹਨ ਜਿਨ੍ਹਾਂ ਨੂੰ ਆਮ ਵੋਟਰਾਂ ਅਤੇ ਖ਼ਾਸ ਕਰਕੇ ਨੌਜਵਾਨਾਂ ਵਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਘਨਸ਼ਾਮ ਥੋਰੀ ਨੇ ਇਸ ਨਿਵੇਕਲੀ ਪਹਿਲ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਡੇ ਸਮਾਜ ਵਿੱਚ ਫ਼ਿਲਮੀ ਕਿਰਦਾਰਾਂ ਦਾ ਆਮ ਲੋਕਾਂ ਉਪਰ ਬਹੁਤ ਪ੍ਰਭਾਵ ਹੈ ਅਤੇ ਇਨ੍ਹਾਂ ਰਾਹੀਂ ਕਹੀ ਗਈ ਗੱਲ ਸਾਡੇ ਸਮਾਜ ਵਿੱਚ ਅਹਿਮ ਸਥਾਨ ਰੱਖਦੀ ਹੈ।ਇਸੇ ਗੱਲ ਦੇ ਮੱਦੇਨਜ਼ਰ ਹੀ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਤੇ ਕੁੱਝ ਅਜਿਹੀਆਂ ਵਾਲ ਪੇਂਟਿੰਗਾਂ ਬਣਵਾਇਆਂ ਜਾ ਰਹੀਆਂ ਹਨ ਜਿਸ ਵਿੱਚ ਫ਼ਿਲਮੀ ਕਿਰਦਾਰ ਬਹੁਤ ਹੀ ਸਰਲ ਤਰੀਕੇ ਨਾਲ ਲੋਕਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਵਾਲ ਪੇਂਟਿੰਗਾਂ ਵਿੱਚ ਪੋਲਿੰਗ ਤਰੀਕ 1 ਜੂਨ ਨੂੰ ਵਿਸ਼ੇਸ਼ ਸਥਾਨ ਦਿੱਤਾ ਜਾ ਰਿਹਾ ਹੈ, ਤਾਂ ਜੋ ਵੋਟਰ ਇਸ ਤਰੀਕ ਨੂੰ ਹਰ ਵੇਲੇ ਯਾਦ ਰੱਖਣ।ਉਨ੍ਹਾਂ ਦੱਸਿਆ ਕਿ ਇਹ ਪੇਂਟਿੰਗਾਂ ਬਣਾਉਣ ਲਈ ਸ਼ਹਿਰ ਵਿੱਚ ਉਸਾਰੇ ਗਏ ਫ਼ਲਾਈ ਓਵਰਾਂ ਤੇ ਥੱਲੇ ਉਪਲਬੱਧ ਜਗ੍ਹਾ ਨੂੰ ਉਪਯੋਗ ਵਿੱਚ ਲਿਆਂਦਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਹੁਣ ਤੱਕ ਸ਼ਹਿਰ ਦੀਆਂ ਪੰਜ ਥਾਵਾਂ ਤੇ ਕਚਿਹਰੀ ਚੌਂਕ, ਹੁਸੈਨਪੁਰਾ ਚੌਂਕ, ਬੱਸ ਸਟੈਂਡ ਸੰਗਮ ਸਿਨੇਮਾ ਦੇ ਸਾਹਮਣੇ, ਰਾਮ ਬਾਗ ਅਤੇ ਗੋਲਡਨ ਗੇਟ ਵਿਖੇ ਵਾਲ ਪੇਂਟਿੰਗ ਤਿਆਰ ਕਰਵਾਈਆਂ ਜਾ ਚੁੱਕੀਆਂ ਹਨ ਅਤੇ ਹੋਰ ਥਾਵਾਂ ਤੇ ਕੰਮ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਪੇਂਟਰਾਂ ਦੀ ਇੱਕ ਵਿਸ਼ੇਸ਼ ਟੀਮ ਨੂੰ ਬੁਲਾਇਆ ਗਿਆ ਹੈ, ਜੋ ਖ਼ਾਸ ਕਿਸਮ ਦੇ ਵਧੀਆ ਕੁਆਲਟੀ ਦੇ ਪੇਂਟ ਦੀ ਵਰਤੋਂ ਕਰਕੇ ਇਹ ਪੇਂਟਿੰਗਾਂ ਤਿਆਰ ਕਰ ਰਹੇ ਹਨ।ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਹੈ ਅਤੇ ਸਾਨੂੰ ਸਭ ਨੂੰ ਇਸ ਲੋਕਤੰਤਰ ਦਾ ਹਿੱਸਾ ਬਣਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਅਤੇ ਹੁਣ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਚੋਣਾਂ ਦੇ ਇਸ ਤਿਉਹਾਰ ਵਿੱਚ ਵੱਧ ਚੜ੍ਹ ਕੇ ਭਾਗ ਲਈਏ।ਉਨ੍ਹਾਂ ਕਿਹਾ ਕਿ ਇਨ੍ਹਾਂ ਵਾਲ ਪੇਂਟਿੰਗਾਂ ਨੂੰ ਕਿਸੇ ਵੱਲੋਂ ਵੀ ਨੁਕਸਾਨ ਨਾ ਪਹੁੰਚਾਇਆ ਜਾਵੇ, ਜੇ ਕੋਈ ਨੁਕਸਾਨ ਪਹੁੰਚਾਉਂਦਾ ਫ਼ੜਿਆ ਗਿਆ ਤਾਂ ਉਸ ਉਪਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਆਮ ਲੋਕਾਂ ਨੂੰ ਵੋਟਾਂ ਪ੍ਰਤੀ ਜਾਗਰੂਕ ਕਰਨ ਲਈ ਵਿਧਾਨ ਸਭਾ ਹਲਕਾ ਪੱਧਰ ਤੇ ਏ. ਸੀ. ਲੈਵਲ ਨੋਡਲ ਅਫ਼ਸਰ ਸਵੀਪ ਲਗਾਏ ਗਏ ਹਨ, ਜੋ ਲਗਾਤਾਰ ਆਪਣੇ ਹਲਕੇ ਵਿੱਚ ਹੋਣ ਵਾਲੀਆਂ ਸਵੀਪ ਗਤੀਵਿਧੀਆਂ ਨੂੰ ਮੁਨੀਟਰ ਕਰ ਰਹੇ ਹਨ।ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵਲੋਂ ਇਸ ਵਾਰ 'ਅਬ ਕੀ ਬਾਰ ਸੱਤਰ ਪਾਰ' ਦਾ ਨਾਅਰਾ ਦਿੱਤਾ ਗਿਆ ਹੈ। ਇਸ ਲਈ ਲੋਕਾਂ ਨੂੰ ਵੱਧ ਤੋਂ ਵੱਧ ਵੋਟਾਂ ਵਿੱਚ ਭਾਗ ਲੈਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਾਰੇ ਵੋਟਰ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੀ ਪੋਲਿੰਗ ਵਿੱਚ ਜ਼ਰੂਰ ਆਪਣੇ ਵੋਟ ਪਾਉਣ ਦੇ ਸੰਵਿਧਾਨਿਕ ਹੱਕ ਦੀ ਵਰਤੋਂ ਕਰਨ।

# ਭੁੱਲਰ ਵੱਲੋਂ ਬੋਲੇ ਜਾਤੀ-ਸੂਚਕ ਸ਼ਬਦਾਂ ਦਾ ਰਾਮਗੜ੍ਹੀਆ ਬਰਾਦਰੀ ਨੇ ਲਿਆ ਸਖਤ ਨੋਟਿਸ



ਝਬਾਲ (ਹਰਜਿੰਦਰ ਸਿੰਘ ਸੋਨੀ)– ਰਾਮਗੜ੍ਹੀਆ ਬਰਾਦਰੀ ਜ਼ਿਲ੍ਹਾ ਤਰਨ ਤਾਰਨ ਦੀ ਇੱਕ ਅਹਿਮ ਮੀਟਿੰਗ ਸਥਾਨਕ ਰਾਮਗੜ੍ਹੀਆ ਬੁੰਗਾ ਤਰਨ ਤਾਰਨ ਵਿੱਚ ਹੋਈ ਜਿਸ ਦੀ ਪ੍ਰਧਾਨਗੀ ਬੁੰਗੇ ਦੇ ਪ੍ਰਧਾਨ ਠੇਕੇਦਾਰ ਹਰਜੀਤ ਸਿੰਘ ਪਨੇਸਰ ਨੇ ਕੀਤੀ।ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਜਨਰਲ ਸਕੱਤਰ ਅਵਤਾਰ ਸਿੰਘ ਐਦਲ ਸਟ੍ਰਿੰਗ ਵਾਲੇ ਨੇ ਕਿਹਾ ਕਿ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਪਹਿਲੇ ਸਿੱਖ ਭਾਈ ਲਾਲੋ ਅਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨਾਲ ਸਬੰਧਿਤ ਰਾਮਗੜ੍ਹੀਆ ਬਰਾਦਰੀ ਨੂੰ ਗੁੱਲੀਘੜ ਕਹਿ ਕੇ ਸਾਡੇ ਸਮਾਜ ਦਾ ਨਿਰਾਦਰ ਕੀਤਾ ਹੈ ਜਿਸ ਕਾਰਨ ਤਰਨ ਤਾਰਨ ਰਾਮਗੜ੍ਹੀਆ ਭਾਈਚਾਰੇ ਨੇ ਫੈਸਲਾ ਕੀਤਾ ਹੈ ਕਿ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੋਟ ਨਾ ਪਾਈ ਜਾਵੇ।ਇਸ ਮੌਕੇ ਰਾਮਗੜ੍ਹੀਆ ਸਿੰਘ ਸਭਾ ਦੇ ਐਕਟਿੰਗ ਪ੍ਰਧਾਨ ਕਾਮਰੇਡ ਹੀਰਾ ਸਿੰਘ ਕੰਡਿਆਂ ਵਾਲੇ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੱਥੀਂ ਕਿਰਤ ਕਰਨ ਦਾ ਉਪਦੇਸ਼ ਦਿੱਤਾ ਸੀ ਪਰ ਕੈਬਨਿਟ ਮੰਤਰੀ ਨੇ ਰਾਮਗੜ੍ਹੀਆ ਸਮਾਜ ਸਬੰਧੀ ਗ਼ਲਤ ਬੋਲ ਕੇ ਕਿਰਤੀ ਸਮਾਜ ਦਾ ਨਿਰਾਦਰ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਮਹਾਰਾਜਾ ਜੱਸਾ ਸਿੰਘ ਪਾਰਕ ਅੰਮ੍ਰਿਤਸਰ ਵਿਖੇ 17 ਅਪ੍ਰੈਲ 2024 ਨੂੰ ਇੱਕ ਸਭਾ ਹੋਵੇਗੀ ਅਤੇ ਉਥੋਂ ਇਹ ਇੱਕਠ ਤਰਨ ਤਾਰਨ ਬੁੰਗਾ ਵਿਖੇ ਪੁੱਜਗੇ।ਇਸ ਮੌਕੇ ਨਰਿੰਦਰ ਸਿੰਘ ਪੱਪੂ ਕਲਸੀ, ਹਰਜਿੰਦਰ ਸਿੰਘ ਜੇ ਬੀ, ਕੁਲਵਿੰਦਰ ਸਿੰਘ ਕਲਸੀ, ਅੰਮ੍ਰਿਤਪਾਲ ਸਿੰਘ ਮੋਟਰਸਾਈਕਲਾ ਵਾਲੇ, ਨਵਜੋਤ ਸਿੰਘ ਕਲਸੀ, ਰਣਜੀਤ ਸਿੰਘ ਬੱਬੀ, ਜਸਬੀਰ ਸਿੰਘ ਭੱਟੀ, ਕੁਲਵੰਤ ਸਿੰਘ ਮਾਲੂਵਾਲ, ਸਰਬਜੀਤ ਸਿੰਘ ਪਨੇਸਰ, ਗੁਰਦੇਵ ਸਿੰਘ ਨਾਗੀ ਆਦਿ ਮੌਜੂਦ ਸਨ।

# ਬੌਧਿਕ ਅਸਮਰੱਥਾ ਵਾਲੀਆਂ ਬੱਚੀਆਂ ਨੇ ਸੰਸਥਾ ਦਾ ਨਾਂਅ ਰੁਸ਼ਨਾਇਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)– ਸੰਸਥਾ ਸਹਿਯੋਗ ਹਾਫ ਵੇਅ ਹੋਮ ਅੰਮ੍ਰਿਤਸਰ ਜੋ ਕਿ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਚੱਲ ਰਹੀ ਹੈ, ਦੀਆਂ ਬੱਚੀਆਂ ਦੇ ਸੱਭਿਆਚਾਰਕ ਮੁਕਾਬਲੇ ਕਰਵਾਏ ਗਏ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਘਨਸ਼ਾਮ ਥੋਰੀ ਨੇ ਦੱਸਿਆ ਕਿ ਬੌਧਿਕ ਤੌਰ 'ਤੇ ਅਪਾਹਜ ਬੱਚੀਆਂ ਲਈ ਉੱਤਰੀ ਜ਼ੋਨ ਸੱਭਿਆਚਰਕ ਮੁਕਾਬਲਾ (ਉਮੰਗ-2024) ਜੋ ਕਿ ਜੈਮਸ ਕੈਂਬਰਜ ਇੰਟਰਨੈਸ਼ਨਲ ਸਕੂਲ ਹੁਸ਼ਿਆਰਪੁਰ ਵਿਖੇ ਕਰਵਾਇਆ ਗਿਆ ਸੀ, 'ਚ ਇਨ੍ਹਾਂ ਬੱਚੀਆਂ ਵੱਲੋਂ ਰਨਰ ਅਪ ਟਰਾਫੀ ਜਿੱਤਣ 'ਤੇ ਮੁਬਾਰਕਬਾਦ ਦਿੱਤੀ ਅਤੇ ਭਵਿੱਖ ਵਿਚ ਹੋਰ ਉਪਲਬਧੀਆ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਬੱਚੀਆਂ ਵੱਲੋਂ ਗਰੁੱਪ ਡਾਂਸ, ਗਰੁੱਪ ਫੈਸ਼ਨ ਸ਼ੋਅ, ਕੋਰੀਓਗ੍ਰਾਫੀ ਵਿੱਚ ਆਪਣਾ ਪ੍ਰਦਰਸ਼ਨ ਕੀਤਾ ਗਿਆ ਸੀ ਜਿਸ ਵਿੱਚ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕਰਕੇ ਸੈਕਿੰਡ ਰਨਰ ਅਪ ਟਰਾਫੀ ਹਾਸਲ ਕੀਤੀ ਹੈ। ਦੱਸਣਯੋਗ ਹੈ ਕਿ ਜ਼ਿਲਾ ਸਮਾਜਿਕ ਸੁਰੱਖਿਆ ਅਫਸਰ ਮੀਨਾ ਕੁਮਾਰੀ ਅਤੇ ਸੁਪਰਡੈਂਟ ਹੋਮ ਮਿਸ ਸਵਿਤਾ ਰਾਣੀ ਦੁਆਰਾ ਅਕਸਰ ਹੀ ਇਨ੍ਹਾਂ ਬੱਚੀਆਂ ਨੂੰ ਕੰਪੀਟੀਸ਼ਨਜ਼ ਵਿੱਚ ਭੇਜਿਆ ਜਾਂਦਾ ਹੈ। ਇਸ ਤੋਂ ਪਹਿਲਾਂ 2023 ਵਿੱਚ ਭਾਗ ਲਿਆ ਗਿਆ ਸੀ ਜਿਸ ਵਿੱਚ ਸਟੇਟ ਲੈਵਲ 'ਤੇ ਗਰੁੱਪ ਡਾਂਸ (ਭੰਗੜਾ) ਵਿਚੋਂ ਤੀਜਾ ਸਥਾਨ ਪ੍ਰਾਪਤ ਕੀਤਾ ਗਿਆ ਸੀ।

# ਕਿਰਤੀ ਕਿਸਾਨ ਯੂਨੀਅਨ ਵੱਲੋਂ ਨਹਿਰੀ ਵਿਭਾਗ ਦੇ ਦਫਤਰ ਅੱਗੇ ਧਰਨਾ



ਗੁਰਦਾਸਪੁਰ (ਜਨਕ ਮਹਾਜਨ)-ਕਿਰਤੀ ਕਿਸਾਨ ਯੂਨੀਅਨ ਵਲੋਂ ਨਾਲ਼ਾ ਨੋਮਣੀ ਦੀ ਸਫਾਈ ਦੀ ਮੰਗ ਨੂੰ ਲੈ ਕੇ ਕਾਰਜਕਾਰੀ ਇੰਜੀਨੀਅਰ ਨਹਿਰੀ ਵਿਭਾਗ ਗੁਰਦਾਸਪੁਰ ਦੇ ਦਫਤਰ ਮੂਹਰੇ ਧਰਨਾ ਲਗਾਇਆ ਗਿਆ ਜਿਸ ਵਿੱਚ ਕਾਰਜਕਾਰੀ ਇੰਜੀਨੀਅਰ ਵੱਲੋਂ ਮਸ਼ੀਨਾਂ ਲਿਆ ਕੇ ਸਫਾਈ ਦਾ ਕੰਮ ਸ਼ੁਰੂ ਕਰਨ ਲਈ 25 ਅਪ੍ਰੈਲ ਤੱਕ ਦਾ ਸਮਾਂ ਮੰਗਿਆ ਗਿਆ। ਇਸ ਤੋਂ ਇਲਾਵਾ ਜੱਥੇਬੰਦੀ ਵੱਲੋਂ ਪ੍ਰਿੰਸੀਪਲ ਸਕੱਤਰ ਕ੍ਰਿਸ਼ਨ ਕੁਮਾਰ ਜਲ ਸਰੋਤ ਅਤੇ ਸਿੰਚਾਈ ਵਿਭਾਗ ਨੂੰ ਲਿਖਤੀ ਪੱਤਰ ਵੀ ਭੇਜਿਆ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਸਤਿਬੀਰ ਸਿੰਘ ਸੁਲਤਾਨੀ ਨੇ ਕਿਹਾ ਕਿ ਪਿੰਡ ਬਾਹਮਣੀ ਨੇੜਿਓਂ ਵਗਦੇ ਨਾਲੇ ਨੋਮਣੀ ਜੋ ਹੈੱਡਵਰਕਸ ਗਾਹਲੜੀ ਤੱਕ ਜਾਂਦਾ ਹੈ ਦੀ ਕਦੀ ਵੀ ਸਫਾਈ ਨਹੀਂ ਕੀਤੀ ਗਈ ਹੈ ਜਿਸ ਕਾਰਨ ਬਰਸਾਤ ਦੇ ਦਿਨ੍ਹਾਂ ਵਿੱਚ ਨਾਲ਼ਾ ਨੋਮਣੀ ਓਵਰਫਲੋ ਹੋ ਜਾਣ ਨਾਲ ਕਿਸਾਨਾਂ ਦੀ ਫਸਲ ਦਾ ਨੁਕਸਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਸਫਾਈ ਨਾ ਹੋਣ ਕਰਕੇ ਨਾਲ਼ਾ ਨੋਮਣੀ ਆਪਣੀ ਕੁਦਰਤੀ ਵਹਾਅ ਦੀ ਜਗ੍ਹਾ ਛੱਡ ਕੇ ਕਿਸਾਨਾਂ ਦੀ ਮਾਲਕੀ ਵਾਲੀ ਜ਼ਮੀਨ ਵਿੱਚ ਵਗ ਰਿਹਾ ਹੈ ਜਿਸ ਸੰਬੰਧੀ ਉਹ ਨਹਿਰੀ ਵਿਭਾਗ ਨੂੰ ਕਈ ਵਾਰੀ ਅਪੀਲ ਕਰ ਚੁੱਕੇ ਹਨ। ਕੁਝ ਸਮਾਂ ਪਹਿਲਾਂ ਸੰਘਰਸ਼ ਦਾ ਐਲਾਨ ਹੋਣ ਪਿੱਛੋਂ ਮਹਿਕਮੇ ਵੱਲੋਂ ਨਾਲ਼ਾ ਨੋਮਣੀ ਦੀ ਸਫਾਈ ਕਰਵਾਉਣ ਲਈ ਮਸ਼ੀਨਾਂ ਮੰਗਵਾਈਆਂ ਗਈਆਂ ਸਨ ਅਤੇ ਸਫਾਈ ਦਾ ਕੰਮ ਸ਼ੁਰੂ ਵੀ ਕਰਵਾ ਦਿੱਤਾ ਸੀ। ਬੀਤੇ ਹਫਤੇ ਪਿੰਡ ਸੁਲਤਾਨੀ ਦੇ ਕੁਝ ਰਸੂਖਵਾਨ ਵਿਅਕਤੀਆਂ ਵੱਲੋਂ ਰਾਜਨੀਤਿਕ ਸ਼ਹਿ ਉੱਪਰ ਨਾਲ਼ਾ ਨੋਮਣੀ ਦੀ ਸਫਾਈ ਦਾ ਕੰਮ ਰੁਕਵਾ ਦਿੱਤਾ ਸੀ। ਜ਼ਿਕਰਯੋਗ ਹੈ ਕਿ ਇਹ ਰਸੂਖਵਾਨ ਵਿਅਕਤੀਆਂ ਵਲੋਂ ਨਹਿਰੀ ਵਿਭਾਗ ਦੀ ਜ਼ਮੀਨ ਉੱਪਰ ਗੈਰ-ਕਾਨੂੰਨੀ ਤੌਰ ਉੱਪਰ ਮਹਿਕਮੇ ਦੀ ਮਿਲੀ ਭੁਗਤ ਨਾਲ ਕਬਜ਼ਾ ਕੀਤਾ ਹੋਇਆ ਹੈ, ਜਦੋਂ ਕਿ 9 ਨਵੰਬਰ 2023 ਨੂੰ ਨਹਿਰੀ ਵਿਭਾਗ ਵੱਲੋਂ ਗੈਰ-ਕਾਨੂੰਨੀ ਕਬਜ਼ਾਕਾਰਾਂ ਨੂੰ ਨੋਟਿਸ ਦੇ ਕੇ ਨਹਿਰੀ ਵਿਭਾਗ ਦੀ ਜ਼ਮੀਨ ਤੋਂ ਕਬਜ਼ਾ ਛੱਡਣ ਲਈ ਵੀ ਕਿਹਾ ਗਿਆ ਸੀ ਜਿਸ ਤੋਂ ਬਾਅਦ ਕੁਝ ਸਮੇਂ ਤੱਕ ਕੋਈ ਬਿਜਾਈ ਨਹੀਂ ਹੋਈ, ਪ੍ਰੰਤੂ ਥੋੜ੍ਹੇ ਸਮੇਂ ਬਾਅਦ ਹੀ ਉਕਤ ਵਿਅਕਤੀਆਂ ਵੱਲੋਂ ਨਹਿਰੀ ਵਿਭਾਗ ਨਾਲ ਮਿਲੀਭੁਗਤ ਕਰਕੇ ਕਣਕ ਦੀ ਬਿਜਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਉਹਨਾਂ ਇੱਕ ਲਿਖਤੀ ਪੱਤਰ ਪ੍ਰਿੰਸੀਪਲ ਸਕੱਤਰ ਕ੍ਰਿਸ਼ਨ ਕੁਮਾਰ ਜਲ ਸਰੋਤ ਅਤੇ ਸਿੰਚਾਈ ਵਿਭਾਗ ਨੂੰ ਭੇਜਿਆ ਗਿਆ ਹੈ ਜਿਸ ਵਿੱਚ ਮੰਗ ਕੀਤੀ ਗਈ ਹੈ ਕਿ ਨਹਿਰੀ ਵਿਭਾਗ ਦੀ ਜ਼ਮੀਨ ਵਿੱਚ ਨਾਲਾ ਨੋਮਣੀ ਦੀ ਸਫਾਈ ਕੀਤੀ ਜਾਵੇ ਅਤੇ ਨਾਲ਼ਾ ਨੋਮਣੀ ਦਾ ਵਹਾਅ ਨਹਿਰੀ ਵਿਭਾਗ ਦੀ ਜ਼ਮੀਨ ਵਿੱਚ ਕੀਤਾ ਜਾਵੇ। ਆਗੂਆਂ ਨੇ ਐਲਾਨ ਕਰਦਿਆਂ ਕਿਹਾ ਕਿ ਜੇਕਰ ਮਹਿਕਮੇ ਵੱਲੋਂ 25 ਅਪ੍ਰੈਲ ਤੱਕ ਨਾਲ਼ਾ ਨੋਮਣੀ ਦੀ ਸਫਾਈ ਦਾ ਕੰਮ ਨਾ ਸ਼ੁਰੂ ਕਰਵਾਇਆ ਤਾਂ ਇਸ ਖਿਲਾਫ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਪੰਚ ਹਰਦੀਪ ਸਿੰਘ ਸੁਲਤਾਨੀ, ਹਰਵਿੰਦਰ ਸਿੰਘ ਬਿੱਲੂ, ਸੁੱਚਾ ਸਿੰਘ, ਮਾਸਟਰ ਤਰਸੇਮ ਸਿੰਘ, ਰਾਮ ਸਿੰਘ, ਕੁਲਦੀਪ ਸਿੰਘ, ਦਲੀਪ ਸਿੰਘ ਆਦਿ ਹਾਜ਼ਰ ਹੋਏ।

# ਵੋਟਰਾਂ ਦਾ ਉਤਸ਼ਾਹ ਵਧਾਉਣ ਲਈ ਅਟਾਰੀ ਹਲਕੇ 'ਚ ਸਾਈਕਲ ਰੈਲੀ ਕੱਢੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**– ਡਿਪਟੀ ਕਮਿਸ਼ਨਰ-ਕਮ-ਜਿਲਾ ਚੋਣ ਅਫ਼ਸਰ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਿਕਾਸ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਅਗਾਮੀ ਲੋਕ ਸਭਾ ਚੋਣਾਂ-2024 ਵਿੱਚ ਆਮ ਲੋਕਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਲਈ ਅਟਾਰੀ ਵਿਧਾਨ ਸਭਾ ਹਲਕੇ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜੇਠੂਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੁਰਾਦਪੁਰਾ ਸਮੇਤ ਕਈ ਸਕੂਲਾਂ ਵਿੱਚ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਇਹ ਸਾਈਕਲ ਰੈਲੀ ਅਲੱਗ-ਅਲੱਗ ਪਿੰਡਾ ਅਤੇ ਕਸਬਿਆਂ ਵਿੱਚੋਂ ਗੁਜ਼ਰਦੀ ਹੋਈ ਆਮ ਵੋਟਰਾਂ ਨੂੰ 1 ਜੂਨ ਨੂੰ ਆਪਣੇ ਵੋਟ ਦੇ ਲੋਕਤਾਂਤਰਿਕ ਹੱਕ ਦੀ ਵਰਤੋਂ ਕਰਨ ਦਾ ਸੰਦੇਸ਼ ਦੇ ਰਹੀ ਸੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਹਾਇਕ ਰਿਟਰਨਿੰਗ ਅਫ਼ਸਰ-ਕਮ-ਐੱਸਡੀਐੱਮ.-2 ਲਾਲ ਵਿਸਵਾਸ ਬੈਂਸ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵਲੋਂ ਵੋਟਰਾਂ ਨੂੰ ਜਾਗਰੂਕ ਕਰਨ ਲਈ ਲਗਾਤਾਰ ਸਵੀਪ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਅਜਿਹੀਆਂ ਗਤੀਵਿਧੀਆਂ ਭੱਵਿਖ ਵਿੱਚ ਵੀ ਜਾਰੀ ਰਹਿਣਗੀਆਂ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵਲੋਂ ਇਸ ਵਾਰ 'ਅਬ ਕੀ ਬਾਰ ਸੱਤਰ ਪਾਰ' ਦਾ ਨਾਅਰਾ ਦਿੱਤਾ ਗਿਆ ਹੈ, ਇਸ ਲਈ ਲੋਕਾਂ ਨੂੰ ਵੱਧ-ਚੜ੍ਹ ਕੇ ਵੋਟਾਂ ਵਿੱਚ ਭਾਗ ਲੈਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਜਿਲਾ ਪ੍ਰਸ਼ਾਸਨ ਵਲੋਂ ਵੋਟਰਾਂ ਦੀ ਸਹੂਲਤ ਲਈ ਸਾਰੇ ਲੋੜੀਂਦੇ ਪ੍ਰਬੰਧ ਪੂਰੇ ਕੀਤੇ ਜਾ ਰਹੇ ਹਨ। ਇਸ ਮੌਕੇ ਚੋਣ ਕਾਨੂੰਗੋ ਹਰਜੀਤ ਕੌਰ, ਵਿਧਾਨ ਸਭਾ ਹਲਕਾ ਅਟਾਰੀ ਦੇ ਸਵੀਪ ਨੋਡਲ ਅਫ਼ਸਰ ਕਰਮਜੀਤ ਸਿੰਘ, ਪ੍ਰਿੰ. ਅਮਰੀਕ ਸਿੰਘ, ਪ੍ਰਿੰ. ਅਵਤਾਰ ਸਿੰਘ. ਪ੍ਰਿੰ. ਮੋਨਿਕਾ ਮੈਣੀ ਅਤੇ ਰਵਿੰਦਰ ਸਿੰਘ ਵੀ ਹਾਜ਼ਰ ਸਨ।

# ਮੋਬਾਇਲ ਚੋਰੀ ਕਰਨ ਦੇ ਮਾਮਲੇ 'ਚ ਦੋ ਵਿਅਕਤੀ ਕਾਬੂ



ਗੁਰਦਾਸਪੁਰ (ਜਨਕ ਮਹਾਜਨ)– ਗੁਰਦਾਸਪੁਰ ਪੁਲਸ ਨੇ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਇਸ ਸਬੰਧੀ ਪ੍ਰੈਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦੇ ਹੋਏ ਐਸ.ਪੀ. ਬਲਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਨੇ ਪਿਛਲੇ ਦਿਨੀਂ ਗੁਰਦਾਸਪੁਰ ਵਿਚ ਇਕ ਮੋਬਾਈਲਾਂ ਦੇ ਸ਼ੋਅਰੂਮ ਦੀ ਕੰਧ ਪਾੜ ਕੇ ਮੋਬਾਈਲ ਚੋਰੀ ਕਰਨ ਵਾਲੇ ਤਿੰਨ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਦੀ ਪਹਿਚਾਣ ਅਮਨਦੀਪ ਉਰਫ ਅਮਨ ਪੁੱਤਰ ਪ੍ਰਕਾਸ਼ ਚੰਦ ਵਾਸੀ ਦੀਨਾਨਗਰ, ਕਮਲ ਕੁਮਾਰ ਉਰਫ ਸੋਨੂ ਪੁੱਤਰ ਰਮੇਸ਼ ਕੁਮਾਰ ਵਾਸੀ ਕਾਨਵਾਂ ਅਤੇ ਮਨਜੀਤ ਸਿੰਘ ਪੁੱਤਰ ਪ੍ਰਕਾਸ਼ ਚੰਦ ਵਾਸੀ ਦੀਨਾਨਗਰ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਸ਼ੀਆਂ ਪਾਸੋਂ ਚੋਰੀ ਕੀਤੇ ਮੋਬਾਈਲ ਬਰਾਮਦ ਕੀਤੇ ਗਏ ਹਨ। ਇਸੇ ਤਰ੍ਹਾਂ ਧਾਰੀਵਾਲ ਪੁਲਸ ਨੇ ਵੀ ਦੋ ਦੋਸ਼ੀਆਂ ਨੂੰ ਮੋਬਾਇਲ ਚੋਰੀ ਦੀਆਂ ਵਾਰਦਾਤਾਂ ਵਿੱਚ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਦੀ ਪਹਿਚਾਣ ਕਰਨ ਉਰਫ ਮੋਟਾ ਪੁੱਤਰ ਰਾਜਕੁਮਾਰ ਅਤੇ ਇਮੈਨੂੰਅਲ ਮਸੀਹ ਉਰਫ ਮੋਨੂ ਪੁੱਤਰ ਬਿੱਟੂ ਮਸੀਹ ਵਾਸੀ ਪਿੰਡ ਬਰਿਆਰ ਵਜੋਂ ਹੋਈ ਹੈ। ਇਨ੍ਹਾਂ ਦੋਸ਼ੀਆਂ ਖ਼ਿਲਾਫ਼ ਪੁਲਿਸ ਨੇ ਜ਼ੇਰੇ ਧਾਰਾ 379 ਅਤੇ 411 ਤਹਿਤ ਮਾਮਲਾ ਦਰਜ ਕੀਤਾ ਹੈ।

# ਵੋਟਰ ਜਾਗਰੂਕਤਾ ਹੈਰੀਟੇਜ ਸਟਰੀਟ 'ਚ ਖੇਡਿਆ ਨੁੱਕੜ ਨਾਟਕ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਡਿਪਟੀ ਕਮਿਸ਼ਨਰ-ਕਮ-ਜਿਲਾ ਚੋਣ ਅਫ਼ਸਰ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਅਤੇ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਿਕਾਸ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤੇ ਅਗਾਮੀ ਲੋਕ ਸਭਾ ਚੋਣਾਂ-2024 ਵਿੱਚ ਆਮ ਲੋਕਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰਨ ਲਈ ਐੱਨਜੀਓ ਸ਼ਹੀਦ ਭਗਤ ਸਿੰਘ ਵਿਰਾਸਤ ਮੰਚ ਰੰਗਮੰਚ ਗਰੁੱਪ ਵਲੋਂ ਇੱਕ ਵੋਟਰ ਜਾਗਰੂਕਤਾ ਨੁੱਕੜ ਨਾਟਕ ਦਾ ਆਯੋਜਨ ਹੈਰੀਟੇਜ ਸਟਰੀਟ ਵਿਖੇ ਕੀਤਾ ਗਿਆ।

ਰੰਗਕਰਮੀ ਦਲਜੀਤ ਸੋਨਾ ਦੁਆਰਾ ਨਿਰਦੇਸ਼ਿਤ ਇਸ ਨਾਟਕ ਦਾ ਮੁੱਖ ਟੀਚਾ ਆਮ ਲੋਕਾਂ ਨੂੰ ਵੋਟ ਦੇ ਹੱਕ ਦੀ ਵਰਤੋਂ ਬਿਨਾਂ ਕਿਸੇ ਡਰ, ਭੈਅ ਅਤੇ ਲਾਲਚ ਤੋਂ ਕਰਨ ਲਈ ਪ੍ਰੇਰਿਤ ਕਰਨਾ ਸੀ। ਨਾਟਕ ਵਿੱਚ ਕੰਮ ਕਰਦੇ ਅਦਾਕਾਰਾਂ ਨੇ ਆਪਣੀ ਬੇਹਤਰੀਨ ਅਦਾਕਾਰੀ ਨਾਲ ਮੌਕੇ ਤੇ ਮੌਜੂਦ ਆਮ ਲੋਕਾਂ ਨੂੰ ਬਹੁਤ ਪ੍ਰਭਾਵਿਤ ਕੀਤਾ। ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਰੰਗਕਰਮੀ ਦਲਜੀਤ ਸੋਨਾ ਨੇ ਕਿਹਾ ਕਿ ਕਿਸੇ ਵੀ ਗੰਭੀਰ ਮੁੱਦੇ ਤੇ ਆਮ ਲੋਕਾਂ ਤੱਕ ਗੱਲ ਪਹੁੰਚਾਉਣ ਦਾ ਰੰਗਮੰਚ ਅੱਜ ਵੀ ਸਭ ਤੋਂ ਵਧੀਆ ਅਤੇ ਆਸਾਨ ਸਾਧਨ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਸਭ ਨੂੰ ਅਗਾਮੀ ਚੋਣਾਂ ਵਿੱਚ ਇੱਕ ਇਮਾਨਦਾਰ ਅਤੇ ਮਿਹਨਤੀ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਜੋ ਸਮਾਜ ਲਈ ਚੰਗੇ ਕੰਮ ਕਰ ਸਕੇ। ਜ਼ਿਕਰਯੋਗ ਹੈ ਕਿ ਜ਼ਿਲਾ ਪ੍ਰਸ਼ਾਸਨ ਵਲੋਂ ਸਮਾਜ ਦੇ ਹਰ ਵਰਗ ਨੂੰ ਚੋਣ ਪ੍ਰਕਿਰਿਆ ਦਾ ਹਿੱਸਾ ਬਣਾਉਣ ਲਈ ਲਗਾਤਾਰ ਸਵੀਪ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਇਸੇ ਲੜੀ ਵਜੋਂ ਐੱਨਜੀਓ ਦੀ ਸਹਾਇਤਾ ਨਾਲ ਵਿਸ਼ੇਸ਼ ਨੁੱਕੜ ਨਾਟਕ ਖੇਡੇ ਜਾ ਰਹੇ ਹਨ।

# ਕਾਮਰੇਡ ਸੁਰਜੀਤ ਸਿੰਘ ਘੁਮਾਣ ਨੂੰ ਸਦਮਾ, ਪਤਨੀ ਦਾ ਦਿਹਾਂਤ



ਬਟਾਲਾ (ਤਰਲੋਕ ਬੱਗਾ)– ਬੀਤੇ ਦਿਨੀਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਤਹਿਸੀਲ ਬਟਾਲਾ ਦੇ ਪ੍ਰਧਾਨ ਅਤੇ ਜ਼ਿਲ੍ਹਾ ਕਮੇਟੀ ਮੈਂਬਰ ਕਾਮਰੇਡ ਸੁਰਜੀਤ ਸਿੰਘ ਘੁਮਾਣ ਦੀ ਧਰਮਪਤਨੀ ਬੀਬੀ ਇਕਬਾਲ ਕੌਰ (65) ਦੀ ਹੋਈ ਬੇਵਕਤੀ ਮੌਤ 'ਤੇ ਆਰਐੱਮਪੀਆਈ ਤੇ ਜਨਤਕ ਜਥੇਬੰਦੀਆਂ ਦੇ ਵੱਖ-ਵੱਖ ਆਗੂਆਂ ਨੇ ਡੂੰਘੇ ਦੱਖ ਦਾ ਪ੍ਰਗਟਾਵਾ ਕੀਤਾ।

ਇਸ ਮੌਕੇ ਆਰਐੱਮਪੀਆਈ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਘਬੀਰ ਸਿੰਘ ਪਕੀਵਾਂ, ਸੂਬਾ ਕਮੇਟੀ ਮੈਂਬਰਾਂ ਸਾਥੀ ਮੱਖਣ ਸਿੰਘ ਕੁਹਾੜ, ਸ਼ਮਸ਼ੇਰ ਸਿੰਘ ਨਵਾਂ ਪਿੰਡ, ਤਹਿਸੀਲ ਸਕੱਤਰ ਸਾਥੀ ਸੰਤੋਖ ਸਿੰਘ ਔਲਖ ਨੇ ਕਿਹਾ ਕਿ ਭੈਣ ਇਕਬਾਲ ਕੌਰ ਦੇ ਸਦੀਵੀ ਵਿਛੋੜੇ ਨਾਲ ਜਿੱਥੇ ਪਰਿਵਾਰ ਨੂੰ ਘਾਟਾ ਪਿਆ ਹੈ ਉੱਥੇ ਕਮਿਊਨਿਸਟ ਲਹਿਰ ਨੂੰ ਕਦੇ ਵੀ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ। ਭੈਣ ਇਕਬਾਲ ਕੌਰ ਨੇ ਹਮੇਸ਼ਾ ਆਪਣੇ ਜੀਵਨ ਸਾਥੀ ਸੁਰਜੀਤ ਸਿੰਘ ਘੁਮਾਣ ਨਾਲ ਮੋਢੇ ਨਾਲ ਮੋਢਾ ਜੋੜ ਕੇ ਕਿਸਾਨਾਂ-ਮਜ਼ਦੂਰਾਂ ਦੀ ਲਹਿਰ ਦੀ ਸੇਵਾ ਕੀਤੀ ਹੈ।

ਇਸ ਮੌਕੇ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜ਼ਿਲ੍ਹਾ ਆਗੂ ਅਜੀਤ ਸਿੰਘ ਹੁੰਦਲ, ਖੁਸ਼ਵੰਤ ਸਿੰਘ ਮਾੜੀ ਬੁੱਚੀਆਂ, ਬਿਸ਼ੰਬਰ ਸਿੰਘ ਚੀਮਾ ਖੁੱਡੀ, ਚੈਂਚਲ ਸਿੰਘ, ਸੁਰਜੀਤ ਸਿੰਘ ਕਾਦੀਆਂ, ਗੁਲਜ਼ਾਰ ਸਿੰਘ ਔਲਖ, ਨਰਿੰਦਰ ਕੁਮਾਰ ਸਰਪੰਚ ਘੁਮਾਣ, ਕੁਲਵੰਤਬੀਰ ਸਾਬਕਾ ਸਰਪੰਚ ਵਾੜੇ, ਪਿਆਰਾ ਸਿੰਘ ਟਾਂਡਾ, ਦਿਹਾਤੀ ਮਜ਼ਦੂਰ ਸਭਾ ਦੇ ਆਗੂ ਹਰਜਿੰਦਰ ਸਿੰਘ ਘੁਮਾਣ, ਪ੍ਰਿੰ. ਗੁਰਬਖਸ਼ ਸਿੰਘ, ਦਿਲਬਾਗ ਸਿੰਘ, ਜਥੇਦਾਰ ਮਹਿੰਦਰ ਸਿੰਘ ਦਕੋਹਾ, ਅਜੈਬ ਸਿੰਘ ਪੰਡੋਰੀ, ਡਾਕਟਰ ਜੱਜ, ਬਾਬਾ ਨਾਮਦੇਵ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸੁਖਜਿੰਦਰ ਸਿੰਘ ਆਦਿ ਨੇ ਵੀ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਅੰਤਿਮ ਅਰਦਾਸ 21 ਅਪ੍ਰੈਲ ਦਿਨ ਐਤਵਾਰ ਨੂੰ ਉਨ੍ਹਾਂ ਦੇ ਗ੍ਰਹਿ ਪਿੰਡ ਘੁਮਾਣ ਵਿਖੇ ਹੋਵੇਗੀ।

# ਮੰਗਾਂ ਨੂੰ ਲੈ ਕੇ ਸੈਂਕੜੇ ਕਿਸਾਨਾਂ ਤੇ ਮਜ਼ਦੂਰਾਂ ਬਿਜਲੀ ਦਫਤਰ ਘੇਰਿਆ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)—ਬਿਜਲੀ ਦਾ ਢਾਂਚਾ ਦੁਰੱਸਤ ਕਰਵਾਉਣ, ਸੜੇ ਟਰਾਂਸਫਾਰਮਰਾਂ ਨੂੰ 48 ਘੰਟੇ 'ਚ ਬਦਲਾਉਣ, ਓਵਰਲੋਡ ਟਰਾਂਸਫਾਰਮਰ ਨੂੰ ਡੀਲੋਡ ਕਰਵਾਉਣ ਅਤੇ ਚਿੱਪ ਵਾਲੇ ਮੀਟਰ ਲਗਾਉਣ ਦੀ ਲੋਕ ਵਿਰੋਧੀ ਸਕੀਮ ਨੂੰ ਵਾਪਿਸ ਕਰਵਾਉਣ ਲਈ ਸੈਂਕੜੇ ਕਿਸਾਨਾਂ-ਮਜ਼ਦੂਰਾਂ ਨੇ ਜਮੂਹਰੀ ਕਿਸਾਨ ਸਭਾ ਦੀ ਅਗਵਾਈ ਵਿੱਚ ਉਪਮੰਡਲ ਅਫਸਰ ਬਿਜਲੀ ਕਾਮ ਜਸਤਰਵਾਲ ਦੇ ਦਫ਼ਤਰ ਸਾਹਮਣੇ ਰੋਹ ਭਰਿਆ ਧਰਨਾ ਦਿੱਤਾ! ਧਰਨੇ ਨੂੰ ਸੰਬੋਧਨ ਕਰਦਿਆਂ ਡਾ. ਸਤਨਾਮ ਸਿੰਘ ਅਜਨਾਲਾ ਆਗੂ ਸੰਯੁਕਤ ਕਿਸਾਨ ਮੋਰਚਾ ਤੇ ਜਮੂਹਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਨੇ ਕਿਹਾ ਕਿ ਗਰੀਬਾਂ ਤੋਂ ਬਿਜਲੀ ਖੋਹਣ ਵਾਲਾ ਬਿਜਲੀ ਬਿੱਲ 2020 ਰੱਦ ਕੀਤਾ ਜਾਵੇ ਤੇ ਬਿਜਲੀ ਦੇ ਚਿੱਪ ਵਾਲੇ ਮੀਟਰ ਲਗਾਉਣੇ ਬੰਦ ਕੀਤਾ ਜਾਣ। ਉਨ੍ਹਾਂ ਅੱਗੇ ਕਿਹਾ ਕਿ ਸੜੇ ਟਰਾਂਸਫਾਰਮਰ ਬਦਲਾਉਣ ਤੇ ਡੀਲੋਡ ਕਰਵਾਉਣ ਲਈ ਵੱਡੇ ਪੱਧਰ 'ਤੇ ਬਿਜਲੀ ਦੇ ਕਰਮਚਾਰੀ ਅਤੇ ਅਧਿਕਾਰੀ ਵੱਢੀ ਲੈਣ ਤੋਂ ਬਗੈਰ ਕੰਮ ਨਹੀਂ ਕਰਦੇ ਜਦੋਂਕਿ ਭਗਵੰਤ ਮਾਨ ਦੀ ਸਰਕਾਰ ਕਹਿੰਦੀ ਨਹੀਂ ਥੱਕਦੀ ਕਿ ਸਾਡਾ ਕੋਈ ਅਧਿਕਾਰੀ ਅਜਿਹੇ ਪੈਸੇ ਨਹੀਂ ਲਵੇਗਾ! ਹੋਰਨਾਂ ਤੋਂ ਇਲਾਵਾ ਸਤਵਿੰਦਰ ਸਿੰਘ ਓਠੀਆਂ, ਵਿਰਸਾ ਸਿੰਘ ਟਪਿਆਲਾ, ਗੁਰਨਾਮ ਸਿੰਘ ਉਮਰਪੁਰਾ, ਬਲਬੀਰ ਸਿੰਘ ਕੱਕੜ, ਨੌਜਵਾਨ ਸਭਾ ਦੇ ਆਗੂਆਂ ਜੱਗਾ ਸਿੰਘ ਡੱਲਾ ਤੇ ਸੁੱਚਾ ਸਿੰਘ ਘੋਗਾ ਨੇ ਧਰਨੇ 'ਚ ਬੋਲਦਿਆਂ ਦੱਸਿਆ ਕਿ ਬਿਜਲੀ ਮਹਿਕਮੇ ਦੇ ਅਧਿਕਾਰੀ ਲੋਕਾਂ ਨੂੰ ਬਹੁਤ ਖਰਾਬ ਕਰਦੇ ਹਨ ਅਤੇ ਪੈਸੇ ਲੈਣ ਤੋਂ ਬਗੈਰ ਕੋਈ ਕੰਮ ਨਹੀਂ ਕਰਦੇ। ਅੱਜ ਵੀ ਦੇਖੋ ਕਿ ਐੱਸਡੀਓ ਜਸਤਰਵਾਲ ਲੋਕਾਂ ਨੂੰ ਜਵਾਬਦੇਹੀ ਦੇਣ ਦੀ ਬਜਾਏ ਦਫ਼ਤਰ ਵਿੱਚੋਂ ਭੱਜ ਗਿਆ! ਸੀਨੀਅਰ ਐੱਸਡੀਓ ਕੁਲਵਿੰਦਰ ਸਿੰਘ ਨੇ ਧਰਨੇ 'ਚ ਪਹੁੰਚ ਕੇ ਮੰਗ ਪੱਤਰ ਲਿਆ ਅਤੇ ਯਕੀਨ ਦਿਵਾਇਆ ਕਿ ਇੱਕ ਹਫ਼ਤੇ ਵਿੱਚ ਮੰਗਾਂ ਮੰਨ ਲਈਆਂ ਜਾਣਗੀਆਂ ਅਤੇ ਓਠੀਆਂ ਪਿੰਡ ਦੇ ਦਲਬੀਰ ਸਿੰਘ ਦੇ ਨਾਮ 'ਤੇ ਜੋ ਟਰਾਂਸਫਾਰਮਰ ਓਵਰਲੋਡ ਚੱਲ ਰਿਹਾ ਹੈ ਉਹ ਵੀ ਪਹਿਲ ਦੇ ਆਧਾਰ 'ਤੇ ਡੀਲੋਡ ਕਰ ਦਿੱਤਾ ਜਾਵੇਗਾ! ਧਰਨੇ 'ਚ ਦੇਸਾ ਸਿੰਘ ਭਿੰਡੀ ਔਲਖ, ਨਰਿੰਦਰ ਸਿੰਘ ਸ਼ਹੂਰਾ, ਜੰਗ ਬਹਾਦਰ ਸਿੰਘ ਮੱਟੀਆਂ, ਗਾਇਕ ਗੁਰਪਾਲ ਗਿੱਲ ਸੈਦਪੁਰ, ਲਖਬੀਰ ਸਿੰਘ ਤੱਲੇ, ਬਿਕਰਮਜੀਤ ਸਿੰਘ ਕੋਹਾਲੀ, ਬੇਅੰਤ ਸਿੰਘ ਤੇ ਸੰਤੋਖ ਸਿੰਘ ਮੱਲੂਨੰਗਲ, ਕਰਨੈਲ ਸਿੰਘ ਭਿੰਡੀ ਸੈਦਾਂ, ਬਲਕਾਰ ਸਿੰਘ, ਪ੍ਰਗਟ ਸਿੰਘ ਉਮਰਪੁਰਾ, ਦਲਬੀਰ ਸਿੰਘ ਛੀਨਾ ਰਾਏਪੁਰ ਆਦਿ ਸ਼ਾਮਲ ਸਨ!

# ਬੁਢਾਪਾ ਪੈਨਸ਼ਨ ਸਮੇਂ ਸਿਰ ਤੇ ਦਸ ਹਜ਼ਾਰ ਦਿੱਤੀ ਜਾਵੇ: ਕਾਮਰੇਡ ਦਦੇਹਰ



ਚੋਹਲਾ ਸਾਹਿਬ (ਰਮਨ ਚੱਢਾ)—ਅੱਜਕੱਲ ਬੁੱਢਾਪਾ ਪੈਨਸ਼ਨ ਧਾਰਕ ਬਹੁਤ ਪ੍ਰੇਸ਼ਾਨ ਹਨ ਕਿਉਂਕਿ ਉਨ੍ਹਾਂ ਨੂੰ ਬੁਢਾਪਾ ਪੈਨਸ਼ਨ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਮਿਲਣ ਦੀ ਬਜਾਏ ਮਹੀਨੇ ਦੀ ਆਖਰੀ ਤਾਰੀਖ ਆ ਜਾਂਦੀ ਹੈ।ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਦਦੇਹਰ ਨੇ ਪੰਜਾਬ ਦੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਉਹ ਖੁਦ ਧਿਆਨ ਦੇਣ ਤਾਂ ਕਿ ਹਰ ਬਜ਼ੁਰਗ ਨੂੰ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਪੈਨਸ਼ਨ ਮਿਲਣੀ ਯਕੀਨੀ ਬਣ ਸਕੇ।ਉਨ੍ਹਾਂ ਕਿਹਾ ਕਿ ਇਹ ਬੁੱਢਾਪਾ ਪੈਨਸ਼ਨ ਪ੍ਰਾਪਤ ਕਰਨ ਵਾਲੇ ਆਰਥਿਕ ਤੌਰ 'ਤੇ ਬਹੁਤ ਕਮਜ਼ੋਰ ਲੋਕ ਹਨ। ਇੱਕ ਤਾਂ ਪੈਨਸ਼ਨ ਬਹੁਤ ਥੋੜ੍ਹੀ ਮਿਲਦੀ ਹੈ ਤੇ ਉਹ ਵੀ ਸਮੇਂ ਸਿਰ ਨਹੀਂ।

ਉਨ੍ਹਾਂ ਮੰਗ ਕੀਤੀ ਕਿ ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਹਰੇਕ ਕਿਸਾਨ, ਮਜ਼ਦੂਰ ਅਤੇ ਸਧਾਰਨ ਕਿਰਤੀ ਲੋਕਾਂ ਨੂੰ ਬੁਢਾਪਾ ਪੈਨਸ਼ਨ ਦਸ ਹਜ਼ਾਰ ਰੁਪਏ ਮਹੀਨਾ ਦੇਣ ਦੀ ਗਰੰਟੀ ਕੀਤੀ ਜਾਵੇ।ਉਨ੍ਹਾਂ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ ਤੋਂ ਇਹ ਮੰਗ ਜ਼ੋਰ-ਸ਼ੋਰ ਨਾਲ ਕਰਨ।

# ਬੱਸ ਸਟੈਂਡ ਜਲੰਧਰ ਵਿਖੇ ਸਵੀਪ ਵੋਟਰ ਜਾਗਰੂਕਤਾ ਕੈਂਪ ਲਗਾਇਆ

**ਜਲੰਧਰ (ਨਜ਼ਸ)**—ਅੱਜ ਸਵੀਪ ਗਤੀਵਿਧੀਆਂ ਤਹਿਤ ਮਨਪ੍ਰੀਤ ਸਿੰਘ ਨੋਡਲ ਅਫਸਰ 037-ਜਲੰਧਰ ਕੈਂਟ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬੱਸ ਸਟੈਂਡ ਜਲੰਧਰ ਵਿਖੇ ਸਵੀਪ ਵੋਟਰ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿੱਚ ਮਨਿੰਦਰ ਪਾਲ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਵੋਟਰਾਂ ਨੂੰ ਆਗਾਮੀ ਲੋਕ ਸਭਾ ਚੋਣਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੱਤਪਾਲ ਸੋਢੀ ਸਵੀਪ ਨੋਡਲ ਅਫਸਰ 037- ਜਲੰਧਰ ਕੈਂਟ ਨੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਦੱਸਦੇ ਹੋਏ ਨਵੀਂ ਵੋਟ ਬਣਾਉਣ, ਸੋਧ ਆਦਿ ਸਬੰਧੀ ਜਾਣਕਾਰੀ ਦਿੱਤੀ।

ਇਸ ਮੌਕੇ ਸੁਰਿੰਦਰ ਪਾਲ ਸਵੀਪ ਨੋਡਲ ਅਫਸਰ 037- ਜਲੰਧਰ ਕੈਂਟ, ਰਾਜਪਾਲ ਸਿੰਘ ਸੁਪਰਡੈਂਟ, ਗੁਰਿੰਦਰ ਸਿੰਘ, ਮੀਨਾਕਸ਼ੀ, ਰੇਖਾ, ਜਗਜੀਤ ਕੁਮਾਰ, ਸੈਮੁਅਲ ਗਿੱਲ ਅਤੇ ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਵੱਲੋਂ ਜਾਇਜ਼ ਮੰਗਾਂ ਨੂੰ ਲੈ ਕੇ ਮੀਟਿੰਗ



ਪਠਾਨਕੋਟ (ਦਵਿੰਦਰ ਸਿੰਘ)-ਭੱਠਾ ਮਾਲਕਾਂ ਵੱਲੋਂ ਸਰਦੀ ਦੇ ਸੀਜ਼ਨ ਵਿੱਚ ਮਜ਼ਦੂਰਾਂ ਤੋਂ ਹਜ਼ਾਰਾਂ ਰੁਪਏ ਦੀ ਮਿੱਟੀ ਪੁਟਾਈ ਅਤੇ ਬਿਜਲੀ ਬਿੱਲ ਵਸੂਲਣ ਦੇ ਕਾਰਨ ਇਸ ਸੀਜ਼ਨ ਦੌਰਾਨ ਭੱਠਿਆਂ ਉਪਰ ਕੱਚੀਆਂ ਇੱਟਾਂ ਬਣਾਉਣ ਵਾਲੇ ਕਿਰਤੀਆਂ ਦੀ ਕਮੀ ਆਈ ਹੈ। ਜਮਾਂਦਾਰਾਂ ਨੂੰ ਮਿਨੀਮਮ ਵੇਜ ਅਨੁਸਾਰ ਪੂਰੀ ਕਮਿਸ਼ਨ ਨਾ ਮਿਲਣ ਕਰਕੇ ਵੀ ਮਜ਼ਦੂਰਾਂ ਨੂੰ ਘੱਟ ਲਿਆਉਣ ਦਾ ਕਾਰਨ ਬਣ ਰਿਹਾ।ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕਰਨ ਉਪਰੰਤ ਸਾਂਝੇ ਰੂਪ ਵਿੱਚ ਨੋਟ ਕੀਤਾ ਗਿਆ ਕਿ ਜੇਕਰ ਭੱਠਾ ਮਾਲਕਾਂ ਨੇ ਮਿੱਟੀ ਪੁਟਾਈ ਤੇ ਬਿਜਲੀ ਬਿੱਲ ਵਸੂਲਣੇ ਬੰਦ ਨਾ ਕੀਤੇ ਤਾਂ ਆਉਣ ਵਾਲੇ ਸਮੇਂ ਵਿਚ ਭੱਠਿਆਂ ਉਪਰ ਕੰਮ ਕਰਦੇ ਸਾਰੀਆਂ ਕੈਟਾਗਿਰੀਆਂ ਦੇ ਮਜ਼ਦੂਰਾਂ ਦੀ ਕਮੀ ਹੋਰ ਆਏਗੀ।ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ ਜਿਲ੍ਹਾ ਪਠਾਨਕੋਟ ਦੀ ਮੀਟਿੰਗ ਉਪਰੰਤ ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਸੀਟੀਯੂ ਪੰਜਾਬ ਦੇ ਵਿੱਤ ਸਕੱਤਰ ਅਤੇ ਲਾਲ ਝੰਡਾ ਪੰਜਾਬ ਲੇਬਰ ਯੂਨੀਅਨ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਸ਼ਿਵ ਕੁਮਾਰ ਨੇ ਪ੍ਰੈੱਸ ਬਿਆਨ ਵਿਚ ਕਿਹਾ ਕਿ ਆਪਣੇ ਮੂਲ ਸੂਬਿਆਂ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਭੱਠਿਆਂ ਉਪਰ ਪਰਿਵਾਰਾਂ ਸਮੇਤ ਕੰਮ ਕਰਦੇ ਵੱਖ-ਵੱਖ ਕੈਟਾਗਿਰੀਆਂ ਦੇ ਮਜ਼ਦੂਰਾਂ ਨੂੰ ਮੁਸ਼ਕਲ ਹਾਲਤਾਂ ਵਿੱਚ ਕੰਮ ਕਰਕੇ ਪੈਸੇ ਨਹੀਂ ਬਚਣੇ ਤਾਂ ਉਹ ਭੱਠਿਆਂ ਉਪਰ 'ਤੇ ਨਹੀਂ ਆਉਣੇ।ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਨੇ ਵੀ ਘੱਟੋ-ਘੱਟ ਉਜਰਤਾਂ ਵਿੱਚ ਸੋਧ ਨਹੀਂ ਕੀਤੀ।

ਲਗਾਤਾਰ ਵੱਧ ਰਹੀ ਮਹਿੰਗਾਈ ਕਾਰਨ ਮਜ਼ਦੂਰਾਂ ਦਾ ਜੀਣਾ ਮੁਸ਼ਕਲ ਹੋ ਰਿਹਾ ਹੈ।ਆਗੂਆਂ ਨੇ ਭੱਠਾ ਮਾਲਕਾਂ ਤੋਂ ਮੰਗ ਕੀਤੀ ਕਿ ਉਪਰੋਕਤ ਹਜ਼ਾਰਾਂ ਰੁਪਏ ਵਸੂਲਣੇ ਬੰਦ ਕੀਤੇ ਜਾਣ, ਜਮਾਂਦਾਰਾਂ ਨੂੰ ਪੰਜਾਬ ਸਰਕਾਰ ਵਲੋਂ ਜਾਰੀ ਮਿਨੀਮਮ ਵੇਜ਼ ਅਨੁਸਾਰ ਪੂਰੀ ਜਮਾਂਦਾਰੀ ਦਿੱਤੀ ਜਾਵੇ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਤੁਰੰਤ ਮਿਨੀਮਮ ਵੇਜ ਵਿੱਚ ਸੋਧ ਕਰਕੇ ਘੱਟੋ-ਘੱਟ ਉਜਰਤ 26000 ਰੁਪਏ ਜਾਰੀ ਕੀਤੀ ਜਾਵੇ ਅਤੇ ਏਸੇ ਅਨੁਪਾਤ ਅਨੁਸਾਰ ਭੱਠਾ ਮਜ਼ਦੂਰਾਂ ਦੀਆਂ ਸਾਰੀਆਂ ਕੈਟਾਗਿਰੀਆਂ ਦੇ ਮਜ਼ਦੂਰਾਂ ਦੀ ਮਜ਼ਦੂਰੀ ਵਿੱਚ ਵਾਧਾ ਕੀਤਾ ਜਾਵੇ।ਜੇਕਰ ਮਸਲਾ ਹੱਲ ਨਾ ਹੋਇਆ ਤਾਂ ਆਗੂਆਂ ਨੇ ਕਿਹਾ ਕਿ ਅਪ੍ਰੈਲ ਦੇ ਆਖਰੀ ਹਫਤੇ ਅਗਲੇ ਸੰਘਰਸ਼ ਦੀ ਰੂਪ-ਰੇਖਾ ਦਾ ਐਲਾਨ ਕੀਤਾ ਜਾਵੇਗਾ।

# 17/19 ਤੇ 4 ਜੂਨ ਨੂੰ ਸ਼ਾਮ 5 ਵਜੇ ਤੱਕ ਡਰਾਈ ਡੇਅ ਐਲਾਨਿਆ

ਪਠਾਨਕੋਟ: (ਦਵਿੰਦਰ ਸਿੰਘ)-ਆਦਿੱਤਿਆ ਉਪਲ ਜ਼ਿਲ੍ਹਾ ਮੈਜਿਸਟਰੇਟ ਪਠਾਨਕੋਟ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਲੋਕ ਸਭਾ ਚੋਣਾਂ-2024 ਤਹਿਤ ਜੰਮੂ ਅਤੇ ਕਸ਼ਮੀਰ (ਯੂ.ਟੀ.) ਦੇ ਲੋਕ ਸਭਾ ਹਲਕਾ ਉਧਮਪੁਰ ਦੀਆਂ ਚੋਣਾਂ ਲਈ 19 ਅਪ੍ਰੈਲ ਨੂੰ ਪੋਲਿੰਗ ਹੋਣੀ ਹੈ ਅਤੇ 04.06.2024 ਨੂੰ ਵੋਟਾਂ ਦੀ ਗਿਣਤੀ ਹੋਣੀ ਹੈ, ਮੁੱਖ ਚੋਣਕਾਰ ਅਫਸਰ ਪੰਜਾਬ ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਜੰਮੂ-ਕਸ਼ਮੀਰ ਦੀ ਹੱਦ ਨਾਲ ਪੰਜਾਬ ਰਾਜ ਦੇ 03 ਕਿਲੋਮੀਟਰ ਤੱਕ ਲੱਗਦੇ ਏਰੀਏ ਅੰਦਰ 17 ਅਪ੍ਰੈਲ ਸ਼ਾਮ 5 ਵਜੇ ਤੋਂ ਲੈ ਕੇ 19 ਅਪ੍ਰੈਲ ਸ਼ਾਮ 5 ਵਜੇ ਤੱਕ ਅਤੇ 4 ਜੂਨ 2024 ਨੂੰ ਸ਼ਾਮ 5 ਵਜੇ ਤੱਕ ਡਰਾਈ ਡੇਅ ਐਲਾਨ ਜਾਂਦਾ ਹੈ।


## ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨੀਲਾਮੀ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫ਼ਿਰੋਜ਼ਪੁਰ ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫ਼ਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚੀ ਨੰ: | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
| --- | --- | --- |
| EAFZR-SLR24-17 | 09.05.2024 को 11.00 बजे | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ) :15098-F1,14036-F2, 12470-F1,14036-R1,12752-F1,22552-F1,14036-F1, 14634-R1,12588-F1,22486-F1,14634-F2,12238-F2, 12238-R1,12266-F1,14634-F1,12492-F1,12238-F1 |

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ ਕ੍ਰਿਪਾ ਰੇਲਵੇ ਦੀ ਵੇਬਸਾਈਟ www.ireps.gov.in ਉੱਤੇ ਜਾਉ।

1140/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

# ਕੁਝ ਗੁੱਡੀਆਂ ਮੈਨੂੰ ਭੈਣਾਂ ਲੱਗਦੀਆਂ....

*ਗਿਆਨ ਸੈਦਪੁਰੀ*

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਕਿਸੇ ਕੰਮ ਗਏ ਸੀ। ਸ਼ਾਇਰ ਮਿੱਤਰ ਜਗੀਰ ਜੋਸਨ ਨੂੰ ਪਤਾ ਸੀ ਕਿ ਇੱਥੋਂ ਦੇ ਕੈਰੋਂ ਕਿਸਾਨ ਘਰ ਵਿੱਚ ਲੋਕ ਕਲਾ ਦੀ ਖਾਸ ਵੰਨਗੀ 'ਗੁੱਡੀਆਂ ਪਟੋਲੇ' ਦੀ ਪ੍ਰਦਰਸ਼ਨੀ ਲੱਗੀ ਹੋਈ ਹੈ। ਕੰਮ ਤੋਂ ਵਿਹਲੇ ਹੋ ਕੇ ਅਸੀਂ ਕੈਰੋਂ ਕਿਸਾਨ ਘਰ ਵੱਲ ਹੋ ਤੁਰੇ। ਪ੍ਰਦਰਸ਼ਨੀ ਵਾਲੇ ਵੱਡੇ ਕਮਰੇ ਵਿੱਚ ਦਾਖ਼ਲ ਹੋਏ ਤਾਂ ਇੱਕ ਗੀਤ ਦੀ ਬਹੁਤ ਸੁਰੀਲੀ ਆਵਾਜ਼ ਕੰਨੀਂ ਪਈ। ਪ੍ਰਦਰਸ਼ਨੀ ਵਿੱਚ ਦਿਸ ਰਹੇ ਗੁੱਡੀਆਂ ਪਟੋਲੇ ਤੇ ਕੰਨਾਂ 'ਚ ਪੈਂਦੀ ਮਿਠਾਸ ਦੇ ਇੱਕ-ਮਿੱਕ ਹੋਣ ਦਾ ਅਹਿਸਾਸ ਰੂਹ ਨੂੰ ਤਾਜ਼ਗੀ ਦਿੰਦਾ ਜਾਪਿਆ। ਇਹ ਗੀਤ ਡਾਕਟਰ ਦਵਿੰਦਰ ਕੌਰ ਢੱਟ ਦੇ ਜਜ਼ਬਾਤਾਂ ਦੀ ਬਾਤ ਪਾਉਂਦਾ ਹੈ। ਇਹ ਜਸਮੇਰ ਸਿੰਘ ਢੱਟ ਦਾ ਲਿਖਿਆ ਹੋਇਆ ਹੈ ਤੇ ਇਸ ਨੂੰ ਆਵਾਜ਼ ਦਿੱਤੀ ਹੈ ਡਾ. ਹਰਿੰਦਰ ਹੁੰਦਲ ਨੇ। ਡਾ. ਦਵਿੰਦਰ ਕੌਰ ਢੱਟ ਗੁੱਡੀਆਂ ਪਟੋਲਿਆਂ ਦੇ ਮਾਹਰ ਹਨ ਤੇ ਉਨ੍ਹਾਂ ਨੇ ਹੀ ਕੈਰੋਂ ਕਿਸਾਨ ਘਰ ਵਿੱਚ ਪ੍ਰਦਰਸ਼ਨੀ ਲਾਈ ਹੋਈ ਸੀ। ਉਹ ਦੱਸਦੇ ਹਨ ਕਿ ਜਦੋਂ ਪੰਜਾਬ ਵਿੱਚ ਅੱਜ ਵਾਂਗ ਬੱਚਿਆਂ ਦੇ ਖੇਡਣ ਲਈ ਹਜ਼ਾਰਾਂ ਤਰ੍ਹਾਂ ਦੇ ਖਿਡਾਉਣੇ ਨਹੀਂ ਹੁੰਦੇ ਸਨ। ਜੇਕਰ ਥੋੜ੍ਹੇ-ਬਹੁਤੇ ਹੁੰਦੇ ਵੀ ਸਨ ਤਾਂ ਬਹੁਤੇ ਲੋਕਾਂ ਕੋਲ ਖਰੀਦਣ ਦੀ ਸਮਰੱਥਾ ਨਹੀਂ ਸੀ ਹੁੰਦੀ। ਮਾਵਾਂ ਆਟੇ ਦੀਆਂ ਚਿੜੀਆਂ, ਮਿੱਟੀ, ਲੱਕੜ ਅਤੇ ਲੀਰਾਂ ਦੇ ਖਿਡਾਉਣੇ ਆਪ ਤਿਆਰ ਕਰਕੇ ਖੇਡਣ ਲਈ ਆਪਣੇ ਬੱਚਿਆਂ ਨੂੰ ਦੇ ਦਿੰਦੀਆਂ ਸਨ। ਮਾਵਾਂ ਵੱਲੋਂ ਬਣਾਈਆਂ ਇਨ੍ਹਾਂ ਗੁੱਡੀਆਂ-ਪਟੋਲਿਆਂ ਨੂੰ ਦੇਖ ਕੇ ਵੱਡੀਆਂ ਬੱਚੀਆਂ ਆਪ ਵੀ ਗੁੱਡੀਆ ਪਟੋਲੇ ਬਣਾਉਂਦੀਆਂ, ਉਨ੍ਹਾਂ ਨੂੰ ਸੁੰਦਰ ਪੁਸ਼ਾਕਾਂ ਪਹਿਨਾਉਂਦੀਆਂ, ਸੰਵਾਰਦੀਆਂ, ਗਹਿਣੇ-ਗੱਟੇ ਪਾਉਂਦੀਆਂ ਤੇ ਫਿਰ ਸਖੀਆਂ-ਸਹੇਲੀਆਂ ਨਾਲ ਮਿਲ ਕੇ ਗੁੱਡੀ ਗੁੱਡੇ ਦਾ ਵਿਆਹ ਕਰਦੀਆਂ। ਆਪ ਵੀ ਸਜਣਾ ਸੰਵਰਨਾ। ਜੀਵਨ-ਜਾਚ ਤੇ ਘਰ ਗ੍ਰਹਿਸਤੀ ਦਾ ਮੁਢਲਾ ਸਬਕ ਸਿੱਖ ਜਾਂਦੀਆਂ। ਜਦੋਂ ਪ੍ਰੋ. ਗੁਰਭਜਨ ਸਿੰਘ ਗਿੱਲ ਅਤੇ ਡਾ. ਨਿਰਮਲ ਜੌੜਾ ਨੂੰ ਮੇਰੀ ਇਸ ਕਲਾ ਦੀ ਜਾਣਕਾਰੀ ਹੋਈ ਤਾਂ ਉਨ੍ਹਾਂ ਨੇ ਮੇਰੇ ਜੀਵਨ ਸਾਥੀ ਜਸਮੇਰ ਸਿੰਘ ਢੱਟ ਨੂੰ ਪ੍ਰੇਰਤ ਕੀਤਾ ਕਿ ਇਸ ਕਲਾ ਨੂੰ ਸਮਾਜ ਦੇ ਸਨਮੁਖ ਕਰਨ ਦੀ ਲੋੜ ਹੈ।...ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਕਲਾ ਪ੍ਰੀਸ਼ਦ ਵੱਲੋਂ ਪਦਮਸ੍ਰੀ ਸੁਰਜੀਤ ਪਾਤਰ ਦੀ ਅਗਵਾਈ ਵਿੱਚ ਪੰਜਾਬ ਦੇ ਵੱਖ-ਵੱਖ ਥਾਵਾਂ 'ਤੇ ਗੁੱਡੀਆਂ-ਪਟੋਲਿਆਂ ਦੀਆਂ ਨੁਮਾਇਸ਼ਾਂ ਲਾ ਕੇ ਪੰਜਾਬ ਦੀ ਇਸ ਵਿਰਾਸਤ ਨੂੰ ਸਾਂਭਣ ਦਾ ਸਫ਼ਲ ਯਤਨ ਕੀਤਾ ਜਾ ਰਿਹੈ।

ਇਸੇ ਦੌਰਾਨ ਜਸਮੇਰ ਸਿੰਘ ਢੱਟ ਸਾਨੂੰ ਨੁਮਾਇਸ਼ ਬਾਰੇ ਦੱਸਣ ਲੱਗੇ। ਉਹ ਆਪਣੀ ਮਧਾਣੀ ਨੂੰ ਸ਼ਿੰਗਾਰ ਰਹੀ ਮੁਟਿਆਰ ਦੀ ਪ੍ਰਦਰਸ਼ਨੀ ਬਾਰੇ ਗੱਲ ਕਰਦਿਆਂ ਕਾਮਨਾ ਕਰਨ ਲੱਗੇ ਕਿ ਸਵੇਰ ਵੇਲੇ ਮੁਟਿਆਰਾਂ ਵੱਲੋਂ ਦੁੱਧ ਰਿੜਕਣ ਦਾ ਵਰਤਾਰਾ ਸ਼ੁਰੂ ਹੋ ਜਾਵੇ। ਮਧਾਣੀ ਵਾਲੀ ਗੁੱਡੀ ਅੱਗੇ ਲੱਗੀ ਫੱਟੀ 'ਤੇ 'ਰੰਗਲੀ ਮਧਾਣੀ ਬਾਹਾਂ ਗੋਰੀਆਂ, ਮੈਨੂੰ ਪੂਰੇ ਦੀ ਹਵਾ ਦੇਵੇ ਲੋਰੀਆਂ' ਪੜ੍ਹ ਕੇ ਪ੍ਰਦਰਸ਼ਨੀ ਵਿੱਚ ਲੱਗੇ ਪੂਰੇ-ਪੂਰੇ ਗੁੱਡੀਆਂ ਪਟੋਲੇ ਦੇਖਣ ਦੀ ਤਾਂਘ ਹੋਰ ਵਧ ਗਈ।

ਚਰਖਾ ਕੱਤਦੀ ਹੋਈ ਮੁਟਿਆਰ ਅੱਗੇ ਲਿਖਿਆ ਹੋਇਆ, 'ਚਰਖੀ ਰੰਗੀਲੀ ਦਾਜ ਦੀ ਮੇਰੇ ਵੀਰ ਨੇ ਵਲਾਇਤੋਂ ਆਂਦੀ' ਪੜ੍ਹ ਕੇ ਭੈਣ ਦਾ ਭਰਾ ਪ੍ਰਤੀ ਮੋਹ ਉਮੜ-ਉਮੜ ਪੈਂਦਾ ਮਹਿਸੂਸ ਹੋਇਆ। ਫੁਲਕਾਰੀ ਕੱਢ ਰਹੀ ਮੁਟਿਆਰ ਕੋਲੋਂ ਆਪਣੀ ਭਾਬੋ ਨੂੰ ਵੀ ਬਰਾਬਰ ਦਾ ਮੋਹ ਕਰਦੀ ਵਿਖਾਇਆ ਗਿਆ ਹੈ, ਜਦ ਉਹ ਆਖਦੀ ਹੈ, ਵੀਰ ਮੇਰੇ ਨੇ ਕੁੜਤੀ ਦਿੱਤੀ ਭਾਬੋ ਨੇ ਫੁਲਕਾਰੀ ਜੁੱਗ ਜੁੱਗ ਜੀਅ ਭਾਬੋ ਲੱਗੇ ਵੀਰ ਤੋਂ ਪਿਆਰੀ ਇਸੇ ਤਰ੍ਹਾਂ ਹੀਰ-ਰਾਂਝਾ, ਸੱਸੀ-ਪੁੰਨੂ, ਸੋਹਣੀ ਮਹੀਂਵਾਲ ਆਦਿ ਦੀਆਂ ਪਿਆਰ ਗਾਥਾਵਾਂ ਨੂੰ ਗੁੱਡੀਆਂ-ਪਟੋਲਿਆਂ ਰਾਹੀਂ ਦਰਸਾਇਆ ਗਿਆ ਹੈ।

ਜਗੀਰ ਜੋਸਨ ਆਪਣੀਆਂ ਯਾਤਰਾਵਾਂ ਸੰਬੰਧੀ ਲਿਖੀਆਂ ਦੋ ਕਿਤਾਬਾਂ 'ਜਿਹੜੇ ਰਾਹੀਂ ਮੈਂ ਗਿਆ' ਅਤੇ 'ਮਾਓ ਦਾ ਚੀਨ' ਨਾਲ ਲੈ ਗਏ ਸਨ। ਜੋਸਨ ਨੇ ਇਹ ਦੋਵੇਂ ਕਿਤਾਬਾਂ ਢੱਟ ਜੋੜੀ ਨੂੰ ਭੇਟ ਕੀਤੀਆਂ। ਢੱਟ ਜੋੜੀ ਨੇ ਅੱਗੋਂ ਤੋਂ ਵੀ ਸੰਪਰਕ ਰੱਖਣ ਦਾ ਵਾਅਦਾ ਲਿਆ। ਕੈਰੋਂ ਕਿਸਾਨ ਘਰ ਤੋਂ ਬਾਹਰ ਆਉਣ 'ਤੇ ਵੀ ਕੁਝ ਗੁੱਡੀਆਂ ਮੈਨੂੰ ਧੀਆਂ ਜਾਪਣ, ਕੁਝ ਜਾਪਣ ਵਾਂਗਰ ਮਾਵਾਂ, ਕੁਝ ਗੁੱਡੀਆਂ ਮੈਨੂੰ ਭੈਣਾਂ ਲੱਗਦੀਆਂ ਤੇ ਕੁਝ ਨੇ ਵਾਂਗ ਭਰਾਵਾਂ...ਗੀਤ ਰਾਹੀਂ ਡਾ. ਹਰਿੰਦਰ ਹੁੰਦਲ ਦੀ ਆਵਾਜ਼ ਕੰਨਾਂ ਵਿੱਚ ਮਿਸ਼ਰੀ ਘੋਲਦੀ ਰਹੀ।

## ਕੇਜਰੀਵਾਲ ਦੇ ਹੱਕ 'ਚ ਮੋਟਰਸਾਈਕਲ ਰੈਲੀ

**ਫਿਲੌਰ, (ਨਿਰਮਲ)**- ਹਲਕਾ ਫਿਲੌਰ ਦੇ ਇੰਚਾਰਜ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਾਈਸ ਚੇਅਰਮੈਨ ਪ੍ਰਿੰਸੀਪਲ ਪ੍ਰੇਮ ਕੁਮਾਰ ਦੀ ਅਗਵਾਈ ਹੇਠ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਹੱਕ 'ਚ ਅਤੇ ਭਾਜਪਾ ਦੇ ਵਿਰੋਧ ਵਿੱਚ ਫਿਲੌਰ ਵਿਖੇ ਮੋਟਰਸਾਈਕਲ ਰੈਲੀ ਕੱਢੀ ਗਈ ਜਿਸ ਦੌਰਾਨ ਕੇਂਦਰ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਜਪਾ ਨੇ ਧੱਕੇਸ਼ਾਹੀ ਕਰਕੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ 'ਚ ਬੰਦ ਕੀਤਾ ਹੋਇਆ ਹੈ।ਉਨ੍ਹਾਂ ਕਿਹਾ ਕਿ ਇਸ ਕੇਂਦਰ ਸਰਕਾਰ ਦੀ ਧੱਕੇਸ਼ਾਹੀ ਦਾ ਜਵਾਬ ਲੋਕ ਸਭਾ ਚੋਣਾਂ 'ਚ ਭਾਜਪਾ ਦੇ ਵਿਰੁੱਧ ਵੋਟਾਂ ਪਾ ਕੇ ਦੇਣਗੇ।ਇਸ ਮੌਕੇ ਉਨ੍ਹਾਂ ਸਮੂਹ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪ ਉਮੀਦਵਾਰ ਨੂੰ ਵੋਟਾਂ ਪਾ ਕੇ ਵੱਡੀ ਲੀਡ ਨਾਲ ਕਾਮਯਾਬ ਕਰਨ।ਇਸ ਮੌਕੇ ਵੈਭਵ ਸ਼ਰਮਾ ਕੌਂਸਲਰ, ਸੁਰਿੰਦਰ ਡਾਬਰ, ਹਰਕਮਲ ਸਿੰਘ ਬੇਗਮਪੁਰ, ਬਲਵੀਰ ਸਿੰਘ ਛੌਕਰ ਅਤੇ ਹੋਰ ਸਨ।

# ਮੇਹਰਚੰਦ ਪੋਲੀਟੈਕਨਿਕ ਵਿਖੇ ਭਰੋਸਾ ਕੈਂਪ ਲਗਾਇਆ



**ਜਲੰਧਰ (ਸ਼ੈਲੀ ਐਲਬਰਟ)**-ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਵਿਖੇ ਹਰ ਸਮੈਸਟਰ ਵਿਦਿਆਰਥੀਆਂ ਨੂੰ ਉਤਸਾਹਿਤ ਕਰਨ ਲਈ ਕਾਲਜ ਦੀ ਸੇਵ ਅਰਥ ਸੋਸਾਇਟੀ ਵਲੋਂ ਭਰੋਸਾ ਸ਼ਿਵਰ ਲਗਾਇਆ ਜਾਂਦਾ ਹੈ।ਜਿਸ ਵਿਚ ਹਾਜ਼ਰੀ ਪਖੋਂ ਘੱਟ ਚੱਲ ਰਹੇ ਵਿਦਿਆਰਥੀ ਜਾਂ ਪੜ੍ਹਾਈ ਵਿਚ ਪਛੜ ਰਹੇ ਵਿਦਿਆਰਥੀਆਂ ਨੂੰ ਹੱਲਾ-ਸ਼ੇਰੀ ਦੇਣ ਲਈ ਸਮਾਜ ਵਿਚੋਂ ਮਾਹਿਰ ਮਹਿਮਾਨਾਂ ਨੂੰ ਬੁਲਾਇਆ ਜਾਂਦਾ ਹੈ। ਤਾਂ ਜੋ ਇਹ ਵਿਦਿਆਰਥੀ ਊਰਜਾ ਭਰਪੂਰ ਹੋ ਕੇ ਫਿਰ ਤੋਂ ਪੂਰੇ ਜ਼ੋਸ਼ੋ ਜਲਾਲ ਨਾਲ ਆਪਣੀ ਮੰਜਿਲ ਵਲ ਵੱਧ ਸਕਣ।ਪ੍ਰਿੰਸੀਪਲ ਜਗਰੂਪ ਸਿੰਘ ਤੇ ਸੇਵ ਅਰਥ ਸੋਸਾਇਟੀ ਦੇ ਪ੍ਰਧਾਨ ਡਾ. ਸੰਜੇ ਬਾਸਲ ਨੇ ਅੱਜ ਦੇ ਸ਼ਿਵਿਰ ਦੇ ਮਹਿਮਾਨਾ ਇੰਜੀ. ਮਨਹਰ ਪਸ਼ਾਨ ਤੇ ਇੰਜੀ. ਮੈਡਮ ਰਾਜ ਲਕਸ਼ਮੀ ਦਾ ਸਵਾਗਤ ਕੀਤਾ ਤੇ ਉਹਨਾਂ ਦੀ ਜਾਣ ਪਛਾਣ ਕਰਵਾਈ।ਪਹਿਲੇ ਲੈਕਚਰ ਵਿਚ ਮਨਹਰ ਪਸ਼ਨ ਨੇ ਦੱਸਿਆ ਕਿ ਉਹ ਇਸ ਕਾਲਜ ਦੇ ਵਿਦਿਆਰਥੀ ਰਹੇ ਹਨ ਤੇ ਇਸ ਸਿੱਖਿਆ ਦੇ ਮੰਦਰ ਤੋਂ ਬਹੁਤ ਕੁੱਝ ਹਾਸਲ ਕੀਤਾ। ਅੱਜ ਜਲੰਧਰ ਦੇ ਪ੍ਰਮੁੱਖ ਆਰਕੀਟੈਕਟ ਹਨ, ਮੋਟੀਵੇਸ਼ਨ ਸਪੀਕਰ ਵੀ ਰਹੇ ਹਨ ਤੇ ਰੋਟਰੀ ਕੱਲਬ ਜਲੰਧਰ ਦੇ ਸਾਬਕਾ ਪ੍ਰਧਾਨ ਵੀ ਰਹੇ। ਮੈਡਮ ਰਾਜ ਲਕਸ਼ਮੀ ਨੇ ਦੂਜੇ ਲੈਕਚਰ ਵਿਚ ਦੱਸਿਆ ਕਿ ਉਹਨਾਂ ਨੇ ਵੀ ਇਥੋ ਇਲੈਕਟਰਾਨਿਕਸ ਦਾ ਡਿਪਲੋਮਾ ਕੀਤਾ ਤੇ ਆਪਣੇ ਪਤੀ ਨਾਲ ਮਿਲਕੇ ਈਗਲ ਪਬਲੀਕੇਸ਼ਨਜ ਨੂੰ ਬੁਲੰਦਿਆਂ ਤੇ ਪੁਹੰਚਾਇਆ ਤੇ ਅੱਜ ਭਗਵਾਨ ਦਾਦਾ ਫਾਉਡੇਸ਼ਨ ਨਾਲ ਜੁੜੇ ਹੋਏ ਨੇ ਤੇ ਕਈ ਥਾਵਾਂ 'ਤੇ ਜਾਂ ਕੇ ਆਮ ਲੋਕਾ ਨੂੰ ਜਾਗਰੂਕ ਕਰਦੇ ਹਨ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਮਾਹਿਰ ਮਹਿਮਾਨਾ ਨੂੰ ਸਮਰਿਤੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਤੇ ਵਿਦਿਆਰਥੀਆਂ ਨੂੰ ਕਿਹਾ ਕਿ ਆਪਣੇ ਆਪ 'ਤੇ ਵਿਸ਼ਵਾਸ ਕਰੋ ਫਿਰ ਤੁਸੀ ਹਰ ਮੰਜ਼ਲ ਫਤਿਹ ਕਰ ਸਕਦੇ ਹੋ। ਡਾ. ਸੰਜੇ ਬਾਂਸਲ ਨੇ ਸਾਰਿਆ ਦਾ ਧੰਨਵਾਦ ਕੀਤਾ। ਇਸ ਮੌਕੇ ਮੈਡਮ ਮੀਨਾ ਬਾਂਸਲ, ਅੰਕੁਸ਼ ਸ਼ਰਮਾ, ਮੈਡਮ ਪ੍ਰਤਿਭਾ, ਮੈਡਮ ਸਵਿਤਾ, ਮੈਡਮ ਮਨਵੀਰ ਹਾਜ਼ਿਰ ਸਨ। ਸਮੂਹ ਵਿਦਿਆਰਥੀਆ ਨੇ ਪ੍ਰਣ ਕੀਤਾ ਕਿ ਉਹ ਅੱਗੇ ਵੱਧਣ ਲਈ ਜੀ ਜਾਨ ਇਕ ਕਰ ਦੇਣਗੇ।

## ਜਨਮ ਦਿਨ ਮੁਬਾਰਕ



ਸੀਰਤ, ਆਸਟਰੇਲੀਆ



ਪ੍ਰਭਜੋਤ, ਫਿਰੋਜ਼ਪੁਰ

## ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਗਾਇਆ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਪਿੰਡ ਚਕਲੀ ਸੁਜਾਤ ਦੇ ਸਹਿਯੋਗ ਦੇ ਨਾਲ ਬਾਬਾ ਸਾਹਿਬ ਡਾਕਟਰ ਅੰਬੇਡਕਰ ਸਾਹਿਬ ਦੇ 133ਵੇਂ ਜਨਮ ਦਿਨ ਨੂੰ ਸਮਰਪਿਤ ਅੰਬੇਦਕਰ ਭਵਨ ਪਿੰਡ ਚਕਲੀ ਸੁਜਾਤ ਵਿਖੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਵਿਧਾਇਕ ਨਛੱਤਰ ਪਾਲ ਨੇ ਕੀਤਾ। ਇਹ ਜਾਣਕਾਰੀ ਸਤਪਾਲ ਪਿੰਡ ਚਕਲੀ ਸੁਜਾਤ ਨੇ ਦਿੱਤੀ ਤੇ ਉਨ੍ਹਾਂ ਨੇ ਕਿਹਾ ਕਿ ਕੈਂਪ ਵਿਚ ਅੱਖਾਂ ਦੇ ਮਾਹਰ ਰਿਟਾਇਰ ਸਿਵਲ ਸਰਜਨ ਡਾ. ਦਵਿੰਦਰ ਢਾਡਾ , ਡਾ. ਹਰਵਿੰਦਰ ਸਿੰਘ, ਡਾ. ਮੁਕਲ ਬੇਦੀ,ਡਾ. ਸੈਲਜਾ ਬੇਦੀ, ਡਾ. ਕਰਨ ਅਰੋੜਾ ਮੈਡੀਕਲ ਸਮੁੱਚੀ ਟੀਮ ਵਲੋਂ ਸੇਵਾ ਕੀਤੀ ਗਈ। ਕੈਂਪ ਵਿੱਚ 150 ਤੋਂ ਵੱਧ ਮਰੀਜ਼ਾਂ ਨੇ ਲਾਭ ਲਿਆ। ਕਲੱਬ ਵੱਲੋਂ ਮੈਡੀਕਲ ਟੀਮ ਤੇ ਹੋਰ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।

## ਪੱਦੀ ਮੱਠ ਵਾਲੀ ਵਿਖੇ ਡਾ. ਅੰਬੇਡਕਰ ਦਾ ਜਨਮ ਦਿਹਾੜਾ ਮਨਾਇਆ



**ਬੰਗਾ (ਅਵਤਾਰ ਕਲੇਰ)**-ਪਿੰਡ ਪੱਦੀ ਮੱਠ ਵਾਲੀ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਨ ਡਾ. ਅੰਬੇਡਕਰ ਵੈਲਫੇਅਰ ਸੁਸਾਇਟੀ (ਰਜਿ.) ਪੱਦੀ ਮੱਠ ਵਾਲੀ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਤੋਂ ਪਹਿਲਾਂ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਆਦਮ ਕੱਦ ਬੁੱਤ ਤੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਗਈਆਂ। ਇਸ ਸਮਾਗਮ ਦੇ ਮੁੱਖ ਮਹਿਮਾਨ ਸੋਹਣ ਲਾਲ ਮੱਲ ਯੂ ਕੇ ਤੇ ਸ੍ਰੀਮਤੀ ਮਿੰਦੋ ਮੱਲ ਯੂ ਕੇ ਸਨ। ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਮਿੰਦੋ ਮੱਲ ਨੇ ਕਿਹਾ ਕਿ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਡਕਰ ਜੀ ਨੇ ਆਪਣਾ ਸਾਰਾ ਜੀਵਨ ਦੱਬੇ-ਕੁਚਲੇ ਸਮਾਜ ਅਤੇ ਦੇਸ਼ ਦੀ ਤਰੱਕੀ ਲਈ ਲਗਾ ਦਿੱਤਾ।

ਉਨ੍ਹਾਂ ਦੱਸਿਆ ਕਿ ਡਾ ਅੰਬੇਡਕਰ ਜੀ ਨੇ ਭਾਰਤੀ ਨਾਰੀ ਨੂੰ ਬਰਾਬਰੀ ਦੇ ਹੱਕ ਭਾਰਤੀ ਸੰਵਿਧਾਨ ਵਿੱਚ ਦਰਜ ਕਰਕੇ ਔਰਤਾਂ ਨੂੰ ਮਰਦਾਂ ਦੀ ਕਤਾਰ ਵਿੱਚ ਖੜ੍ਹੇ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਅਹਿਸਾਨ ਕਦੇ ਵੀ ਭੁਲਣਾ ਨਹੀਂ ਚਾਹੀਦਾ । ਸਮਾਗਮ ਨੂੰ ਸੰਬੋਧਨ ਕਰਦਿਆਂ ਹਰਮੇਸ਼ ਵਿਰਦੀ ਸਾਬਕਾ ਚੇਅਰਮੈਨ ਬਲਾਕ ਸੰਮਤੀ ਬੰਗਾ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ , ਵਿਸ਼ਵ ਰਤਨ ਅਤੇ ਦੱਬੇ ਕੁੱਚਲੇ ਲੋਕਾਂ ਦੇ ਮਸੀਹਾ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਜੀਵਨ ਤੇ ਮਿਸ਼ਨ 'ਤੇ ਵਿਸਥਾਰ ਪੂਰਵਕ ਚਾਨਣਾ ਪਾਇਆ । ਸਮਾਗਮ ਨੂੰ ਹੋਰਨਾਂ ਇਲਾਵਾ ਹਰਮੇਸ਼ ਲਾਲ ਬੰਗੜ , ਰਾਮ ਸਰਨ , ਬਲਵਿੰਦਰ ਕੁਮਾਰ ਅਤੇ ਸੋਹਨ ਲਾਲ ਮੱਲ ਆਦਿ ਨੇ ਸੰਬੋਧਨ ਕੀਤਾ। ਇਸ ਮੌਕੇ ਚਰਨਜੀਤ , ਜੋਗਰਾਜ , ਨਰਿੰਦਰ ਕੁਮਾਰ ਵਿਰਦੀ , ਤਰਲੋਕ ਰਾਮ , ਹਰੀ ਰਾਮ , ਦੇਵ ਰਾਮ , ਬਲਵੰਤ ਰਾਮ , ਗੁਰਦਿਆਲ ਚੰਦ , ਸੋਮਾ ਰਾਮ , ਸਾਧੂ ਰਾਮ , ਹਰਬੰਸ ਲਾਲ ਸਾਬਕਾ ਪੰਚ , ਸੋਮ ਨਾਥ , ਅਮਰਜੀਤ , ਹਰਜਿੰਦਰ ਕੁਮਾਰ ,ਚਰਨ ਦਾਸ , ਨਛੱਤਰ ਕੌਰ ਸਾਬਕਾ ਪੰਚ , ਸੁਰਿੰਦਰ ਕੌਰ ਅਤੇ ਹੋਰ ਵੱਡੀ ਗਿਣਤੀ ਵਿੱਚ ਨਗਰ ਨਿਵਾਸੀ ਹਾਜ਼ਰ ਸਨ। ਇਸ ਮੌਕੇ ਲੱਡੂ ਅਤੇ ਸਮੋਸੇ ਵੀ ਵਰਤਾਏ ਗਏ।

## ਡਾ. ਬੀ ਆਰ ਅੰਬੇਡਕਰ ਨੇ ਮਨੁੱਖੀ ਅਧਿਕਾਰਾਂ ਲਈ ਲੜਾਈ ਲੜੀ : ਜੱਸਲ



**ਆਦਮਪੁਰ (ਪਰਮਜੀਤ ਸਿੰਘ)**:-ਸ਼੍ਰੀ ਗੁਰੂ ਰਵਿਦਾਸ ਮੰਦਰ ਨੰਗਲ ਕਰਾਰ ਖਾਂ ਵਿਖੇ ਡਾਕਟਰ ਭੀਮ ਰਾਓ ਅੰਬੇਦਕਰ ਦਾ ਜਨਮ ਦਿਨ ਬਹੁਤ ਹੀ ਸ਼ਰਧਾ ਨਾਲ ਮਨਾਇਆ ਗਿਆ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਸੁਖਮਨੀ ਸਾਹਿਬ ਦੇ ਭੋਗ ਪਾਏ ਗਏ ਬਾਅਦ ਬਾਬਾ ਕੁਲਵਿੰਦਰ ਦਾਸ ਵੱਲੋਂ ਗੁਰਬਾਣੀ ਦਾ ਕੀਰਤਨ ਕਰਨ ਵੇਲੇ ਸੰਗਤਾਂ ਨੂੰ ਆਪਣੇ ਰਸਭਿੰਨੇ ਸ਼ਬਦਾਂ ਰਹੀ ਨਿਹਾਲ ਕੀਤਾ ਅਤੇ ਡਾਕਟਰ ਭੀਮ ਰਾਓ ਅੰਬੇਦਕਰ ਦੀ ਜੀਵਨੀ ਬਾਰੇ ਚਾਨਣਾ ਪਾਇਆ।ਇਸ ਮੌਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਜਗਦੀਸ਼ ਜੱਸਲ ਸੀਨੀਅਰ ਆਗੂ ਆਮ ਆਦਮੀ ਪਾਰਟੀ ਨੇ ਕਿਹਾ ਜੋ ਲੜਾਈ ਮਨੁੱਖੀ ਅਧਿਕਾਰਾਂ ਅਤੇ ਗਰੀਬ ਵਰਗ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬੜੀ ਲਾਸਾਨੀ ਲੜੀ ਉਸਦੀ ਦੂਸਰੀ ਮਿਸਾਲ ਨਹੀਂ ਮਿਲਦੀ।ਕਮੇਟੀ ਵਲੋਂ ਛੋਟੇ ਛੋਟੇ ਬੱਚਿਆਂ ਨੂੰ ਕਾਪੀਆਂ ਪੈਨਸਲਾਂ ਭੇਟ ਕੀਤੀਆਂ ਇਸ ਮੌਕੇ ਸੁਰਿੰਦਰ ਕੁਮਾਰ ਚੇਅਰਮੈਨ, ਕਪੂਰ ਚੰਦ ਮਿਢਾ, ਪਰਸ਼ੋਤਮ ਲਾਲ, ਮੁਕੰਦ ਲਾਲ ਯਸ਼ ਪਾਲ ਚੋਪੜਾ, ਸਾਹਿਲ ਜੱਸਲ, ਅੰਬੀ ਨੰਗਲ ਹੋਰ ਛੋਟੇ ਛੋਟੇ ਬੱਚੇ ਅਤੇ ਸੰਗਤਾਂ ਹਾਜ਼ਰ ਸਨ।

## ਵਧੀਕ ਡਿਪਟੀ ਕਮਿਸ਼ਨਰ ਵੱਲੋਂ ਸਕੂਲੀ ਬੱਸਾਂ ਦੀ ਚੈਕਿੰਗ ਦੇ ਨਿਰਦੇਸ਼

**ਜਲੰਧਰ, (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਸਕੂਲੀ ਬੱਸਾਂ ਵਿੱਚ ਸਫ਼ਰ ਕਰਦੇ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਵਧੀਕ ਡਿਪਟੀ ਕਮਿਸ਼ਨਰ (ਜ) ਅਤੇ ਸਕੱਤਰ ਆਰ ਟੀ ਏ ਮੇਜਰ ਡਾ. ਅਮਿਤ ਮਹਾਜਨ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸਕੂਲੀ ਬੱਸਾਂ ਦੀ ਚੈਕਿੰਗ ਕਰਨ ਦੇ ਨਿਰਦੇਸ਼ ਦਿੱਤੇ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਕੂਲੀ ਬੱਸਾਂ ਕੋਲ ਫਿਟਨੈੱਸ ਸਰਟੀਫਿਕੇਟ ਹੋਣਾ ਚਾਹੀਦਾ ਹੈ।ਬੱਸ ਵਿੱਚ ਉਸਦੀ ਰਜਿਸਟਰਡ ਸਿਟਿੰਗ ਸਮਰੱਥਾਂ ਤੋਂ ਜ਼ਿਆਦਾ ਬੱਚੇ ਨਾ ਬਿਠਾਏ ਹੋਣ। ਬੱਸ ਚਾਲਕ ਕੋਲ ਵੈਧ ਲਾਇਸੈਂਸ ਹੋਣਾ ਚਾਹੀਦਾ ਹੈ ਅਤੇ ਬੱਸ ਵਿੱਚ ਸਪੀਡ ਗਵਰਨਰ ਚਾਲੂ ਹਾਲਤ ਵਿੱਚ ਲੱਗਿਆ ਹੋਵੇ। ਉਨ੍ਹਾਂ 'ਸੇਫ ਸਕੂਲ ਵਾਹਨ ਸਕੀਮ' ਦੀ ਇੰਨ-ਬਿੰਨ ਪਾਲਣਾ ਨੂੰ ਵੀ ਯਕੀਨੀ ਬਣਾਉਣ ਲਈ ਕਿਹਾ।ਵਧੀਕ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਉਕਤ ਨੁਕਤਿਆਂ ਦੀ ਉਲੰਘਣਾਂ ਪਾਏ ਜਾਣ 'ਤੇ ਸਕੂਲ ਬੱਸ ਦਾ ਚਲਾਨ, ਬੱਸ ਨੂੰ ਜ਼ਬਤ ਕਰਨ ਸਮੇਤ ਬਣਦੀ ਕਾਨੂੰਨ ਕਾਰਵਾਈ ਅਮਲ ਵਿੱਚ ਲਿਆਉਣ ਦੀਆਂ ਹਦਾਇਤਾਂ ਦਿੱਤੀਆਂ।ਉਨ੍ਹਾਂ ਟਰਾਂਸਪੋਰਟ ਅਤੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹੇ ਦੇ ਸ਼ਹਿਰੀ ਤੇ ਪੇਂਡੂ ਖੇਤਰਾਂ ਦੇ ਸਕੂਲਾਂ ਵਿਚਲੀਆਂ ਬੱਸਾਂ ਦੀ ਚੈਕਿੰਗ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇ ਅਤੇ ਇਸ ਸਬੰਧੀ ਰੋਜ਼ਾਨਾ ਦੇ ਆਧਾਰ 'ਤੇ ਕਾਰਵਾਈ ਰਿਪੋਰਟ ਭੇਜਣੀ ਯਕੀਨੀ ਬਣਾਈ ਜਾਵੇ।ਇਸ ਮੌਕੇ ਰਿਜ਼ਨਲ ਟਰਾਂਸਪੋਰਟ ਅਫ਼ਸਰ ਅਮਨਪ੍ਰੀਤ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੈ ਭਾਰਤੀ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

## ਸੀਟੀ ਗਰੁੱਪ ਨੇ ਵਿਰਸਾ ਸੰਭਾਲ ਗੱਤਕਾ ਪ੍ਰਦਰਸ਼ਨ ਨਾਲ ਕੀਤੀ ਮੇਜ਼ਬਾਨੀ



**ਜਲੰਧਰ ( ਸ਼ੈਲੀ ਐਲਬਰਟ)**-ਸੀਟੀ ਗਰੁੱਪ ਨੇ ਵਿਸਾਖੀ ਅਤੇ ਖਾਲਸਾ ਪੰਥ ਸਾਜਨਾ ਦਿਵਸ ਦੇ ਸ਼ੁਭ ਮੌਕੇ ਵਿਰਸਾ ਸੰਭਾਲ ਗੱਤਕਾ ਪ੍ਰਦਰਸ਼ਨ, ਪੰਜਾਬ ਦੇ ਸੱਭਿਆਚਾਰਕ ਵਿਰਸੇ ਅਤੇ ਜੰਗੀ ਪਰੰਪਰਾਵਾਂ ਦਾ ਇੱਕ ਜੀਵੰਤ ਜਸ਼ਨ, ਮਾਣ ਨਾਲ ਆਯੋਜਿਤ ਕੀਤਾ । ਇਸ ਸਮਾਗਮ ਨੂੰ ਪ੍ਰਸਿੱਧ ਕਲਾਕਾਰਾਂ ਸਰਤਾਜ ਅਤੇ ਨੀਰੂ ਬਾਜਵਾ ਦੀ ਵਿਸ਼ੇਸ਼ ਪੇਸ਼ਕਾਰੀ ਦੁਆਰਾ ਹੋਰ ਵੀ ਵਧਾਇਆ ਗਿਆ, ਜਿਨ੍ਹਾਂ ਨੇ ਆਪਣੀ ਮਨਮੋਹਕ ਹਾਜ਼ਰੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਬਾਬਾ ਫਤਹਿ ਸਿੰਘ ਗੱਤਕਾ ਅਖਾੜਾ, ਮੀਰੀ ਪੀਰੀ ਗੱਤਕਾ ਅਖਾੜਾ, ਅਮਿਤੋਜ ਗੱਤਕਾ ਸਪੋਰਟਸ ਕਲੱਬ, ਪੰਜਾਬ ਗੱਤਕਾ ਅਕੈਡਮੀ ਅਤੇ ਸ਼ੇਰ ਖਾਲਸਾ ਗਤਕਾ ਅਖਾੜਾ ਸਮੇਤ ਵੱਖ-ਵੱਖ ਸ਼ਹਿਰਾਂ ਦੀਆਂ ਖੇਤਰੀ ਟੀਮਾਂ ਨੇ ਭਾਗ ਲਿਆ । ਪ੍ਰਦਰਸ਼ਨ ਨੇ ਰਵਾਇਤੀ ਮਾਰਸ਼ਲ ਆਰਟ ਗੱਤਕੇ ਵਿੱਚ ਭਾਗ ਲੈਣ ਵਾਲਿਆਂ ਦੇ ਹੁਨਰ ਅਤੇ ਕੁਸ਼ਲਤਾ ਦਾ ਪ੍ਰਦਰਸ਼ਨ ਕੀਤਾ, ਜੋ ਪੰਜਾਬ ਦੇ ਮਾਰਸ਼ਲ ਇਤਿਹਾਸ ਦੀ ਬਹਾਦਰੀ ਅਤੇ ਭਾਵਨਾ ਨੂੰ ਦਰਸਾਉਂਦਾ ਹੈ। ਟੀਮਾਂ ਨੇ ਗਤੀਸ਼ੀਲ ਪ੍ਰਦਰਸ਼ਨਾਂ ਦੀ ਇੱਕ ਲੜੀ ਵਿੱਚ ਆਪਣੀ ਮੁਹਾਰਤ ਦਾ ਪ੍ਰਦਰਸ਼ਨ ਕੀਤਾ, ਆਪਣੀ ਸ਼ੁੱਧਤਾ ਅਤੇ ਅਨੁਸ਼ਾਸਨ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ । ਭਵਨਜੀਤ ਸਿੰਘ , ਪ੍ਰਧਾਨ ਦੁਆਬਾ ਜ਼ੋਨ, ਖਾਲਸਾ ਗਤਕਾ ਫੈਡਰੇਸ਼ਨ ਆਫ ਇੰਡੀਆ, ਤਰਨਾ ਦਲ ਅਤੇ ਹਰੀਆ ਬੇਲਾ ਨੇ ਇਸ ਪ੍ਰੋਗਰਾਮ ਵਿੱਚ ਆਪਣੀ ਹਾਜ਼ਰੀ ਦਰਜ ਕਰਵਾਈ । ਇਸ ਮੌਕੇ ਡਾ: ਪਰਮਜੀਤ ਸਿੰਘ ਸਰੋਆ ਸਕੱਤਰ ਐਸ.ਜੀ.ਪੀ.ਸੀ., ਦੋਆਬਾ ਅਤੇ ਮਾਲਵਾ ਖੇਤਰ ਨੇ ਮੁੱਖ ਮਹਿਮਾਨ ਅਤੇ ਹਰਪਾਲ ਸਿੰਘ ਜੱਲਾ, ਸਾਬਕਾ ਐਸਜੀਪੀਸੀ ਮੀਤ ਪ੍ਰਧਾਨ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ । ਹਰਪ੍ਰੀਤ ਸਿੰਘ, ਵਾਈਸ ਚੇਅਰਮੈਨ, ਸੀਟੀ ਗਰੁੱਪ, ਨੇ ਕਿਹਾ, ਸਾਨੂੰ ਵਿਰਸਾ ਸੰਭਲ ਗੱਤਕਾ ਪ੍ਰਦਰਸ਼ਨ ਦੀ ਮੇਜ਼ਬਾਨੀ ਕਰਕੇ ਬਹੁਤ ਖੁਸ਼ੀ ਹੋ ਰਹੀ ਹੈ, ਜੋ ਕਿ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਜੰਗੀ ਪਰੰਪਰਾਵਾਂ ਨੂੰ ਸ਼ਰਧਾਂਜਲੀ ਹੈ।

## ਨਗਰ ਕੀਰਤਨ ਦਾ ਸੁਖਚੈਨ ਨਗਰ ਵਿਖੇ ਭਰਵਾਂ ਸਵਾਗਤ

**ਫਗਵਾੜਾ ( ਜਸਵਿੰਦਰ ਢੱਡਾ, ਡਾ. ਰਮਨ)** ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਦਿਵਸ ਦੇ ਸਬੰਧ ਵਿੱਚ ਗੁਰਦੁਆਰਾ ਛੇਵੀ ਪਾਤਸ਼ਾਹੀ ਫਗਵਾੜਾ ਤੋਂ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵਲੋਂ ਸਜਾਏ ਗਏ ਨਗਰ ਕੀਰਤਨ ਦਾ ਸੁਖਚੈਨ ਨਗਰ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵੈਲਫੈਅਰ ਸੁਸਾਇਟੀ ਫਗਵਾੜਾ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲਾ ਸਾਹਿਬ ਅਤੇ ਪੰਜ ਪਿਆਰੇ ਸਹਿਬਾਨ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।ਸੰਗਤਾਂ ਲਈ ਪ੍ਰਸਾਦ ਵਰਤਾਇਆ ਗਿਆ।ਇਸ ਮੌਕੇ ਜਥੇਦਾਰ ਬਲਵਿੰਦਰ ਸਿੰਘ ਧਾਲੀਵਾਲ ਵਿਧਾਇਕ ਹਲਕਾ ਫਗਵਾੜਾ, ਜਤਿੰਦਰ ਸਿੰਘ ਖਾਲਸਾ, ਸੂਬੇਦਾਰ ਰਘਬੀਰ ਸਿੰਘ, ਅਵਤਾਰ ਸਿੰਘ ਮੈਨੇਜਰ, ਤਰਸੇਮ ਸਿੰਘ ਸੋਮੀ, ਅਨਿੰਦਰ ਕੌਰ, ਗੁਰਦੀਪ ਸਿੰਘ ਗਰੇਵਾਲ, ਜਤਿੰਦਰਪਾਲ ਸਿੰਘ ਪਲਾਹੀ, ਬਹਾਦਰ ਸਿੰਘ ਸੰਗਤਪੁਰ, ਜਸਵੀਰ ਸਿੰਘ ਸੱਗੂ, ਡਾ.ਗੁਰਨਾਮ ਸਿੰਘ ਰਸੂਲਪੁਰ ਪ੍ਰਿੰਸੀਪਲ, ਬੀਬੀ ਪਰਮਿੰਦਰ ਕੌਰ ਖਾਲਸਾ, ਸੁਖਲੀਨ ਕੌਰ, ਬੀਬੀ ਸੰਤੋਸ਼ ਕੌਰ, ਬੀਬੀ ਸਤਿੰਦਰ ਕੌਰ, ਰਮਨ ਕੌਰ, ਹਰਬਿੰਦਰ ਸਿੰਘ ਗੌਸ਼ਪੁਰ, ਬਲਵਿੰਦਰ ਸਿੰਘ ਚੇੜਾ, ਮਾਸਟਰ ਕਰਮਜੀਤ ਸਿੰਘ, ਹਰਵਿੰਦਰ ਸਿੰਘ ਬਾਵਾ, ਰਵਿੰਦਰ ਸਿੰਘ ਰਾਏ, ਅਤਵਿੰਦਰ ਸਿੰਘ ਠੇਕੇਦਾਰ, ਜਸਵੀਰ ਕੌਰ, ਸਤਿੰਦਰ ਸਿੰਘ, ਉਕਾਰ ਸਿੰਘ, ਸਤਨਾਮ ਸਿੰਘ ਫੋਰਮੈਨ, ਹਰਜੀਤ ਕੌਰ ਐਡਵੋਕੇਟ, ਅਮਨਦੀਪ ਸਿੰਘ, ਬੀਬੀ ਰਾਜਵਿੰਦਰ ਕੌਰ ਆਦਿ ਹਾਜ਼ਿਰ ਸਨ ।

## ਕਾਂਗਰਸ ਲੀਗਲ ਸੈੱਲ ਦੇ ਵਕੀਲਾਂ ਲੱਡੂ ਵੰਡੇ



**ਜਲੰਧਰ ( ਰਾਜੇਸ਼ ਥਾਪਾ )** ਜਲੰਧਰ ਕਾਂਗਰਸ ਲੀਗਲ ਸੈਲ ਦੇ ਵਕੀਲਾਂ ਵੱਲੋਂ ਚਰਨਜੀਤ ਸਿੰਘ ਚੰਨੀ ਨੂੰ ਕਾਂਗਰਸ ਵੱਲੋਂ ਜਲੰਧਰ ਦੀ ਲੋਕ ਸਭਾ ਚੋਣਾਂ ਲਈ ਉਮੀਦਵਾਰ ਐਲਾਨ ਕਰਨ ਲਈ ਲੱਡੂ ਵੰਡ ਕੇ ਖ਼ੁਸ਼ੀ ਮਨਾਈ ਗਈ। ਇਸ ਮੌਕੇ 'ਤੇ ਐਡਵੋਕੇਟ ਗੁਰਜੀਤ ਸਿੰਘ ਕਾਹਲੋਂ ਕਾਂਗਰਸ ਲੀਗਲ ਸੈੱਲ ਦੇ ਪ੍ਰਧਾਨ, ਐਡਵੋਕੇਟ ਰਾਜੂ ਅੰਬੇਡਕਰ, ਐਡਵੋਕੇਟ ਸਾਨੂੰ ਸਹੋਤਾ, ਐਡਵੋਕੇਟ ਰੋਹਿਤ ਗੰਭੀਰ, ਐਡਵੋਕੇਟ ਅੰਜਲੀ ਵਿਰਦੀ, ਐਡਵੋਕੇਟ ਪਿਆਰਾ ਰਾਮ ਐਡਵੋਕੇਟ ਸੂਰਜ ਲਾਡੀ, ਐਡਵੋਕੇਟ ਸੰਦੀਪ ਕਾਲੀਆ ਅਤੇ ਹੋਰ ਮੌਜੂਦ ਸਨ।

## ਹੰਬੜਾਂ ਵਿਖੇ 5 ਮੱਝਾਂ ਚੋਰੀ



**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਹੰਬੜਾਂ ਵਿਖੇ , ਮੱਝਾਂ ਚੋਰੀ ਹੋ ਗਈਆਂ । ਜਗਦੀਸ਼ ਸਿੰਘ ਪੁੱਤਰ ਅਮਰ ਸਿੰਘ ਪਿੰਡ ਢੱਟ ਨੇ ਦੱਸਿਆ ਕਿ ਸਾਡੀ ਜ਼ਮੀਨ ਪਿੰਡ ਹੰਬੜਾਂ ਵਿਖੇ ਹੈ ਮੈਂ ਰੋਜ਼ਾਨਾ ਦੀ ਤਰ੍ਹਾਂ ਆਪਣੀ ਹਵੇਲੀ ਵਿੱਚ ਰਾਤ ਸੁੱਤਾ ਹੋਇਆ ਸੀ ਬੀਤੀ ਰਾਤ ਡੇਢ ਵਜੇ ਕਰੀਬ ਉਠ ਕੇ ਦੇਖਿਆ ਤਾਂ ਮੇਰੇ ਪਸ਼ੂ ਸੀ, ਜਦੋਂ ਮੈ ਦੁਬਾਰਾ ਸਾਢੇ ਤਿੰਨ ਵਜੇ ਆਪਣੇ ਕਮਰੇ ਵਿਚੋਂ ਬਾਹਰ ਗਿਆ ਤਾਂ ਬਾਹਰੋਂ ਮੇਰੀਆਂ ਤਿੰਨ ਮੱਝਾਂ ਤਾਜ਼ੀਆਂ ਸੂਈਆਂ ਅਤੇ ਦੋ ਝੋਟੀਆਂ ਖੋਲੀਆਂ ਹੋਈਆਂ ਸਨ ਅਤੇ ਮੈਂ ਸਾਰੇ ਆਲੇ ਦੁਆਲੇ ਭਾਲ਼ ਕੀਤੀ ਨਹੀ ਮਿਲੀਆਂ । ਉਨ੍ਹਾਂ ਦਸਿਆ ਮੇਰਾ ਪੰਜ ਲੱਖ ਦੇ ਕਰੀਬ ਨੁਕਸਾਨ ਹੋ ਗਿਆ ਹੈ ਅਤੇ ਮੈਂ ਇਸ ਸੰਬੰਧੀ ਪੁਲਸ ਨੂੰ ਵੀ ਸੂਚਿਤ ਕਰ ਦਿੱਤਾ ਹੈ । ਇਸ ਮੌਕੇ ਜਸਪਾਲ ਸਿੰਘ, ਸਰੂਪ ਸਿੰਘ, ਸੁਲੱਖਣ ਸਿੰਘ, ਅਜਮੇਰ ਸਿੰਘ ਯੋਧਾ ਆਦਿ ਹਾਜ਼ਰ ਸਨ।

## ਮੁਖਲਿਆਣਾ ਵਿਖੇ ਚੋਰਾਂ ਨੇ ਬਣਾਇਆ ਗੁਰੂ ਘਰ ਨੂੰ ਨਿਸ਼ਾਨਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਪਿੰਡ ਮੁੱਖਲਿਆਣਾ ਗੁਰਦੁਆਰਾ ਸ਼੍ਰੀ ਸਿੰਘ ਸਭਾ ਸਾਹਿਬ ਵਿਖੇ ਬੀਤੀ ਰਾਤ ਅਣਪਛਾਤੇ ਚੋਰਾਂ ਨੇ ਗੋਲਕ ਤੋੜ ਨਗਦ ਨਗਦੀ ਚੋਰੀ ਕਰਕੇ ਫਰਾਰ ਹੋ ਗਏ। ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੱਸਿਆ ਕਿ 14 ਅਪ੍ਰੈਲ 2024 ਨੂੰ ਗੁੰਥੀ ਸਿੰਘਾਂ ਦੀ ਚੜ੍ਹਦੀ ਕਲਾ ਵਾਸਤੇ ਕੀਰਤਨ ਦਰਬਾਰ ਕਰਵਾਇਆ ਗਿਆ ਸੀ। ਜਿਸ ਵਿੱਚ ਪੰਥ ਦੇ ਮਹਾਨ ਢਾਡੀ ਅਤੇ ਕੀਰਤਨੀ ਜਥਿਆਂ ਨੇ ਹਿੱਸਾ ਲਿਆ। ਉਨ੍ਹਾਂ ਦੱਸਿਆ ਕਿ ਕੀਰਤਨ ਦਰਬਾਰ ਰਾਤੀ ਤਕਰੀਬਨ 11:30 ਦੇ ਕਰੀਬ ਸਮਾਪਤ ਹੋਇਆ ਅਤੇ ਸਮਾਪਤੀ ਵੇਲੇ ਜਦੋਂ ਕਮੇਟੀ ਮੈਂਬਰ ਅਤੇ ਸਾਰੀ ਸੰਗਤ ਆਪਣੇ ਘਰਾਂ ਨੂੰ ਚਲੇ ਗਈ ਤਾਂ ਤਕਰੀਬਨ 2:30 ਵਜੇ ਦੇ ਕਰੀਬ ਚੋਰਾਂ ਨੇ ਗੁਰੂ ਘਰ ਦੀ ਗੋਲਕ ਨੂੰ ਤੋੜ ਕੇ ਉਸ ਦੇ ਵਿੱਚੋਂ ਤਕਰੀਬਨ 40-50 ਹਜ਼ਾਰ ਦੀ ਰਕਮ ਕੱਢ ਕੇ ਲੈ ਗਏ, ਜੋ ਕਿ ਸੀਸੀਟੀਵੀ ਕੈਮਰੇ ਦੇ ਵਿੱਚ ਵੀ ਕੈਦ ਹੋ ਗਏ। ਪੁਲਸ ਨੂੰ ਸੂਚਿਤ ਕੀਤਾ ਗਿਆ ਤਾਂ ਰਿਪੋਰਟ ਦਰਜ ਕਰਕੇ ਸੀਸੀਟੀਵੀ ਫੁਟੇਜ ਵੀ ਦੇਖੀ ਹੈ ਅਤੇ ਭਰੋਸਾ ਦਵਾਇਆ ਕਿ ਇਹ ਚੋਰਾਂ ਨੂੰ ਜਲਦ ਤੋਂ ਜਲਦ ਗ੍ਰਿਫ਼ਤਾਰ ਕੀਤਾ ਜਾਵੇਗਾ।

## ਨਵਾਂ ਕਾਰ ਵਾਸ਼ ਸਟੇਸ਼ਨ ਖੁੱਲ੍ਹਾ



ਕਾਰ ਵਾਸ਼ ਸਰਵਿਸ ਸਟੇਸ਼ਨ ਦੇ ਉਦਘਾਟਨ ਮੌਕੇ ਸਾਈਂ ਅਜੈਬ ਸਿੰਘ ਤੇ ਹੋਰ।

**ਸ਼ਾਹਕੋਟ, (ਗਿਆਨ ਸੈਦਪੁਰੀ)**-ਮਲਸੀਆਂ ਰੋਡ ਸ਼ਾਹਕੋਟ ਵਿਖੇ ਸਾਈਂ ਅਜੈਬ ਸਿੰਘ ਅਤੇ ਸੰਨੀ ਨੇ ਸਾਂਝੇ ਤੌਰ 'ਤੇ ਜੈ ਬਾਬਾ ਮੁਰਾਦ ਸ਼ਾਹ ਕਾਰ ਵਾਸ਼ ਸਰਵਿਸ ਸਟੇਸ਼ਨ ਖੋਲ੍ਹਿਆ ਹੈ। ਇਸ ਦਾ ਉਦਘਾਟਨ ਸਾਈਂ ਅਜੈਬ ਸਿੰਘ ਨੇ ਕੀਤਾ। ਉਨ੍ਹਾਂ ਨੇ ਦੱਸਿਆ ਕਿ ਸਰਵਿਸ ਸਟੇਸ਼ਨ 'ਤੇ ਸਿੰਪਲ ਵਾਸ਼, ਫੋਮ ਵਾਸ਼, ਡਰਾਈਕਲੀਨ ਕੰਪਾਊਂਡ ਅਤੇ ਪੋਲਿਸ਼ ਦੀਆਂ ਸੇਵਾਵਾਂ ਉਪਲੱਬਧ ਹੋਣਗੀਆਂ। ਉਦਘਾਟਨ ਮੌਕੇ ਲੱਡੂ ਵੰਡੇ ਗਏ।

## ਭਗੌੜਾ ਗ੍ਰਿਫ਼ਤਾਰ

**ਟਾਂਡਾ ਉੜਮੁੜ ( ਜਸਵਿੰਦਰ ਸੰਧੂ ਉਂਕਾਰ ਸਿੰਘ )**- ਨਸ਼ੇ ਦੇ ਮਾਮਲੇ ਵਿੱਚ ਨਾਮਜਦ ਇੱਕ ਭਗੌੜਾ ਟਾਂਡਾ ਪੁਲਸ ਨੇ ਗ੍ਰਿਫਤਾਰ ਕੀਤਾ ਹੈ।

ਥਾਣਾ ਟਾਂਡਾ ਦੇ ਮੁੱਖੀ ਇੰਸਪੈਕਟਰ ਰਮਨ ਕੁਮਾਰ ਨੇ ਦੱਸਿਆ ਡੀ.ਐਸ.ਪੀ ਸਬ ਟਾਂਡਾ ਹਰਜੀਤ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਅਤੇ ਸਬ ਇੰਸਪੈਕਟਰ ਰਮਨ ਕੁਮਾਰ ਮੁੱਖ ਅਫਸਰ ਥਾਣਾ ਟਾਂਡਾ ਦੀ ਅਗਵਾਈ ਵਿਚ ਏ.ਐਸ.ਆਈ ਨਰਿੰਦਰ ਸਿੰਘ ਥਾਣਾ ਟਾਂਡਾ ਸਮੇਤ ਪੁਲਸ ਪਾਰਟੀ ਨੇ ਥਾਣਾ ਟਾਂਡਾ ਵਿੱਚ ਦਰਜ ਕੀਤੇ ਗਏ ਐਨ.ਡੀ.ਪੀ.ਐਸ ਐਕਟ ਦੇ ਮਾਮਲੇ ਵਿੱਚ ਭਗੌੜੇ ਨੂੰ ਗ੍ਰਿਫਤਾਰ ਕੀਤਾ ਹੈ, ਜਿਸਦੀ ਪਹਿਚਾਣ ਗੁਰਦੀਪ ਸਿੰਘ ਪੁੱਤਰ ਸੁਰਿੰਦਰ ਸਿੰਘ ਵਾਸੀ ਮੂਨਕ ਕਲਾਂ ਵਜੋ ਹੋਈ ਹੈ।

## ਗੁਰਦੁਆਰਾ ਸੰਤ ਗੁਲਾਬ ਸਿੰਘ ਵਿਖੇ ਮਨਾਇਆ ਵਿਸਾਖੀ ਦਿਹਾੜਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਗੁਰਦੁਆਰਾ ਸੰਤ ਬਾਬਾ ਗੁਲਾਬ ਸਿੰਘ ਮਹਲਾ ਪ੍ਰੀਤਮ ਨਗਰ ਹੁਸ਼ਿਆਰਪੁਰ ਵਿਖੇ ਖਾਲਸਾ ਸਾਜਨਾ ਦਿਵਸ ਵਿਸਾਖੀ ਦਾ ਦਿਹਾੜਾ ਮੁੱਖ ਸੇਵਾਦਾਰ ਬੀਬੀ ਹਰਜੀਤ ਕੌਰ ਦੀ ਦੇਖਰੇਖ ਹੇਠ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸਜਾਏ ਗਏ ਕੀਰਤਨ ਦੀਵਾਨ ਵਿੱਚ ਭਾਈ ਸਤਿੰਦਰ ਸਿੰਘ ਆਲਮ,ਬੀਬਾ ਮਨਦੀਪ ਕੌਰ,ਬੀਬਾ ਨਵਦੀਪ ਕੌਰ,ਕਿਰਨਦੀਪ ਕੌਰ,ਪ੍ਰਨੀਤ ਕੌਰ, ਦਮਨਜੀਤ ਕੌਰ ਅਤੇ ਹੋਰ ਜਥਿਆਂ ਨੇ ਧੁਰ ਕੀ ਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਉਪਰੰਤ ਸੰਗਤਾਂ ਨੂੰ ਸੰਬੋਧਨ ਕਰਦੀਆਂ ਬੀਬੀ ਹਰਜੀਤ ਕੌਰ ਮੁਖ ਸੇਵਾਦਾਰ ਨੇ ਖਾਲਸਾ ਸਾਜਨਾ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਮੁਬਾਰਕਬਾਦ ਦਿੰਦਿਆਂ ਖੰਡੇ ਬਾਟੇ ਦੀ ਪਾਹਲ ਛੱਕ ਕੇ ਗੁਰੂ ਵਾਲੇ ਬਣਨ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਸੰਤ ਹਰਪ੍ਰੀਤ ਸਿੰਘ ਸ਼ੇਰਪੁਰ ਖਾਮ, ਸੰਤ ਪਰਮਿੰਦਰ ਸਿੰਘ ਡਗਾਣੇ ਵਾਲੇ ਸਮੇਤ ਹੋਰ ਸੰਤ ਮਹਾਂਪੁਰਖ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀਆਂ ਅਤੇ ਗੁਰੂ ਕਾ ਲੰਗਰ ਛਕਿਆ ।



## ਸਰਕਾਰੀ ਕਾਲਜ 'ਚ ਸੈਮੀਨਾਰ ਤੇ ਭਾਸ਼ਣ ਮੁਕਾਬਲੇ ਕਰਵਾਏ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਸਾਗਰ ਦੀ ਅਗਵਾਈ ਵਿੱਚ ਹਿੰਦੀ ਵਿਭਾਗ ਤੇ ਮੁਖੀ ਵਿਜੇ ਕੁਮਾਰ ਅਤੇ ਸਟਾਫ ਮੈਂਬਰ ਜਸਵਿੰਦਰ ਕੌਰ, ਨੀਤੀ ਸ਼ਰਮਾ ਅਤੇ ਤਜਿੰਦਰ ਕੌਰ ਦੇ ਸਹਿਯੋਗ ਨਾਲ ਨਿਰਾਲਾ ਸਾਹਿਤ ਪਰਸ਼ਦ ਦੇ ਅਧੀਨ ਸੈਮੀਨਾਰ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਨਿਰਾਲਾ ਦੇ ਸਾਹਿਤ ਤੇ ਚਰਚਾ ਕੀਤੀ ਗਈ ਅਤੇ ਅੱਜ ਦੇ ਸਮੇਂ ਵਿੱਚ ਉਹਨਾਂ ਦੇ ਸਾਹਿਤ ਦੀ ਸਾਰਥਕਤਾ ਬਾਰੇ ਚਰਚਾ ਕੀਤੀ ਗਈ।ਹਿੰਦੀ ਵਿਭਾਗ ਦੇ ਮੁਖੀ ਵਿਜੇ ਕੁਮਾਰ ਨੇ ਨਿਰਾਲਾ ਦੇ ਜੀਵਨ ਤੇ ਸਾਹਿਤ ਬਾਰੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਉਹਨਾਂ ਦੇ ਸਾਹਿਤ ਦਾ ਮਹੱਤਵ ਜਿਨਾਂ ਉਨਾਂ ਦੇ ਸਮੇਂ ਵਿੱਚ ਸੀ ਅੱਜ ਵੀ ਉਸ ਦਾ ਉਨ੍ਹਾ ਹੀ ਹੈ। ਉਹਨਾਂ ਨੇ ਜੀਵਨ ਦੇ ਹਰ ਵਰਗ ਦੇ ਮਨੁੱਖ ਨੂੰ ਆਪਣੀ ਲੇਖਣੀ ਦਾ ਆਧਾਰ ਬਣਾਇਆ ਅਤੇ ਉਸ ਦੀ ਸਥਿਤੀ ਨੂੰ ਸਮਾਜ ਦੇ ਸਾਹਮਣੇ ਉਜਾਗਰ ਕੀਤਾ। ਇਸੇ ਤਰ੍ਹਾਂ ਉਹਨਾਂ ਨੇ ਨਾਰੀ ਦੀ ਦਸ਼ਾ ਦੀ ਹਕੀਕਤ ਨੂੰ ਆਪਣੀਆਂ ਕਵਿਤਾਵਾਂ ਵਿੱਚ ਪੇਸ਼ ਕੀਤਾ ।ਇਹ ਸਾਰੇ ਵਿਚਾਰ ਦੱਸਦੇ ਹਨ ਕਿ ਅੱਜ ਵੀ ਸਮਾਜ ਨੂੰ ਬਦਲਣ ਦੀ ਉਨੀ ਹੀ ਲੋੜ ਹੈ ਜਿਨੀ ਉਸ ਸਮੇਂ ਸੀ।ਐਸੋਸੀਏਟ ਪ੍ਰੋਫੈਸਰ ਨੀਤੀ ਸ਼ਰਮਾ, ਤਜਿੰਦਰ ਕੌਰ ਅਤੇ ਜਸਵਿੰਦਰ ਕੌਰ ਨੇ ਵੀ ਉਹਨਾਂ ਦੁਆਰਾ ਲਿਖੀਆਂ ਗਈਆਂ ਕਵਿਤਾਵਾਂ ਸਰੋਜ ਸਮ੍ਰਿਤੀ, ਰਾਮ ਦੀ ਸ਼ਕਤੀ ਪੂਜਾ, ਭਿਕਸ਼ੁਕ, ਕੁਕਰਮੁਕਤਾ, ਉਹ ਤੋੜਦੀ ਪੱਥਰ, ਵਿਧਵਾ, ਜੂਹੀ ਕੀ ਕਲੀ ਦਾ ਜਿਕਰ ਕਰਦੇ ਹੋਏ ਉਹਨਾਂ ਦੇ ਸਮਾਜ ਪ੍ਰਤੀ ਵਿਚਾਰ ਵਿਦਿਆਰਥੀਆਂ ਨਾਲ ਸਾਂਝੇ ਕੀਤੇ। ਇਸੇ ਤਰ੍ਹਾਂ ਵਿਦਿਆਰਥੀ ਸੁਭਾਸ਼ ਕੁਮਾਰ ਅਤੇ ਵਿਦਿਆਰਥਣ ਖੁਸ਼ਬੂ ਅਤੇ ਵੀਨਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ, ਹਿੰਦੀ ਦੇ ਸਟਾਫ ਮੈਂਬਰਾਂ ਤੋਂ ਇਲਾਵਾ ਵਿਦਿਆਰਥੀ ਵੀ ਇਸ ਸਮੇਂ ਹਾਜ਼ਰ ਸਨ।

## ਨਨਕਾਣਾ ਸਾਹਿਬ ਖਾਲਸਾ ਸਕੂਲ 'ਚ ਅੰਗਰੇਜ਼ੀ ਮੀਡੀਅਮ ਸ਼ੁਰੂ



**ਸੁਲਤਾਨਪੁਰ ਲੋਧੀ ( ਹਨੀ )** ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਇਸ ਸੈਸ਼ਨ ਤੋਂ ਅੰਗਰੇਜ਼ੀ ਮੀਡੀਅਮ ਦੀਆਂ ਕਲਾਸਾਂ ਸ਼ੁਰੂ ਕਰਨ ਸਮੇਂ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ ।

ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਮਰਤਾ ਕੌਰ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ, ਜਿਨ੍ਹਾਂ ਦਾ ਪ੍ਰਿੰਸੀਪਲ ਨਿਧੀ ਸੰਗੋਤਰਾ, ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਵਲੋਂ ਨਿੱਘਾ ਸਵਾਗਤ ਕੀਤਾ ਗਿਆ ।ਇਸ ਦੌਰਾਨ ਵਾਹਿਗੁਰੂ ਦਾ ਓਟ ਆਸਰਾ ਲੈਂਦਿਆਂ ਸ੍ਰੀ ਆਨੰਦ ਸਾਹਿਬ ਜੀ ਦੇ ਪਾਠ ਕਰਵਾਏ ਗਏ।ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਰਾਹੀਂ ਹਾਜਰੀਨ ਨੂੰ ਗੁਰੂ ਚਰਨਾਂ ਨਾਲ ਜੋੜਿਆ ਉਪਰੰਤ ਅਦਾਰੇ ਅਤੇ ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਲਈ ਅਰਦਾਸ ਕੀਤੀ ਗਈ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ ਅਤੇ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਸਟਾਫ਼ ਮੈਂਬਰਾਂ ਤੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਮੀਡੀਅਮ ਸ਼ੁਰੂ ਹੋਣ 'ਤੇ ਵਧਾਈ ਦਿੱਤੀ।ਉਨ੍ਹਾਂ ਕਿਹਾ ਸਵਰਗਵਾਸੀ ਆਤਮਾ ਸਿੰਘ ਨੇ ਇਲਾਕੇ 'ਚ ਜੋ ਵਿਦਿਆ ਦੇ ਮੰਦਰ ਖੋਲ੍ਹੇ ਗਏ ਹਨ, ਵਿਦਿਆਰਥੀਆਂ ਦੇ ਸੁਨਿਹਰੇ ਭਵਿੱਖ ਦੀ ਰਾਖੀ ਕਰਨ ਵਿਚ ਸਫਲ ਹੋ ਰਹੇ ਹਨ, ਜੋ ਵੱਡੇ ਮਾਨ ਵਾਲੀ ਗੱਲ ਹੈ।

ਇਸ ਮੌਕੇ ਹਰਜਿੰਦਰ ਸਿੰਘ, ਰਣਜੀਤ ਸਿੰਘ, ਸੁਖਵਿੰਦਰ ਸਿੰਘ, ਪਰਵੀਨ ਕੁਮਾਰੀ, ਨੀਨਾ ਕੁਮਾਰੀ, ਸੰਦੀਪ ਕੌਰ, ਅਮਨਦੀਪ ਕੌਰ, ਕੰਵਲਜੀਤ ਕੌਰ, ਮਨਪ੍ਰੀਤ ਕੌਰ, ਕਿਰਨ ਕੁਮਾਰੀ, ਹਿਨਾ, ਸੁਮਨ ਕੌਰ, ਵਿਸ਼ਾਖਾ, ਹਰਪ੍ਰੀਤ ਸਿੰਘ ਆਦਿ ਸਟਾਫ਼ ਮੈਂਬਰ ਹਾਜ਼ਰ ਸਨ।

## ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਨ 'ਤੇ ਸਿਖਿਆਰਥੀਆਂ ਵੱਲੋਂ ਰੈਲੀ



**ਬੰਗਾ (ਅਵਤਾਰ ਕਲੇਰ)** -ਆਈ ਟੀ ਆਈ(ਲੜਕੀਆਂ)ਨਵਾਂ ਸ਼ਹਿਰ ਵਿਖੇ ਡਾਕਟਰ ਭੀਮ ਰਾਓ ਅੰਬੇਡਕਰ ਦੇ ਜਨਮ ਦਿਨ 'ਤੇ ਰੈਲੀ ਕਰਦਿਆਂ ਪੰਜਾਬ ਸਟੂਡੈਂਟਸ ਯੂਨੀਅਨ ਦੀ ਆਈਟੀਆਈ ਕਮੇਟੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਅਤੇ ਸੈਕਟਰੀ ਗੁਰਸਿਮਰਨਜੀਤ ਸਿੰਘ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦੇ ਹੋਏ ਬਾਬਾ ਸਾਹਿਬ ਅੰਬੇਡਕਰ ਦੇ ਜੀਵਨ ਬਾਰੇ ਦਸਿਆ ਤੇ ਕਿਹਾ ਕਿ ਉਹਨਾਂ ਨੇ ਆਪਣੇ ਜੀਵਨ ਦੇ ਵਿੱਚ ਸਮੱਸਿਆਵਾਂ ਨੂੰ ਆਪਣੇ ਪਿੰਡੇ 'ਤੇ ਹੰਡਾਇਆ। ਡਾਕਟਰ ਭੀਮ ਰਾਓ ਅੰਬੇਡਕਰ ਨੇ ਜੋ ਜਾਤਪਾਤ ਦਾ ਦੁੱਖ ਹੰਡਾਇਆ ਉਸ ਨੂੰ ਅਜੇ ਵੀ ਬਰਕਰਾਰ ਰੱਖਿਆ ਜਾ ਰਿਹਾ ਹੈ,ਕਿਉਂਕਿ ਇਹ ਰਾਜਨੀਤਿਕ ਪਾਰਟੀਆਂ ਦੇ ਲਈ ਵੋਟ ਬੈਂਕ ਬਣ ਚੁੱਕਿਆ ਹੈ।ਆਗੂਆਂ ਨੇ ਕਿਹਾ ਕਿ ਜਾਤ ਪਾਤ ਨੂੰ ਖਤਮ ਕਰਨ ਦੇ ਲਈ ਪਹਿਲਾਂ ਤਾਂ ਕਿਰਤੀ ਵਰਗ ਦੇ ਲੋਕਾਂ ਕੋਲ ਆਪਣੀ ਜਮੀਨ ਹੋਣੀ ਚਾਹੀਦੀ,ਨਾਲ ਹੀ ਸਰਕਾਰ ਵਲੋਂ ਅੰਤਰਜਾਤੀ ਵਿਆਹ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ,ਜਾਤ ਪਾਤ ਦੇ ਖਾਤਮੇ ਦੇ ਲਈ ਦਲਿਤਾਂ ਦਾ ਸਮਾਜ ਦੇ ਵਿੱਚ ਬਰਾਬਰੀ ਦਾ ਰੁਤਬਾ ਵੀ ਹੋਣੇ ਚਾਹੀਦਾ ਹੈ,ਜਿਸ ਨੂੰ ਸਮੇਂ ਸਮੇਂ ਦੀਆਂ ਸਰਕਾਰਾਂ ਵੱਲੋਂ ਅਣਗੌਲਿਆ ਕੀਤਾ ਜਾ ਰਿਹਾ ਹੈ।ਨਾਲ ਦੀ ਨਾਲ ਕੇਂਦਰ ਦੀ ਸਰਕਾਰ ਦੁਆਰਾ ਭਾਰਤੀ ਸੰਵਿਧਾਨ ਦੇ ਵਿੱਚ ਮਨਮਰਜ਼ੀ ਦੇ ਨਾਲ ਲੋਕ ਵਿਰੋਧੀ ਕਾਨੂੰਨ ਬਣਾਏ ਜਾ ਰਹੇ ਹਨ,ਸੀਬੀਆਈ,ਈਡੀ ਅਤੇ ਹੋਰ ਸਰਕਾਰੀ ਡਿਪਾਰਟਮੈਂਟਾਂ ਦੀ ਖੁੱਲੇ ਆਮ ਦੁਰਵਰਤੋਂ ਕੀਤੀ ਜਾ ਰਹੀ ਹੈ,ਜਿਸ ਦੇ ਸਿੱਟੇ ਵਜੋਂ ਅਤੇ ਦੇਸ਼ ਦੇ ਵਿੱਚ ਘੱਟ ਗਿਣਤੀਆਂ ਦੇ ਮਨ ਵਿੱਚ ਬੇਚੈਨੀ ਪੈਦਾ ਹੋ ਰਹੀ ਹੈ।ਆਗੂ ਗੁਰਸਿਮਰਨਜੀਤ ਸਿੰਘ ਨੇ ਕਿਹਾ ਕਿ ਜੱਦ ਤੱਕ ਦੇਸ਼ ਵਿੱਚ ਜਾਤਪਾਤ ਨਾਮ ਦੀ ਬੀਮਾਰੀ ਰਹੇਗੀ ਓਦੋ ਤੱਕ ਦੇਸ਼ 'ਚ ਤੱਰਕੀ ਨਹੀਂ ਹੋ ਸਕਦੀ ਤੇ ਨਾਲ ਹੀ ਬੁਲਾਰਿਆਂ ਨੇ ਲੜਕੀਆਂ ਦੀ ਸੁਰੱਖਿਆ ਦੀ ਗੱਲ ਕਰਦਿਆਂ ਨਾਭੇ ਦੇ ਰਿਪੁਦਮਨ ਕਾਲਜ ਪਟਿਆਲਾ ਵਿਚ ਲੜਕੀ ਨਾਲ ਹੋਈ ਰੇਪ ਦੀ ਘਟਨਾ ਨੂੰ ਮੰਦਭਾਗੀ ਦੱਸਦਿਆਂ ਕਿਹਾ ਕਿ ਅਦਾਲਤ ਨੂੰ ਫਾਸਟ ਟਰੈਕ ਚਲਾ ਕੇ ਪੀੜਤ ਨੂੰ ਇਨਸਾਫ ਅਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।ਇਸ ਦੇ ਨਾਲ ਹੀ ਲੜਕੀਆਂ ਨੂੰ ਆਪਣੀ ਸੁੱਰਖਿਆ ਆਪ ਕਰਨ ਲਾਈ ਵੀ ਜਾਗਰੂਕ ਕੀਤਾ ਗਿਆ । ਇਸ ਮੌਕੇ ਆਈਈਟੀਈ ਕਮੇਟੀ ਦੇ ਮੀਤ ਪ੍ਰਧਾਨ ਵਿੱਕੀ ਕੁਮਾਰ,ਕਮੇਟੀ ਮੈਂਬਰ ਦਿਆ ਰਾਮ,ਅਭਿਸ਼ੇਕ ਕੁਮਾਰ ਅਤੇ ਆਈਈਟੀਈ ਲੜਕੀਆਂ ਦੀਆਂ ਵਿਦਿਆਰਥਣਾਂ ਹਾਜ਼ਰ ਸਨ।

## ਅਮਰ ਕੌਰ-ਚਰਨ ਕੌਰ ਵੈੱਲਫੇਅਰ ਸੁਸਾਇਟੀ ਨੇ ਮੁਫ਼ਤ ਮੈਡੀਕਲ ਕੈਂਪ ਲਗਾਇਆ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ )** ਅਮਰ ਕੌਰ- ਚਰਨ ਕੌਰ ਵੈਲਫੇਅਰ ਸੁਸਾਇਟੀ ਭੁੰਗਰਨੀ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਪਿੰਡ ਭੁੰਗਰਨੀ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ।ਸੁਸਾਇਟੀ ਪ੍ਰਧਾਨ ਜਸਬੀਰ ਸਿੰਘ ਮਿਨਹਾਸ ਅਤੇ ਪ੍ਰਧਾਨ ਸੁਰਜੀਤ ਸਿੰਘ ਮਸੂਤਾ ਨੇ ਦੱਸਿਆ ਕਿ ਮੁਫਤ ਮੈਡੀਕਲ ਦਾ ਮੁੱਖ ਮਹਿਮਾਨ ਮੈਡਮ ਊਸ਼ਾ ਰਾਣੀ ਐਸ ਐਚ ਓ ਮੇਹਟੀਆਣਾ ਨੇ ਅਰਦਾਸ ਹੋਣ ਤੋਂ ਬਾਅਦ ਰੀਬਨ ਕੱਟ ਕੇ ਉਦਘਾਟਨ ਕੀਤਾ ਗਿਆ। ਕੈਂਪ ਦੌਰਾਨ 200 ਦੇ ਕਰੀਬ ਮਰੀਜ਼ਾਂ ਦੀ ਜਾਂਚ ਕੀਤੀ ਗਈ। ਡਾਕਟਰਾਂ ਦੀ ਮਾਹਿਰ ਟੀਮ ਨੇ ਈ ਸੀ ਜੀ 43, ਬਲੱਡ ਸ਼ੂਗਰ 58, ਐਚ ਵੀ 22 ਮਰੀਜ਼ਾਂ ਦੀ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ।ਕੈਪੀਟੌਲ ਹਸਪਤਾਲ ਜਲੰਧਰ ਤੋਂ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਦੇ ਦਿਲ ਦੇ ਰੋਗ, ਕੈਂਸਰ, ਗੋਡੇ, ਚੂਲੇ ਅਤੇ ਹੋਰ ਮੈਡੀਕਲ ਜਾਂਚ ਮੁਫਤ ਕੀਤੀ ਈ.ਸੀ.ਜੀ. ਅਤੇ ਬਲੱਡ ਸ਼ੂਗਰ ਦੇ ਟੈਸਟ ਮੁਫਤ ਕੀਤੇ ਗਏ ਅਤੇ ਲੋੜ ਆਨੁਸਾਰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ।ਕੈਂਪ ਵਿੱਚ ਮਾਹਰ ਡਾ: ਸੀ.ਐਸ. ਪੁਰਥੀ, ਡਾ: ਹਰਨੂਰ ਸਿੰਘ ਪੁਰਥੀ, ਡਾ. ਅਜੀਤ ਪਾਲ ਸਿੰਘ, ਡਾ: ਗੁਰਪ੍ਰੀਤ ਜੋਸਨ, .ਡਾ.ਹਿਮਾਂਸ਼ੂ, ਡਾ.ਬਲਜਿੰਦਰਪਾਲ ਸਿੰਘ ,ਕਪੂਰ ਏ. ਐਸ. ,ਵਿਕਾਸ ਸੂਦ ਆਦਿ ਆਪਣੀ ਟੀਮ ਸਮੇਤ ਪਹੁੰਚੇ । ਇਸ ਕੈਂਪ ਨੂੰ ਵਿਸ਼ੇਸ਼ ਸਹਿਯੋਗ ਡਾ: ਹਰਦੇਵ ਸਿੰਘ ਪਰਹਾਰ, ਜਸਵਿੰਦਰ ਕੌਰ ਪਰਹਾਰ ਯੂ -ਐਸ. ਏ. ਸਰਪ੍ਰਸਤ ਸੁਸਾਇਟੀ ਅਤੇ ਜਗਤਾਰ ਸਿੰਘ ਭੁੰਗਰਨੀ , ਪਰਮਿੰਦਰ ਸਿੰਘ ਪੋਸੀ, ਸੀ.ਏ. ਪਰਵਿੰਦਰ ਪੋਸੀ, ਬਲਵੀਰ ਸਿੰਘ ਫੁਗਲਾਣਾ, ਸਤਨਾਮ ਸਿੰਘ ਪਰਹਾਰ, ਬਲਬੀਰ ਸਿੰਘ ਤੰਬੜ , ਹੈਡ ਗ੍ਰੰਥੀ ਭਾਈ ਸੁਖਚੈਨ ਸਿੰਘ ਜੀ, ਗੁਰਪ੍ਰੀਤ ਸਿੰਘ ਗੋਪੀ, ਮਿੰਨੀ ਲੋਈ, ਜਥੇਦਾਰ ਬਲਵੀਰ ਸਿੰਘ ਫੁਗਲਾਣਾ, ਜਸਵਿੰਦਰ ਸਿੰਘ ਸੰਘਾ ਮੋਨਾ ਕਲਾਂ, ਬਲਵਿੰਦਰ ਸਿੰਘ, ਧਨਵੰਤ ਸਿੰਘ ਆਦਿ ਹਾਜ਼ਰ ਸਨ।ਡਾਕਟਰਾਂ ਅਤੇ ਸਹਿਯੋਗੀਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ।